

# ਰਣਭੂਮੀ-ਅਮਰੀਕਾ

## (ਬੱਚਿਆਂ ਦੀ ਵਿੱਦਿਆ ਲਈ ਸੰਘਰਸ਼)

ਕੈਪਟਨ ਅਮਰਜੀਤ ਸਿੰਘ ਕਾਲੇਕਾ

# ਰਣਭੂਮੀ-ਅਮਰੀਕਾ

**ਇਸੇ ਕਲਮ ਤੋਂ:**

**Battle Front-America (English)**

# ਰਣਭੂਮੀ-ਅਮਰੀਕਾ

ਲੇਖਕ:
ਅਮਰਜੀਤ ਸਿੰਘ ਕਾਲੇਕਾ

ਪਬਲੀਕੇਸ਼ਨ:
ਸ਼ਹੀਦ-ਏ-ਆਜ਼ਮ ਪਬਲੀਕੇਸ਼ਨ, ਪਟਿਆਲਾ

# ਰਣਭੂਮੀ-ਅਮਰੀਕਾ


## ਕੈਪਟਨ ਅਮਰਜੀਤ ਸਿੰਘ ਕਾਲੇਕਾ

63- ਸੈਂਚਰੀ ਐਨਕਲੇਵ, ਨਾਭਾ ਰੋਡ, ਪਟਿਆਲਾ
ਮੋਬਾਇਲ 98782-39940
ਈ ਮੇਲ: captkaleka@yahoo.com
ਵੈਬਸਾਈਟ: www.captainaskaleka.com



ISBN: 978-93-84789-86-2


ਕਾਪੀਰਾਈਟ: © ਲੇਖਕ


ਪਹਿਲਾ ਐਡੀਸ਼ਨ: 2018

ਕੀਮਤ: 175/- (5 ਅਮਰੀਕਨ ਡਾਲਰ)

ਪ੍ਰਕਾਸ਼ਕ: ਸ਼ਹੀਦ-ਏ-ਆਜ਼ਮ ਪਬਲੀਕੇਸ਼ਨ

ਪ੍ਰਿੰਟਿੰਗ: ਸ਼ਹੀਦ-ਏ-ਆਜ਼ਮ ਪ੍ਰੈੱਸ ਐਂਡ ਹਾਸਪੀਟੈਲਿਟੀ ਪ੍ਰਾਈਵੇਟ ਲਿਮ.
ਪਟਿਆਲਾ, 98146-32807

# ਸਮਰਪਣ

ਮੇਰੀ ਸ਼ਰੀਕ-ਏ-ਹਯਾਤ ਸ੍ਰੀਮਤੀ ਜਸਮਿੰਦਰ ਕੌਰ ਨੂੰ, ਜਿਸ ਨੇ ਜ਼ਿੰਦਗੀ ਦੇ ਵੱਖ-ਵੱਖ ਮਰਹਲਿਆਂ ਤੇ ਮੇਰਾ ਸਾਥ ਦਿੱਤਾ। ਮੇਰੇ ਪਿਆਰੇ ਸਪੁੱਤਰ ਇੰਜੀ. ਗੁਰਮੀਤ ਸਿੰਘ ਅਤੇ ਡਾ. ਗੁਰਜੀਤ ਸਿੰਘ ਅਤੇ ਉਹਨਾਂ ਦੇ ਪਰਿਵਾਰਾਂ ਦੇ ਨਾਂ, ਜਿਹਨਾਂ ਨੇ ਪਰਵਾਸ ਵਿਚ ਵੀ ਸਾਬਤ ਸੂਰਤ ਰਹਿੰਦਿਆਂ ਹੋਇਆਂ ਆਪਣੇ ਪਿਤਾ-ਪੁਰਖੀ ਅਕੀਦੇ ਨੂੰ ਸਾਂਭ ਕੇ ਰੱਖਿਆ ਅਤੇ ਆਪਣੇ-ਆਪਣੇ ਖੇਤਰ ਵਿਚ ਸਫ਼ਲ ਇਨਸਾਨ ਬਣ ਕੇ ਮੈਨੂੰ ਮਾਣ ਦਿੱਤਾ।

# ਤਤਕਰਾ


1. ਜਾਣ-ਪਛਾਣ 10
2. ਯੋਜਨਾਬੰਦੀ 14
3. ਜਾਇਦਾਦ ਸਬੰਧੀ 19
4. ਅਮਰੀਕਾ ਲਈ ਰਵਾਨਗੀ 23
5. ਪਹਿਲਾ ਵਪਾਰ ਖਰੀਦਣਾ 28
6. ਵਪਾਰ ਅਤੇ ਸਾਡੀ ਪਛਾਣ 32
7. ਦੂਜਾ ਵਪਾਰ 1994 39
8. ਪਹਿਲਾ ਘਰ ਖਰੀਦਣਾ 45
9. ਤੀਜਾ ਵਪਾਰ 49
10. ਚੌਥਾ ਵਪਾਰ ਤੇ 9/11 53
11. ਟਰੱਕ ਸਟਾਪ 58
12. 11 ਏਕੜ ਦਾ ਘਰ ਅਤੇ ਤਿੰਨ ਵਪਾਰ 62
13. 2008 ਤੋਂ 2013 ਅਮਰੀਕਾ ਵਿਚ ਆਰਥਿਕ ਮੰਦਵਾੜੇ ਦਾ ਸਮਾਂ 68
14. ਮੌਕਾ 73
15. ਵਡਭਾਗਾ ਘਰ 78
16. ਵਿਦਿਆ ਦਾ ਪੁਸ਼ਤੈਨੀ ਸਬੰਧ 84
17. ਸਾਡੇ ਬੱਚੇ ਤੇ ਉਨ੍ਹਾਂ ਦੀ ਵਿਦਿਆ 89
18. ਮੇਰੀ ਆਪਣੀ ਵਿਦਿਆ 94
19. ਅਮਰੀਕਾ ਦਾ ਸਮਾਜਿਕ ਜੀਵਨ 97
20. ਉਨ੍ਹਾਂ 18 ਸਾਲਾਂ ਦੀਆਂ ਕੁਝ ਕਹਾਣੀਆਂ 102
21. ਘਰ ਖਰੀਦਣਾ - ਕੁਝ ਨੁਕਤੇ 107
22. ਵਪਾਰ ਖਰੀਦਣਾ - ਕੁਝ ਨੁਕਤੇ 110
23. ਵਪਾਰ ਚਲਾਉਣਾ - ਕੁਝ ਨੁਕਤੇ 114
24. ਸਿੱਟਾ 119
25. ਅਨੁਬੰਧ-ਪਰਿਵਾਰ ਅਤੇ ਵਿਦਿਅਕ ਪਿਛੋਕੜ 122
26. ਅਮਰੀਕਾ ਦੀ ਛੋਟੀ ਫੇਰੀ 136

# ਪ੍ਰਸਤਾਵਨਾ

ਸਰਹੱਦਾਂ ਦੇਸ਼ ਦੀ ਜਵਾਨੀ ਨੂੰ ਸਦਾ ਹੀ ਲਲਕਾਰਦੀਆਂ ਰਹੀਆਂ ਹਨ। ਪਰ 1962 ਵਿਚ ਜਦੋਂ ਚਿਰ ਸੁਤੀਆਂ ਸ਼ੀਤ ਸਮਾਧੀਰਤ ਭਾਰਤ-ਚੀਨ ਸੀਮਾਵਾਂ ਨੂੰ ਡਰੈਗਨ ਦੇ ਖੂਨੀ ਪੰਜੇ ਨੇ ਪੰਚਸ਼ੀਲ ਦਾ ਚੋਲਾ ਪਹਿਣ ਝੰਜੋੜ ਦਿੱਤਾ ਤਾਂ ਪੂਰਾ ਇਕ ਦਹਾਕਾ (1962-1971) ਦੇਸ਼ ਜਵਾਨਾਂ ਦੇ ਖੂਨ ਦੀ ਬਲੀ ਮੰਗਦਾ ਰਿਹਾ। ਇਸੇ ਹੀ ਦਹਾਕੇ ਦੇ ਅੱਜ ਵਿਚ ਐੱਮ.ਏ. ਦੀ ਡਿਗਰੀ ਪ੍ਰਾਪਤ ਕਰ ਪ੍ਰੋਫੈਸਰ ਬਣਨ ਦੇ ਸੁਪਨੇ ਵੇਖਦਿਆਂ ਨੌਜਵਾਨ ਅਮਰਜੀਤ ਸਿੰਘ ਕਾਲੇਕਾ ਨੇ ਸਰਹੱਦਾਂ ਦੀ ਵੰਗਾਰ ਨੂੰ ਸਵੀਕਾਰਦੇ ਹੋਏ ਫੌਜੀ ਅਫ਼ਸਰ ਦੀ ਵਰਦੀ ਧਾਰਨ ਕਰਕੇ 1965 ਵਿਚ ਭਾਰਤ-ਪਾਕਿ ਸਰਹੱਦ 'ਤੇ ਦੁਸ਼ਮਣ ਨਾਲ ਲੋਹਾ ਲੈਂਦਿਆਂ ਬਹਾਦਰੀ ਦਾ ਸਨਮਾਨ ਪ੍ਰਾਪਤ ਕੀਤਾ। ਪਰ ਰਣ-ਭੂਮੀ ਵਿਚ ਸਦਾ ਟਿਕਣ ਦੀ ਲੋੜ ਨਹੀਂ ਹੁੰਦੀ, ਨਵੇਂ ਮੋਰਚੇ, ਨਵੀਆਂ ਮੁਹਾੜਾਂ ਅਤੇ ਨਵੇਂ ਦਿਸਹੱਦੇ ਸਦਾ ਪੁਕਾਰਦੇ ਰਹਿੰਦੇ ਹਨ।

ਜੀਵਨ ਨੇ ਮੋੜ ਲਿਆ ਤੇ ਅਮਰਜੀਤ ਸਿੰਘ ਪ੍ਰੋਫੈਸਰ ਬਣ ਗਿਆ। ਹੋਰ ਮੋੜ ਆਇਆ ਤੇ ਅਫ਼ਸਰਸ਼ਾਹੀ ਵਿਚ ਪੈਰ ਰੱਖਿਆ। ਕੈਰੀਅਰ ਦੀਆਂ ਚੜ੍ਹਾਈਆਂ ਚੜ੍ਹਦੇ-ਚੜ੍ਹਦੇ 1992 ਵਿਚ ਉਹ ਸ਼ਿਖ਼ਰ ਆਇਆ ਜਿਥੋਂ ਭਾਰਤ ਦੀ ਸਰਵਉੱਚ ਸੇਵਾ ਆਈ.ਏ.ਐੱਸ. ਕੇਵਲ ਇਕ ਨੋਟੀਫਿਕੇਸ਼ਨ ਦੀ ਦੂਰੀ 'ਤੇ ਸੀ ਤਾਂ ਇਸ ਅਣਥੱਕ ਪਾਂਧੀ ਨੇ ਇਕ ਨਵੇਂ ਦਿਸਹੱਦੇ 'ਤੇ ਨਜ਼ਰ ਟਿਕਾ ਕੇ ਇਕ ਨਵੀਂ ਰਣਭੂਮੀ ਸਰ ਕਰਨ ਲਈ ਸਮੇਤ ਪਰਿਵਾਰ ਅਮਰੀਕਾ ਦੀ ਅਣਜਾਣ ਪਰ ਸੁਪਨੀਲੀ ਧਰਤੀ ਤੇ ਜਾ ਕੇ ਪੈਰ ਰੱਖ ਦਿੱਤਾ। ਇਸ ਅਚਾਨਕ ਲਏ ਦਿਸ਼ਾ ਮੋੜੂ ਤੇ ਸਾਹਸਿਕ ਫ਼ੈਸਲੇ ਪਿੱਛੇ ਜੇ ਲੇਖਕ ਤੋਂ ਪੁੱਛੋ ਤਾਂ ਉਹ ਸਹਿਜ-ਸੁਭਾਇ ਕਹਿੰਦਾ ਹੈ ਕਿ ਬੱਚਿਆਂ ਦੀ ਉਚੇਰੀ ਸਿੱਖਿਆ ਦੀ ਚਾਹਤ ਹਿੱਤ ਲਿਆ ਫ਼ੈਸਲਾ ਸੀ। ਪਰ ਮਨੁੱਖ ਦੇ ਚੇਤ ਤੇ ਸਮਝਦਾਰੀ ਨਾਲ ਲਏ ਫ਼ੈਸਲੇ ਪਿੱਛੇ ਵੀ ਅਚੇਤ ਮਨ ਦੀਆਂ ਸਮੂਹਿਕ ਪੂਰ-ਅਪੂਰ ਇਛਾਵਾਂ ਤੇ ਚੇਸ਼ਠਾਵਾਂ ਦੀ ਲੰਬੀ ਲੜੀ ਹੁੰਦੀ ਹੈ। ਇਸ ਸੰਦਰਭ ਵਿਚ ਮਨੁੱਖ ਦੇ ਪਿਛੋਕੜ ਵਿਚੋਂ ਤਿੰਨ ਮਹੱਤਵਪੂਰਨ ਤੇ ਸ਼ਕਤੀਸ਼ਾਲੀ ਬਿੰਬ ਮੇਰੇ ਸਾਹਮਣੇ ਉੱਭਰਦੇ ਹਨ।

ਪਹਿਲਾ ਯੂਨਾਨ ਦੇ ਆਦਿ ਕਵੀ ਹੋਮਰ ਦੁਆਰਾ ਅਮਰ ਯੂਨਾਨੀ ਮਹਾਂ ਯੋਧਾ ਯੂਲੀਸਿਜ਼ ਜੋ ਜੀਵਨ ਦੇ ਅੰਤਲੇ ਪੜਾਅ ਤੱਕ ਨਵੇਂ ਦੇਸ਼, ਨਵੇਂ ਰਿਵਾਜ, ਨਵੇਂ ਧਰਮ ਅਤੇ ਨਵੇਂ ਸੱਭਿਆਚਾਰਾਂ ਦੀ ਖੋਜ ਕਰਦਾ ਕਹਿ ਗਿਆ

It is not too late to seek a newer world_________

ਦੂਸਰਾ ਆਰੀਆ ਲੋਕਾਂ ਦਾ ਮੱਧ ਏਸ਼ੀਆ ਨੂੰ ਛੱਡ ਕੇ ਘਾਹ ਤੇ ਪਾਣੀ ਦੀ ਖੋਜ ਵਿਚ ਪੂਰਬ ਤੇ ਪੱਛਮ ਵੱਲ ਨਿਕਲਣਾ ਤੇ ਫਲਸਰੂਪ ਯੂਰਪੀਅਨ ਤੇ ਏਸ਼ੀਅਨ ਸੱਭਿਆਤਾਵਾਂ ਦਾ ਵਿਕਾਸ ਕਰਨਾ। ਉਹਨਾਂ ਹੀ ਆਰੀਆ ਲੋਕਾਂ ਦੀ ਅਸੀਂ ਵੰਸ਼ਜ ਹਾਂ।

ਤੀਸਰਾ ਸਾਡੇ ਬਾਬੇ ਨਾਨਕ ਦਾ ਚੰਗੇ ਪਿੰਡ ਵਾਸੀਆਂ ਨੂੰ ਵਿਰੋਧਾਭਾਸੀ ਵਰਦਾਨ "ਜਾਓ ਉਜੜ ਜਾਓ ਤੇ ਸਾਰੀ ਦੁਨੀਆਂ ਵਿਚ ਆਪਣੇ ਸਦਗੁਣ ਫੈਲਾਓ।" ਇਹੋ ਹੀ ਤਿੰਨੇ ਅਚੇਤ ਤਾਕਤਾਂ ਹਨ ਜੋ ਅਮਰਜੀਤ ਸਿੰਘ ਵਰਗੇ ਅਨੇਕਾਂ ਹੀ ਪ੍ਰਤਿਭਾਵਾਨ ਤੇ ਯੋਗ ਅਫ਼ਸਰਾਂ ਨੂੰ ਵੱਸਦੇ ਰੱਸਦੇ ਘਰ ਬਾਰ ਛੱਡ ਕੇ ਸੱਤ ਸਮੁੰਦਰੋਂ ਪਾਰ ਮੁੱਢ ਤੋਂ

ਆਪਣੀਆਂ ਜੜ੍ਹਾਂ ਲਾਉਣ ਦੇ ਰਸਤੇ ਪਾ ਦਿੱਤਾ।

ਪੰਜਾਬੀਆਂ ਲਈ ਇਹ ਸਿਲਸਿਲਾ ਲਗਪਗ ਇਕ ਸਦੀ ਤੋਂ ਚਲ ਰਿਹਾ ਹੈ ਅਤੇ ਅੱਜ ਅਸੀਂ ਆਪਣੇ ਡਾਇਸਪੋਰਾ ਦੀਆਂ ਪ੍ਰਾਪਤੀਆਂ ਤੇ ਸਫਲਤਾਵਾਂ ‘ਤੇ ਮਾਣ ਕਰ ਸਕਦੇ ਹਾਂ ਕਿ ਇਹਨਾਂ ਨੇ ਨਿਊਜ਼ੀਲੈਂਡ ਤੋਂ ਲੈ ਕੇ ਅਮਰੀਕਾ, ਕੈਨੇਡਾ ਤੱਕ ਅਨੇਕਾਂ ਹੀ ਮਿੰਨੀ ਪੰਜਾਬ ਸਥਾਪਿਤ ਕਰਕੇ ਉਥੋਂ ਦੇ ਸਮਾਜਿਕ ਸੱਭਿਆਚਾਰਕ ਤੇ ਰਾਜਨੀਤਕ ਢਾਂਚੇ ਦਾ ਅਭਿੰਨ ਅੰਗ ਬਣ ਗਏ ਹਨ। ਅਮਰਜੀਤ ਸਿੰਘ ਕਾਲੇਕਾ ਦੇ ਪਰਿਵਾਰ ਵਿਚ ਇਹ ਪ੍ਰਵਾਸੀ ਜੀਨਸ ਮੁਢ ਤੋਂ ਹੀ ਮੌਜੂਦ ਸਨ, ਜਦੋਂ 1870 ਈ. ਵਿਚ ਇਹਨਾਂ ਦੇ ਪੂਰਵਜਾਂ ਨੇ ਬੱਚਿਆਂ ਦੀ ਚੰਗੇਰੀ ਵਿੱਦਿਆ ਤੇ ਨੌਕਰੀ ਲਈ ਦੁਗਾਲ ਪਿੰਡ ਛੱਡ ਕੇ ਪੱਕੇ ਤੌਰ ਤੇ ਪਟਿਆਲਾ ਆ ਕੇ ਵੱਸਣ ਦਾ ਫ਼ੈਸਲਾ ਕਰ ਲਿਆ ਸੀ।

ਫੌਜ, ਕਾਲਜ ਅਧਿਆਪਨ ਅਤੇ ਅਫ਼ਸਰਸ਼ਾਹੀ ਦੇ ਲੰਬੇ ਤੇ ਬਹੁ-ਪੱਖੀ ਤਜ਼ਰਬੇ ਨਾਲ ਲੈਸ ਅਮਰਜੀਤ ਸਿੰਘ ਕਾਲੇਕਾ ਨੂੰ ਅਮਰੀਕਾ ਦੀ ਵਿਦੇਸ਼ੀ ਧਰਤੀ ਤੇ ਪੈਰ ਜਮਾਉਣ ਵਿਚ ਬਹੁਤੀ ਦੇਰ ਨਹੀਂ ਲੱਗੀ। ਇਹਨਾਂ ਦੇ ਤਿੰਨ ਛੋਟੇ ਭਰਾ ਪਹਿਲਾਂ ਹੀ ਉਥੇ ਬਹੁਤ ਵਧੀਆ ਢੰਗ ਨਾਲ ਆਪਣਾ ਕਾਰੋਬਾਰ ਚਲਾ ਰਹੇ ਸਨ। ਸੁਭਾਵਿਕ ਹੀ ਸੀ ਕਿ ਉਹਨਾਂ ਨੇ ਸ਼ੁਰੂ-ਸ਼ੁਰੂ ਵਿਚ ਇਹਨਾਂ ਦੀ ਹਰ ਪੱਖੋਂ ਮੱਦਦ ਕੀਤੀ। ਪਰ ਵਾਹਿਗੁਰੂ ਨੇ ਕਾਲੇਕਾ ਨੂੰ ਨਿਮਰ, ਮਿਠ ਬੋਲੜਾ ਤੇ ਹਾਜ਼ਰ ਜਵਾਬੀ ਦਾ ਸੁਭਾਅ ਦੇ ਕੇ ਲੋਕਾਂ ਦੇ ਦਿਲ ਜਿੱਤਣ ਤੇ ਆਪਣਾ ਬਣਾਉਣ ਦੀ ਕਲਾ ਮਣਾਂ ਮੂੰਹੀ ਬਖਸ਼ੀ ਹੋਈ ਹੈ। ਆਪਣੇ ਇਹਨਾਂ ਹੀ ਗੁਣਾਂ ਸਦਕਾ ਕਾਲੇਕਾ ਬਹੁਤ ਜਲਦੀ ਇਕ ਸਫ਼ਲ ਬਿਜ਼ਨਸਮੈਨ ਤੇ ਉੱਦਮੀ ਬਣ ਗਿਆ। ਰੀਅਲ ਅਸਟੇਟ ਜਾਂ ਪੈਟਰੋਲ ਪੰਪਾਂ ਵਰਗਾ ਵੱਡਾ ਵਪਾਰ ਬੈਂਕ ਲੋਨ ਦੇ ਸਿਰ ਤੇ ਚਲ ਸਕਦਾ ਹੈ ਤੇ ਕਾਲੇਕਾ ਲਈ ਸਖ਼ਤ ਤੋਂ ਸਖ਼ਤ ਬੈਂਕਾਂ ਨਾਲ ਵੀ ਡੀਲ ਸਫ਼ਲਤਾਪੂਰਵਕ ਸਿਰੇ ਚਾੜ੍ਹਨਾ ਖੱਬੇ ਹੱਥ ਦੀ ਖੇਡ ਸੀ। ਪਰ ਕਾਲੇਕਾ ਦਾ ਅਮਰੀਕਾ ਪ੍ਰਵਾਸ ਦਾ ਮੁੱਖ ਮੰਤਵ ਤਾਂ ਆਪਣੇ ਬੱਚਿਆਂ ਦੀ ਉਚੇਰੀ ਵਿੱਦਿਆ ਸੀ। ਇਸ ਆਸ਼ੇ ਵਿਚ ਵੀ ਪ੍ਰਮਾਤਮਾ ਨੇ ਇਹਨਾਂ ਨੂੰ ਮਨ ਵਾਂਛਿਤ ਟੀਚੇ ਤੋਂ ਵੱਧ ਬਖ਼ਸ਼ਿਸ਼ ਕੀਤੀ। ਵੱਡਾ ਬੇਟਾ ਪੇਸ਼ੇ ਤੋਂ ਇੰਜ਼ੀਨੀਅਰ ਇਕ ਪ੍ਰਗਤੀਸ਼ੀਲ ਤੇ ਸਮਰਿੱਧ ਉੱਦਮੀ ਹੈ ਤੇ ਦੂਸਰਾ ਲੜਕਾ ਮੰਨਿਆ ਪ੍ਰਮੰਨਿਆ ਵੈਸਕੂਲਰ ਤੇ ਬੈਰਿਆਟ੍ਰਿਕ ਸਰਜਨ ਹੈ।

ਅਮਰੀਕਾ ਵਿਚ ਆਪਣੇ 18 ਸਾਲ ਦੀ ਠਾਹਰ ਦੌਰਾਨ ਇਹਨਾਂ ਨੇ 9/11 ਦੀ ਜਗ ਹਿਲਾਊ ਜੰਗ ਵਰਗੀ ਭਿਆਨਕ ਤਬਾਹੀ ਤੇ 2008-09 ਦੀ ਆਰਥਿਕ ਮੰਦੀ ਵਰਗੀਆਂ ਦੋ ਘਟਨਾਵਾਂ ਆਪਣੀਆਂ ਅੱਖਾਂ ਨਾਲ ਵੇਖੀਆਂ। 9/11 ਦੀ ਘਟਨਾ ਸਿੱਖਾਂ ਲਈ ਬਹੁਤ ਹੀ ਦੁਖਦਾਈ ਸਾਬਤ ਹੋਈ ਕਿਉਂਕਿ ਦਾਹੜੀ ਅਤੇ ਪੱਗ ਕਰਕੇ ਸਿੱਖਾਂ ਦੀ ਪਹਿਚਾਣ ਮੁਸਲਮਾਨਾਂ ਨਾਲ ਹੋਣ ਲੱਗੀ ਤੇ ਸਿੱਖਾਂ ਪ੍ਰਤੀ ਨਫ਼ਰਤੀ ਜੁਰਮਾਂ ਵਿਚ ਬਹੁਤ ਵਾਧਾ ਹੋ ਗਿਆ। ਇਸੇ ਦੀ ਬਲੀ ਅਮਰਜੀਤ ਸਿੰਘ ਕਾਲੇਕਾ ਦਾ ਸਕਾ ਛੋਟਾ ਭਰਾ ਸਤਵੰਤ ਸਿੰਘ ਚੜ੍ਹ ਗਿਆ ਜੋ ਵਿਸਕਾਨਸਿਨ ਦੇ ਗੁਰਦੁਆਰੇ ਵਿਚ ਗੋਰਿਆਂ ਨਾਲ ਜੂਝਦਾ 5 ਅਗਸਤ 2012 ਨੂੰ ਸ਼ਹੀਦ ਹੋ ਗਿਆ। ਮੰਦੀ ਨੇ ਅਮਰੀਕੀ ਅਰਥ ਵਿਵਸਥਾ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ ਸੀ। ਵਪਾਰਾਂ ਦੇ ਵਪਾਰ ਢਹਿ ਢੇਰੀ ਹੋ ਗਏ। ਪਰ ਕਾਲੇਕਾ ਪਰਿਵਾਰ ਨੇ ਇਹਨਾ ਦੋਵਾਂ ਮੁਸੀਬਤਾਂ ਦਾ ਡੱਟ ਕੇ ਬਹਾਦਰੀ ਨਾਲ ਸਾਹਮਣਾ ਕੀਤਾ ਤੇ ਜਿੱਤ ਦੇ ਝੰਡੇ ਗੱਡੇ।

ਅਮਰਜੀਤ ਸਿੰਘ ਕਾਲੇਕਾ ਸਹੀ ਮਾਇਨਿਆਂ ਵਿਚ ਇਕ ਸੱਚਾ ਸੁੱਚਾ ਸਿੱਖ ਹੈ.........ਇਕ ਸਿੱਖਿਆਰਥੀ, ਇਕ ਸਾਧਕ ਅਤੇ ਇਕ ਸ਼ਿਸ਼ ਹੈ। ਵਿੱਦਿਆ ਜੀਵਨ ਵਿਚ ਨਿਰੰਤਰ ਚੱਲਣ ਵਾਲੀ ਇਕ ਵਿੱਧਾ ਹੈ। ਉਮਰ ਦੇ 70ਵਿਆਂ ਵਿਚ ਧਰਮ ਤੇ ਡਿਵਨਿਟੀ ਵਿਚ ਦੋ ਐੱਮ.ਏ. ਕਰਕੇ ਉਹਨਾਂ ਨੇ ਦਿਖਾ ਦਿੱਤਾ ਕਿ ਗਿਆਨ ਤੇ ਡਿਗਰੀ ਪ੍ਰਾਪਤ ਕਰਨ ਦੀ ਕੋਈ ਉਮਰ ਨਹੀਂ ਹੁੰਦੀ। ਪਰ ਕੇਵਲ ਗਿਆਨ ਪ੍ਰਾਪਤੀ ਨਾ ਕਾਫੀ ਹੈ ਨਾ ਅਰਥ ਭਰਪੂਰ ਹੈ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ ਵਿਦਿਆ ਵੀਚਾਰੀ (ਜੇ ਵਿੱਦਿਆ ਬਾਰੇ ਸਹੀ ਵਿਚਾਰ ਕਰ ਸਕੋ) ਤਾਂ ਪਰਉਪਕਾਰੀ (ਤਾਂ ਦੂਸਰਿਆਂ ਦੇ ਭਲੇ ਵਿਚ ਹੀ ਹੈ)। ਜਿੰਨਾਂ ਚਿਰ ਅਸੀਂ ਗ੍ਰਹਿਣ ਗਿਆਨ ਨੂੰ ਸਮਾਜ ਅਤੇ ਕੌਮ ਦੇ ਭਲੇ ਵਾਸਤੇ ਨਹੀਂ ਵਰਤਦੇ ਉਦੋਂ ਤੱਕ ਉਹ ਗਿਆਨ ਅਧੂਰਾ ਹੈ। ਜੀਵਨ ਵਿਚ ਜੋੜਿਆ ਧਨ ਦੌਲਤ ਤਾਂ ਬੱਚਿਆਂ ਨੇ ਲੈ ਲੈਣਾ ਹੈ। ਕੇਵਲ ਜੀਵਨ ਯਾਤਰਾ ਵਿਚ ਇਕੱਠੇ ਕੀਤੇ ਚੰਗੇ ਵਿਚਾਰ, ਸਚਾਈ, ਨੇਕੀ ਦੇ ਕੰਮ ਤੇ ਨਿੱਜੀ ਤਜ਼ਰਬੇ ਹੀ ਤੁਸੀਂ ਸਮਾਜ ਲਈ ਛੱਡ ਸਕਦੇ ਹੋ।

ਇਹੋ ਜਿਹੇ ਵਿਚਾਰ ਹੀ ਅਮਰਜੀਤ ਸਿੰਘ ਕਾਲੇਕਾ ਨੂੰ ਮੁੜ ਆਪਣੀਆਂ ਜੜ੍ਹਾਂ ਵੱਲ ਖਿੱਚ ਲਿਆਏ ਤੇ ਅਖ਼ੀਰ 2010 ਵਿਚ ਉਹ ਮਨ ਭਾਉਂਦੇ ਗ੍ਰੀਨ ਕਾਰਡ ਨੂੰ ਤਿਆਗ ਕੇ ਵਾਪਸ ਆਪਣੇ ਸ਼ਹਿਰ ਪਟਿਆਲੇ ਆ ਵੱਸੇ।

ਪਟਿਆਲੇ ਦੀਆਂ ਖੁੱਲ੍ਹੀਆਂ ਹਵਾਵਾਂ ਵਿਚ ਸਤ-ਸੰਤੋਖ ਦਾ ਜੀਵਨ ਬਤੀਤ ਕਰਦੇ ਹੋਏ ਕਾਲੇਕਾ ਆਪਣੇ ਸੰਸਮਰਣਾਂ ਨੂੰ ਤਰਤੀਬਬੱਧ ਕਰਕੇ ਪਾਠਕਾਂ ਦੇ ਸਾਹਮਣੇ ਰੱਖਣ ਦਾ ਉਪਰਾਲਾ ਕਰ ਰਹੇ ਹਨ। ਇਸ ਲੜੀ ਵਿਚ ਇਹਨਾਂ ਨੇ ਇਸੇ ਸਾਲ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਪੁਸਤਕ ਬੈਟਲ ਫਰੰਟ-ਅਮਰੀਕਾ ਪਾਠਕਾਂ ਦੀ ਝੋਲੀ ਵਿਚ ਪਾਈ ਸੀ। ਹੁਣ ਇਸ ਪੁਸਤਕ ਦਾ ਪੰਜਾਬੀ ਰੂਪਾਂਤਰਣ 'ਰਣਭੂਮੀ-ਅਮਰੀਕਾ' (ਸਮੁੰਦਰੋਂ ਪਾਰ) ਪੰਜਾਬੀ ਪਾਠਕਾਂ ਨੂੰ ਸਮਰਪਿਤ ਕੀਤੀ ਜਾ ਰਹੀ ਹੈ। ਇਹਨਾਂ ਪੁਸਤਕਾਂ ਦਾ ਅਧਿਐਨ ਕਰਨ ਤੇ ਸਾਨੂੰ ਪਤਾ ਚਲਦਾ ਹੈ ਕਿ ਸਚਾਈ ਦੇ ਮਾਰਗ ਤੇ ਚਲਦਿਆਂ ਜੀਵਨ ਬਤੀਤ ਕਰਨਾ ਆਪਣੇ ਆਪ ਵਿਚ ਇਕ ਬਹੁਤ ਵੱਡਾ ਇਨਾਮ ਹੈ ਤੇ ਦੂਸਰਿਆਂ ਲਈ ਇਕ ਸੇਧ ਹੈ, ਇਕ ਪ੍ਰੇਰਨਾ ਹੈ। ਨਵੇਂ ਪ੍ਰਵਾਸੀ ਜਾਂ ਪ੍ਰਵਾਸ ਇਛੁਕਾਂ ਲਈ ਇਹ ਪੁਸਤਕ ਇਕ ਹੈਂਡ ਬੁਕ ਜਾਂ ਹੈਲਪ ਬੁਕ ਦਾ ਕੰਮ ਕਰੇਗੀ। ਜੋ ਅੱਜ ਅਮਰੀਕਾ ਦੇ ਬਾਰਡਰਾਂ ਤੇ ਪੰਜਾਬੀ ਨੌਜਵਾਨਾਂ ਦਾ ਹਾਲ ਹੋ ਰਿਹਾ ਹੈ, ਉਹਨਾਂ ਨੂੰ ਦੱਸਣ ਵਿਚ ਸਹਾਈ ਹੋਵੇਗੀ ਕਿ ਕਾਨੂੰਨੀ ਤੇ ਜਾਇਜ਼ ਸਾਧਨਾਂ ਦਾ ਕੋਈ ਬਦਲ ਨਹੀਂ। ਕਾਲੇਕਾ ਸਾਹਿਬ ਦੀ ਤੀਬਰ ਇੱਛਾ ਹੈ ਕਿ ਉਹ ਆਪਣੇ ਜੀਵਨ ਰੂਪੀ ਦਰੱਖਤ ਦੇ ਫਲ ਨੂੰ ਵੱਧ ਤੋਂ ਵੱਧ ਲੋਕਾਂ ਨਾਲ ਸਾਂਝਾ ਕਰ ਸਕਣ ਤਾਂ ਕਿ ਪਾਠਕ ਇਸ ਤੋਂ ਜੀਵਨ ਦੀ ਸੇਧ ਲੈ ਸਕਣ। ਵਾਹਿਗੁਰੂ ਇਹਨਾਂ ਨੂੰ ਇਹਨਾਂ ਦੇ ਮਿਸ਼ਨ ਵਿਚ ਸਫ਼ਲਤਾ ਬਖ਼ਸ਼ੇ।

**ਪ੍ਰੋ. ਚਤਰ ਸਿੰਘ ਵਿਰਕ**

# ਆਪਣੀ ਗੱਲ

ਮੈਂ ਇਸੇ ਵਿਸ਼ੇ ਤੇ ਅੰਗਰੇਜ਼ੀ ਦੀ ਪਹਿਲੀ ਕਿਤਾਬ ਬੈਟਲ ਫਰੰਟ ਅਮਰੀਕਾ ਖਤਮ ਵੀ ਨਹੀਂ ਸੀ ਕੀਤੀ ਕਿ ਮੈਨੂੰ ਮਹਿਸੂਸ ਹੋਇਆ ਕਿ ਮੇਰੀ ਮਾਤ ਭਾਸ਼ਾ ਪੰਜਾਬੀ ਵਿਚ ਇਹ ਕਿਤਾਬ ਨਾ ਲਿਖਣਾ ਪੰਜਾਬੀ ਜਗਤ ਲਈ ਬੇਇਨਸਾਫ਼ੀ ਹੋਵੇਗੀ। ਬਿਨਾਂ ਸ਼ੱਕ ਇਸ ਪੁਸਤਕ ਨੂੰ ਲਿਖਣ ਦੀ ਪ੍ਰੇਰਨਾ ਮੇਰੇ ਅੰਤਹਕਰਣ ਵਿਚੋਂ ਮਿਲੀ। ਪਰੰਤੂ ਫਿਰ ਵੀ ਮੇਰਾ ਇਹ ਵਿਸ਼ਵਾਸ ਹੈ ਕਿ ਬਿਨਾਂ ਕਿਸੇ ਸਮੱਗਰ ਜਾਂ ਪਦਾਰਥਿਕ ਕਾਰਨ ਤੋਂ ਇਸ ਸੰਸਾਰ ਵਿਚ ਕੁਝ ਵੀ ਨਹੀਂ ਵਾਪਰ ਸਕਦਾ। ਇਸ ਪੁਸਤਕ ਦੀ ਰਚਨਾ ਸਮੇਂ ਬਹੁਤ ਸਾਰੇ ਸੱਜਣਾਂ-ਮਿੱਤਰਾਂ ਨੇ ਮੈਨੂੰ ਉਤਸ਼ਾਹਿਤ ਕੀਤਾ ਅਤੇ ਇਸ ਪੁਸਤਕ ਨੂੰ ਵਧੇਰੇ ਰੌਚਕ ਬਨਾਉਣ ਲਈ ਆਪਣੇ ਯੋਗ ਸੁਝਾਅ ਦਿੱਤੇ। ਮੈਂ ਧੰਨਵਾਦੀ ਹਾਂ:-

ਡਾ. ਰਣਬੀਰ ਸਿੰਘ ਸਰਾਓ, ਪ੍ਰੋਫੈਸਰ ਅਤੇ ਸਾਬਕਾ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਜਿਨ੍ਹਾਂ ਦੀ ਯੋਗ ਅਗਵਾਈ ਨਾਲ ਮੈਂ ਆਪਣੀ ਉਮਰ ਦੇ ਛੇਵੇਂ ਦਹਾਕੇ ਵਿਚ ਦੋ ਵਿਸ਼ਿਆਂ ਵਿਚ ਐਮ.ਏ. ਕੀਤੀ।

ਸ. ਸੁਰਜੀਤ ਸਿੰਘ ਰੱਖੜਾ, ਸਾਬਕਾ ਕੈਬਨਿਟ ਮੰਤਰੀ, ਪੰਜਾਬ ਸਰਕਾਰ ਜੋ ਕਿ ਰਿਪੁਦਮਨ ਕਾਲਜ, ਨਾਭਾ ਵਿਖੇ ਅਧਿਆਪਨ ਦੌਰਾਨ ਮੇਰੇ ਅਜੀਜ਼ ਸ਼ਾਗਿਰਦਾਂ ਵਿਚੋਂ ਸਨ। ਉਹਨਾਂ ਵੱਲੋਂ ਮਿਲੇ ਸਤਿਕਾਰ ਅਤੇ ਉਤਸ਼ਾਹੀ ਸ਼ਬਦਾਂ ਨੇ ਵੀ ਮੈਨੂੰ ਪ੍ਰੇਰਤਿ ਕੀਤਾ।

ਡਾ. ਗੁਰਮੀਤ ਸਿੰਘ ਸਿੱਧੂ ਪ੍ਰੋਫੈਸਰ ਅਤੇ ਮੁਖੀ, ਧਰਮ ਅਧਿਐਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ, ਜਿਹਨਾਂ ਨੇ ਕਿਤਾਬ ਦੀ ਰੂਪ-ਰੇਖਾ ਬਾਰੇ ਨਿੱਘਰ ਸੁਝਾਓ ਦਿੱਤੇ। ਡਾਕਟਰ ਤਾਰਿਕਾ ਸੰਧੂ, ਅਸਿਸਟੈਂਟ ਪ੍ਰੋਫੈਸਰ, ਮਨੋਵਿਗਿਆਨ, ਪੰਜਾਬੀ ਯੂਨਵਰਸਿਟੀ, ਪਟਿਆਲਾ ਵੱਲੋਂ ਇਸ ਪੁਸਤਕ ਨੂੰ ਮੁਕੰਮਲ ਕਰਨ ਵਿਚ ਦਿੱਤੇ ਕੀਮਤੀ ਸੁਝਾਵਾਂ ਲਈ।

ਡਾ. ਹਰਨੇਕ ਸਿੰਘ ਢੋਟ, ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਜਿਹਨਾਂ ਨੇ ਮੈਨੂੰ ਮੇਰੇ ਜੀਵਨ ਦੇ ਅਨੁਭਵਾਂ ਨੂੰ ਹਰਫ਼ਾਂ ਵਿਚ ਲਿਖਣ ਲਈ ਪ੍ਰੇਰਿਆ।

ਪ੍ਰੋ. ਚਤਰ ਸਿੰਘ ਵਿਰਕ, ਜੋ ਕਿ ਤਿੰਨ ਦਹਾਕਿਆਂ ਤੋਂ ਵਧੇਰੇ ਸਮੇਂ ਤੋਂ ਮੇਰੇ ਮਿੱਤਰ ਰਹੇ ਹਨ। ਉਹਨਾਂ ਨੇ ਵੀ ਇਸ ਪੁਸਤਕ ਨੂੰ ਲਿਖਣ ਲਈ ਹਮੇਸ਼ਾਂ ਮੇਰੀ ਹੌਂਸਲਾ ਅਫ਼ਜਾਈ ਕੀਤੀ। ਸ. ਸੁਰਜਨ ਸਿੰਘ ਚੀਮਾ, ਰਿਟਾ. ਆਬਕਾਰੀ ਅਤੇ ਕਰ ਅਫ਼ਸਰ, ਪਟਿਆਲਾ ਜਿਹਨਾਂ ਨੇ ਇਸ ਪੁਸਤਕ ਦੇ ਖਰੜੇ ਨੂੰ ਪੜ੍ਹਨ ਤੋਂ ਬਾਅਦ ਇਸ ਨੂੰ ਸੰਵਾਰਨ ਵਿਚ ਮੈਨੂੰ ਉਤਸ਼ਾਹਿਤ ਕੀਤਾ।

ਮੇਰੀ ਪਤਨੀ, ਜਸਮਿੰਦਰ ਕੌਰ ਦੇ ਜ਼ਿਕਰ ਤੋਂ ਬਿਨਾਂ ਮੇਰੀ ਇਹ ਗੱਲ ਅਧੂਰੀ ਰਹੇਗੀ, ਜਿਹਨਾਂ ਨੇ ਹਮੇਸ਼ਾਂ ਵਾਂਗ ਆਪਣੀ ਗੰਭੀਰਤਾ ਤੇ ਸਿਆਣਪ ਨਾਲ ਇਸ ਕਿਤਾਬ ਦੀ ਪ੍ਰਕਾਸ਼ਨਾ ਸਬੰਧੀ ਮੈਨੂੰ ਮਹੱਤਵਪੂਰਨ ਸੁਝਾਅ ਦਿੱਤੇ। ਇਸ ਤੋਂ ਇਲਾਵਾ ਇਸ ਪੁਸਤਕ ਨੂੰ ਮੁੱਢਲੀ ਸ਼ਕਲ ਦੇਣ ਵਿਚ ਸ. ਨਵਜੋਤ ਸਿੰਘ ਅਤੇ ਸ. ਜਗਜੀਤ ਸਿੰਘ ਨੇ ਵੀ ਆਪਣਾ ਯੋਗਦਾਨ ਪਾਇਆ।

**ਕੈਪਟਨ ਅਮਰਜੀਤ ਸਿੰਘ ਕਾਲੇਕਾ**

# ਜਾਣ-ਪਛਾਣ

7 ਅਕਤੂਬਰ 1992 ਨੂੰ ਮੇਰੀ ਪਤਨੀ ਅਤੇ ਮੈਂ ਅਤੇ ਸਾਡੇ ਦੋਨੋਂ ਪੁੱਤਰ ਗੁਰਮੀਤ (ਜਨਮ 1973) ਅਤੇ ਗੁਰਜੀਤ ( ਜਨਮ 1975) ਅਮਰੀਕਾ ਲਈ ਰਵਾਨਾ ਹੋ ਗਏ। 8 ਦਸੰਬਰ 2010 ਨੂੰ ਅਸੀਂ ਦੋਵੇਂ ਜੀਅ ਦੋਹਾਂ ਬੱਚਿਆਂ ਨੂੰ ਉਥੇ ਪੜ੍ਹਾਉਣ, ਵਿਆਹੁਣ ਅਤੇ ਉਹਨਾਂ ਦੇ ਕਾਰੋਬਾਰ ਆਦਿ ਸਥਾਪਤ ਕਰਨ ਉਪਰੰਤ ਪੱਕੇ ਤੌਰ ਤੇ ਪੰਜਾਬ ਪਰਤ ਆਏ। ਇਹ ਕਿਤਾਬ ਉਹਨਾਂ ਸਾਰੇ 18 ਵਰ੍ਹਿਆਂ ਦੀ ਮਿਹਨਤ, ਉਸ ਸਮੇਂ ਦੇ ਦੁੱਖ-ਸੁੱਖ ਦੀ ਕਹਾਣੀ ਹੈ। ਅਸੀਂ ਕਿਵੇਂ ਸਾਂਝੇ ਟੱਬਰ ਦੇ ਤੌਰ ਤੇ ਰਹੇ, ਕਿਵੇਂ ਮੇਰੇ ਦੋਵਾਂ ਪੁੱਤਰਾਂ ਨੇ ਵਿੱਦਿਆ ਪ੍ਰਾਪਤ ਕੀਤੀ ਅਤੇ ਕਿਵੇਂ ਅਸੀਂ ਇੱਕਠਿਆਂ ਵਪਾਰ ਕੀਤਾ। ਅਸੀਂ ਸਾਰੇ ਪਰਿਵਾਰ ਦੇ ਤੌਰ ਤੇ ਗਏ ਅਤੇ ਜਾਣ ਤੋਂ ਪਹਿਲਾਂ ਸਥਿਤੀ ਇਹ ਬਣੀ ਕਿ ਭਾਰਤ ਵਿਚਲੀ ਸਾਰੀ ਜਾਇਦਾਦ, ਜਿਸ ਵਿਚ ਹਿਮਾਚਲ ਦਾ ਬਾਗ਼ ਅਤੇ ਪਟਿਆਲੇ ਦਾ ਮਕਾਨ ਆਦਿਕ ਸੀ, ਵੇਚ ਦਿੱਤੇ। ਅਸੀਂ ਇਹ ਸਮਝ ਲਿਆ ਸੀ ਕਿ ਵਿਦਿਆ ਪ੍ਰਾਪਤੀ ਲਈ ਕੋਈ ਵੀ ਕੁਰਬਾਨੀ ਕਰਨੀ ਵੱਡੀ ਨਹੀਂ ਹੈ। ਅਸੀਂ ਜਾਣ ਲੱਗਿਆਂ ਭਾਰਤ ਦਾ ਸੱਭਿਆਚਾਰ ਨਾਲ ਲੈ ਗਏ ਤੇ ਇਸ ਨੂੰ ਅਮਰੀਕਾ ਦੀ ਤਕਨਾਲੋਜੀ ਅਤੇ ਡਾਲਰ ਦੇ ਨਾਲ ਜੋੜਿਆ। ਭਾਰਤੀ ਕਰਮ-ਧਰਮ ਤੇ ਸੰਸਕ੍ਰਿਤੀ ਦਾ ਆਧੁਨਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਲੈ ਗਏ ਅਤੇ ਅੱਜ ਵੀ ਸਾਡੇ ਘਰ 2655 ਓਕਰਿਜ ਡਰਾਈਵ,ਨੀਨਾ ਵਿਖੇ ਸੁਸ਼ੋਭਿਤ ਹਨ। 1998 ਤੱਕ ਅਸੀਂ ਦਰਮਿਆਨੇ ਜਿਹੇ ਪੱਧਰ ਤੇ ਸਥਾਪਿਤ ਹੋ ਚੁੱਕੇ ਸੀ। ਉਦੋਂ ਤੱਕ ਸਾਡੇ ਕੋਲ ਦੋ ਵਪਾਰ ਅਤੇ ਇੱਕ ਮਕਾਨ ਸੀ। ਜ਼ਿਆਦਾ ਵੱਡੀਆਂ ਪੁਲਾਂਘਾਂ ਅਸੀਂ 2001 ਤੋਂ 2008 ਵਿਚਕਾਰ ਪੁੱਟੀਆਂ। 2009 ਤੱਕ ਮੈਂ ਤੇ ਮੇਰੀ ਪਤਨੀ ਨੇ ਹਿੰਦੁਸਤਾਨ ਵਾਪਸ ਪਰਤਣ ਦਾ ਫ਼ੈਸਲਾ ਕਰ ਲਿਆ ਸੀ ਤਾਂ ਕਿ ਪੂਰੀ ਤਰ੍ਹਾਂ ਰਿਟਾਇਰਡ ਜੀਵਨ ਬਤੀਤ ਕਰ ਸਕੀਏ। ਅਸੀਂ ਆਪਣੀਆਂ ਸਰਕਾਰੀ ਨੌਕਰੀਆਂ ਤੋਂ 2001 ਅਤੇ 2002 ਵਿਚ ਪਹਿਲਾਂ ਹੀ ਰਿਟਾਇਰ ਹੋ ਚੁੱਕੇ ਸੀ ਅਤੇ ਅਮਰੀਕਾ ਵਿਖੇ ਵਪਾਰ ਤੋਂ 2009 ਨੂੰ ਰਿਟਾਇਰ ਹੋ ਗਏ ਸੀ। 1994 ਤੋਂ ਲੈ ਕੇ 2010 ਤੱਕ ਅਸੀਂ ਦਸ ਪ੍ਰਕਾਰ ਦੇ ਵਪਾਰ ਅਤੇ ਦੋ ਘਰ ਖਰੀਦੇ। ਉਹਨਾਂ ਵਿਚੋਂ ਪੰਜ ਵਪਾਰ ਅਤੇ ਇਕ ਘਰ ਵੇਚ ਦਿੱਤਾ। 2010 ਦੇ ਪਹਿਲੇ ਮਹੀਨਿਆਂ ਵਿਚ ਮੈਂ ਤੇ ਮੇਰੀ ਪਤਨੀ ਨੇ ਪੰਜਾਂ ਵਪਾਰਾਂ ਦਾ ਆਪਣਾ ਹਿੱਸਾ ਆਪਣੇ ਦੋਵੇਂ ਪੁੱਤਰਾਂ ਨੂੰ ਦੇ ਦਿੱਤਾ ਅਤੇ ਮਕਾਨ, ਜੋ ਕਿ 2566 ਓਕਰੀਜ ਰੋਡ ਨੀਨਾ ਵਿਖੇ ਸਥਿਤ ਹੈ, ਆਪਣੇ ਵੱਡੇ ਪੁੱਤਰ ਗੁਰਮੀਤ ਸਿੰਘ ਨੂੰ ਦੇ ਦਿੱਤਾ।

2010 ਤੱਕ ਜੋ ਪ੍ਰਾਪਤੀ ਕੀਤੀ ਉਸ ਦੇ ਨਾਲ ਅਸੀਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ। ਅਸੀਂ ਆਪਣੀ ਪਛਾਣ ਗੁਰਸਿੱਖਾਂ ਦੇ ਤੌਰ ਤੇ ਬਣਾਈ ਰੱਖੀ ਅਤੇ ਸਾਰਾ ਵਪਾਰ ਇਮਾਨਦਾਰੀ ਨਾਲ ਕੀਤਾ। 2010 ਤੱਕ ਦੋਵੇਂ ਪੁੱਤਰ ਆਰਥਿਕ ਤੌਰ ਤੇ ਸਥਾਪਿਤ ਹੋ ਗਏ ਸਨ ਤੇ ਸਮਾਜ ਵਿਚ ਉਹਨਾਂ ਦੀ ਬਹੁਤ ਇੱਜ਼ਤ ਸੀ। ਦੋਵੇਂ ਪੁੱਤਰ ਵਿਆਹੇ ਗਏ ਸਨ ਅਤੇ ਬਾਲ ਬੱਚੇਦਾਰ ਹੋ ਗਏ ਸਨ। ਦੋਹੇਂ ਨੂੰਹਾਂ ਵੀ ਹੁਣ ਤੱਕ ਡਾਕਟਰਾਂ ਦੇ ਤੌਰ ਤੇ ਸਥਾਪਿਤ ਹੋ ਗਈਆਂ ਸਨ। ਹੁਣ ਸਾਨੂੰ ਲੱਗਦਾ ਸੀ ਕਿ ਅਸੀਂ ਜੋ ਕੁਝ ਅਮਰੀਕਾ ਕਰਨ ਗਏ ਸੀ ਜਾਂ ਸੋਚਿਆ ਸੀ, ਉਸ ਤੋਂ ਕਿਤੇ ਵੱਧ ਕਰ ਕੇ ਆ ਗਏ ਹਾਂ। ਜਦੋਂ ਅਸੀਂ ਅਮਰੀਕਾ ਗਏ ਤਾਂ ਮੇਰੀ ਉਮਰ 50 ਸਾਲ ਸੀ ਅਤੇ ਮੇਰੀ ਪਤਨੀ 47 ਸਾਲ ਦੀ ਸੀ। ਮੇਰਾ ਫੌਜ, ਪ੍ਰੋਫੈਸਰ ਅਤੇ ਆਬਕਾਰੀ ਕਰ ਵਿਭਾਗ ਵਿਚ ਬਤੌਰ ਅਫ਼ਸਰ ਤਕਰੀਬਨ 30 ਸਾਲਾਂ ਦਾ ਤਜ਼ਰਬਾ ਸੀ। ਜਦੋਂ ਮੈਂ 1993 ਵਿਚ 5 ਸਾਲ ਦੀ ਛੁੱਟੀ ਲਈ, ਉਸ ਵੇਲੇ ਮੈਂ ਆਬਕਾਰੀ ਅਤੇ ਕਰ ਵਿਭਾਗ, ਵਿਚ ਪਟਿਆਲਾ ਡਵੀਜ਼ਨ ਦਾ ਮੁੱਖੀ ਸੀ। ਮੇਰਾ ਅਹੁਦਾ ਡਿਪਟੀ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰ ਸੀ। ਉਸ ਵੇਲੇ ਪਟਿਆਲਾ ਡਵੀਜ਼ਨ ਦੇ ਕੰਟਰੋਲ ਵਿਚ ਪਟਿਆਲਾ, ਸੰਗਰੂਰ, ਰੋਪੜ ਅਤੇ ਲੁਧਿਆਣਾ ਜ਼ਿਲ੍ਹੇ ਸਨ। ਮੇਰੇ ਕੋਲ ਲਾਲ ਬੱਤੀ ਵਾਲੀ ਸਰਕਾਰੀ ਸਟਾਫ਼ ਕਾਰ ਸੀ। ਉਸ ਤੋਂ ਇਹ ਪਤਾ ਲੱਗਦਾ ਸੀ ਕਿ ਅਫ਼ਸਰ ਕੋਲ ਅਹਿਮ ਜ਼ਿੰਮੇਵਾਰੀ ਹੈ। ਮੇਰੀ ਪਤਨੀ ਜ਼ਿਲ੍ਹੇ ਦੀ ਸਾਇੰਸ ਸੁਪਰਵਾਈਜ਼ਰ ਲੱਗੀ ਸੀ। ਸਾਇੰਸ ਸੁਪਰਵਾਈਜ਼ਰ, ਸਕੂਲ ਸ਼ਾਸਨ ਦੀ ਗਜ਼ਟਿਡ ਪੋਸਟ ਹੁੰਦੀ ਹੈ। ਮੇਰੇ ਦੋਵੇਂ ਪੁੱਤਰ ਯਾਦਵਿੰਦਰਾ ਪਬਲਿਕ ਸਕੂਲ ਪਟਿਆਲਾ, ਤੋਂ ਪੜ੍ਹੇ ਸਨ ਜੋ ਕਿ ਪੰਜਾਬ ਦੇ ਮਸ਼ਹੂਰ ਪਬਲਿਕ ਸਕੂਲਾਂ ਵਿਚੋਂ ਇੱਕ ਹੈ। ਸਾਡੇ ਕੋਲ ਹਿਮਾਚਲ ਪ੍ਰਦੇਸ਼ ਵਿਚ 31 ਏਕੜ ਦਾ ਬਾਗ਼ ਸੀ ਅਤੇ ਨਿਊ ਲਾਲ ਬਾਗ ਕਲੋਨੀ, ਪਟਿਆਲਾ ਵਿਚ ਇਕ ਕਨਾਲ ਦਾ ਘਰ ਸੀ।

ਮੇਰਾ ਵੱਡਾ ਲੜਕਾ ਅਮਰੀਕਾ ਵਿਚ ਪੜ੍ਹਾਈ ਕਰਕੇ ਇੰਜੀਨੀਅਰ ਹੈ ਤੇ ਕਾਰੋਬਾਰ ਕਰਕੇ ਵਪਾਰੀ। ਉਸ ਨੇ ਇਲੈਕਟ੍ਰਾਨਿਕ ਤੇ ਕੰਪਿਊਟਰ ਸਾਇੰਸ ਦੀ ਬੈਚੇਲਰ ਡਿਗਰੀ ਯੂਨੀਵਰਸਿਟੀ ਆਫ ਵਿਸਕਾਨਸਿਨ, ਮੈਡੀਸਨ ਤੋਂ ਕੀਤੀ ਤੇ 17 ਮਈ 1998 ਨੂੰ ਉਸ ਨੇ ਆਪਣੀ ਪੜ੍ਹਾਈ ਪੂਰੀ ਕਰ ਲਈ। ਉਸ ਦਾ ਵਿਆਹ 2000 ਵਿਚ ਡਾ. ਗੁਨਮੀਤ ਕੌਰ ਨਾਲ ਹੋਇਆ। ਡਾ. ਗੁਨਮੀਤ ਕੌਰ ਨੇ 2009 ਵਿਚ ਫੈਮਿਲੀ ਪ੍ਰੈਕਟਿਸ ਦੀ ਰੈਜੀਡੈਂਸੀ ਮਾਰਕਿਟ ਸ਼ਹਿਰ, ਮਿਸ਼ੀਗਨ ਸਟੇਟ ਤੋਂ ਪੂਰੀ ਕੀਤੀ। ਗੁਨਮੀਤ ਹੁਣ ਐਪਲਟਨ, ਵਿਸਕਾਨਸਿਨ ਵਿਚ ਫੈਮਿਲੀ ਪ੍ਰੈਕਟਿਸ ਦੀ ਡਾਕਟਰ ਹੈ। ਇਸ ਜੋੜੀ ਕੋਲ 2 ਬੱਚੇ ਹਨ। ਵੱਡਾ ਬੱਚਾ, ਲੜਕੀ ਮਨਦੀਪ ਕੌਰ ਹੈ ਜੋ ਨੌਵੀਂ ਜਮਾਤ ਵਿਚ ਪੜ੍ਹਦੀ ਹੈ ਅਤੇ ਚਾਰਟਰਡ ਸਕੂਲ ਵਿਚ ਜਾਂਦੀ ਹੈ। ਛੋਟਾ ਬੱਚਾ ਲੜਕਾ ਜਸਦੀਪ ਸਿੰਘ ਹੈ ਜੋ ਕਿ 2009 ਵਿਚ ਪੈਦਾ ਹੋਇਆ ਉਹ ਵੀ ਬਹੁਤ ਵਧੀਆ ਸਕੂਲ ਜਾਂਦਾ ਹੈ।

ਸਾਡੇ ਛੋਟੇ ਪੁੱਤਰ ਗੁਰਜੀਤ ਨੇ ਦਸੰਬਰ 1997 ਵਿਚ ਆਪਣੀ ਬੀ.ਐੱਸ. ਦੀ ਪੜ੍ਹਾਈ ਯੂਨੀਵਰਸਿਟੀ ਆਫ ਵਿਸਕਾਨਸਿਨ ਤੋਂ ਕੀਤੀ। 1998 ਵਿਚ ਉਸ ਨੇ ਸਾਡੀ ਵਪਾਰ ਵਿਚ ਮਦਦ ਕੀਤੀ ਤੇ ਨਾਲ ਹੀ ਹਸਪਤਾਲਾਂ ਵਿਚ ਵਲੰਟੀਅਰ ਸਰਵਿਸ ਕੀਤੀ। 1999 ਤੋਂ ਉਹ 4 ਸਾਲਾਂ ਲਈ ਮੈਮੋਰੀਅਲ ਯੂਨੀਵਰਸਿਟੀ, ਨਿਊਫਾਊਂਡਲੈਂਡ, ਕੈਨੇਡਾ ਵਿਚ ਰਿਹਾ ਅਤੇ ਆਪਣੀ ਐਮ.ਡੀ ਦੀ ਪੜ੍ਹਾਈ ਪੂਰੀ ਕੀਤੀ। 2003 ਤੋਂ ਲੈ ਕੇ 2008 ਤੱਕ ਉਸ ਨੇ ਯੂਨੀਵਰਸਿਟੀ ਆਫ ਨੋਰਥ ਕੈਰੋਲਿਨਾ, ਗਰੀਨਵਿਲ ਤੋਂ ਜਨਰਲ ਸਰਜਰੀ ਦੀ ਰੈਜੀਡੈਂਸੀ ਸੰਪੂਰਨ ਕੀਤੀ। 2009 ਵਿਚ ਉਸ ਨੇ ਬੈਰੀਆਟ੍ਰਿਕ ਸਰਜਰੀ ਦੀ ਫੈਲੋਸ਼ਿਪ ਵੀ ਉਸੇ ਯੂਨੀਵਰਸਿਟੀ ਤੋਂ ਕੀਤੀ। ਉਹ 2009 ਵਿਚ ਵੈਸਕੂਲਰ ਸਰਜਰੀ ਫੈਲੋਸ਼ਿਪ ਲਈ ਚੁਣਿਆ ਗਿਆ ਅਤੇ 2011 ਵਿਚ  ਕੇਸ ਵੈਸਟਰਨ ਯੂਨੀਵਰਸਿਟੀ, ਕਲੀਵਲੈਂਡ, ਓਹਾਇਓ ਤੋਂ ਸੰਪੂਰਨ ਕੀਤੀ। ਗੁਰਜੀਤ ਦਾ ਵਿਆਹ ਜੂਨ 2003 ਵਿਚ ਡਾ.ਰਵਨੀਤ ਕੌਰ ਨਾਲ ਭਾਰਤ ਵਿਚ ਹੋਇਆ। ਰਵਨੀਤ ਨੇ 2009 ਵਿਚ ਇੰਟਰਨਲ ਮੈਡੀਸਨ ਦੀ ਰੈਜੀਡੈਂਸੀ ਯੂਨੀਵਰਸਿਟੀ ਆਫ ਨੋਰਥ ਕੈਰੋਲਿਨਾ, ਗਰੀਨਵਿਲ ਤੋਂ ਪੂਰੀ ਕੀਤੀ। ਗੁਰਜੀਤ ਹੁਣ ਅਰੋਰਾ ਹਸਪਤਾਲ ,ਓਸ਼ਕੋਸ਼ ਵਿਚ ਵੈਸਕੂਲਰ ਸਰਜਰੀ ਦੀ ਪ੍ਰੈਕਟਿਸ ਕਰ ਰਿਹਾ ਹੈ। ਉਸ ਦੀ ਪਤਨੀ ਵੀ ਉਸੇ ਹਸਪਤਾਲ ਵਿਚ ਹੋਸਟਪਿਲਿਸਟ ਹੈ। ਹੋਸਟਪਿਲਿਸਟ ਹਸਪਤਾਲ ਵਿਚ ਪਹਿਲਾ ਡਾਕਟਰ ਹੁੰਦਾ ਹੈ ਜੋ ਮਰੀਜ਼ਾ ਨੂੰ ਅਲੱਗ-ਅਲੱਗ ਵਿਭਾਗਾਂ ਵਿਚ ਭੇਜਦਾ ਹੈ। ਗੁਰਜੀਤ ਅਤੇ ਉਸ ਦੀ ਪਤਨੀ ਦੇ ਦੋ ਬੱਚੇ ਹਨ। ਵੱਡਾ ਬੱਚਾ ਲੜਕਾ ਜੈਵੀਰ ਸਿੰਘ ਅਤੇ ਛੋਟੀ ਲੜਕੀ ਜੀਆ ਕੌਰ ਹੈ। ਦੋਵਾਂ ਦੀ ਕ੍ਰਮਵਾਰ ਉਮਰ ਸੱਤ ਸਾਲ ਅਤੇ ਤਿੰਨ ਸਾਲ ਹੈ। ਦੋਨੋਂ ਬੱਚੇ ਸੁੰਦਰ ਅਤੇ ਸਿਹਤਮੰਦ ਹਨ।

ਮੇਰੇ ਦੋਵੇਂ ਪੁੱਤਰ ਅਮਰੀਕਾ ਵਿਚ ਬਹੁਤ ਖੁਸ਼ੀ ਨਾਲ ਰਹਿ ਰਹੇ ਹਨ। ਉਹਨਾਂ ਦੀ ਆਮਦਨ ਅਮਰੀਕਨ ਹਿਸਾਬ ਨਾਲ ਵੀ ਬਹੁਤ ਚੰਗੀ ਹੈ। ਹੁਣ ਕਿਉਂਕਿ ਅਸੀਂ ਭਾਰਤ ਹੀ ਰਹਿੰਦੇ ਹਾਂ ਇਸ ਲਈ ਸਾਡੇ ਦੋਨੋਂ ਪੁੱਤਰ ਵਾਰੀ ਵਾਰੀ ਸਾਨੂੰ ਮਿਲਣ ਆਉਂਦੇ ਰਹਿੰਦੇ ਹਨ। ਅਸੀਂ ਦੋਨੋਂ ਜਣੇ ਆਪਣੇ ਜੱਦੀ ਪੁਰਖੀ ਸ਼ਹਿਰ, ਪਟਿਆਲਾ ਵਿਚ ਰਹਿ ਰਹੇ ਹਾਂ।

ਅਸੀਂ ਮਹਿਸੂਸ ਕਰਦੇ ਹਾਂ ਕਿ ਅਮਰੀਕਾ ਪਰਿਵਾਰ ਦੇ ਤੌਰ ਤੇ ਜਾਣ ਦਾ ਸਾਡਾ ਫ਼ੈਸਲਾ ਬਹੁਤ ਚੰਗਾ ਰਿਹਾ। ਅਸੀਂ ਬੱਚਿਆਂ ਨੂੰ ਬਹੁਤ ਜ਼ਿੰਮੇਵਾਰੀ ਨਾਲ ਅਮਰੀਕਾ ਵਿਚ ਪਾਲਿਆ ਅਤੇ ਪੜ੍ਹਾਇਆ। ਅਸੀਂ ਪਰਿਵਾਰ ਦੀ ਤਰ੍ਹਾਂ ਇਕ ਛੱਤ ਹੇਠਾਂ ਹੀ ਸੌਂਦੇ ਸੀ। ਉਥੇ ਮੌਜੂਦਾ ਸਮਾਜਿਕ ਢਾਂਚੇ ਅਨੁਸਾਰ ਗਭਰੇਟ ਮੁੰਡੇ ਅਤੇ ਕੁੜੀਆਂ ਡੇਟ ਤੇ ਜਾਂਦੇ ਸਨ ਪਰ ਸਾਡੇ ਬੱਚੇ ਕਦੇ ਵੀ ਡੇਟ ਤੇ ਨਹੀਂ ਗਏ। ਜਦੋਂ ਵੀ ਬੱਚਿਆਂ ਕੋਲ ਸਮਾਂ ਹੁੰਦਾ ਸੀ ਉਹ ਸਾਡੇ ਨਾਲ ਵਪਾਰ ਵਿਚ ਮਦਦ ਕਰਦੇ ਸਨ ਜਾਂ ਘਰ ਬੈਠ ਕੇ ਪੜ੍ਹਦੇ ਸਨ। ਸਾਡੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ।

ਅਸੀਂ ਸਵੇਰੇ ਸ਼ਾਮ ਪਾਠ ਕਰਦੇ ਸੀ। ਛੁੱਟੀ ਵਾਲੇ ਦਿਨ ਅਸੀਂ ਬਹੁਤ ਘੁੰਮਦੇ ਫਿਰਦੇ ਸੀ। ਮੇਰੇ ਤਿੰਨੋ ਭਰਾ ਡਾ. ਜਗਜੀਤ ਸਿੰਘ, ਸਤਵੰਤ ਸਿੰਘ ਅਤੇ ਗੁਰਵੰਤ ਸਿੰਘ ਮਿਲਵਾਕੀ, ਸ਼ਿਕਾਗੋ ਇਲਾਕੇ ਵਿਚ ਰਹਿੰਦੇ ਸਨ। ਮੇਰੇ ਹੋਰ ਵੀ ਦੋਸਤ ਤੇ ਰਿਸ਼ਤੇਦਾਰ ਮਿਲਵਾਕੀ ਸ਼ਹਿਰ ਵਿਚ ਰਹਿੰਦੇ ਸਨ।

ਚਾਹੇ ਸਾਡੀਆਂ ਜੜ੍ਹਾਂ ਮੂਲ ਰੂਪ ਵਿਚ ਜ਼ਮੀਨ ਨਾਲ ਜੁੜੀਆਂ ਸਨ ਅਤੇ ਸਾਡੇ ਬਾਪ, ਦਾਦਾ ਤੇ ਪੜਦਾਦਾ ਜੀ ਆਰਮੀ ਜਾਂ ਸਿਵਿਲ ਨੌਕਰੀਆਂ ਕਰਦੇ ਸਨ, ਫਿਰ ਵੀ ਸਾਨੂੰ ਅਮਰੀਕਾ ਵਿਚ ਵਪਾਰ ਕਰਨਾ ਇਨਾ ਔਖਾ ਨਹੀਂ ਲੱਗਿਆ। ਅਸੀਂ ਸਾਰਾ ਕਾਰੋਬਾਰ ਬੜੀ ਇਮਾਨਦਾਰੀ ਨਾਲ ਕਰਦੇ ਸੀ। ਟੈਕਸ ਸਮੇਂ ਸਿਰ ਭਰਦੇ ਸੀ ਅਤੇ ਜੋ ਵੀ ਕਰਜ਼ ਦੀਆਂ ਕਿਸ਼ਤਾਂ ਸਨ ਉਹ ਵੀ ਸਮੇਂ ਸਿਰ ਅਦਾ ਕਰਦੇ ਸੀ। ਇਸ ਲਈ ਸਾਡੇ ਬੈਂਕਾਂ ਨਾਲ ਸਬੰਧ ਬਹੁਤ ਚੰਗੇ ਬਣ ਗਏ ਅਤੇ ਸਾਡੀ ਕਰੈਡਿਟ ਰੈਕਿੰਗ ਜਲਦੀ ਹੀ ਬਹੁਤ ਉੱਤੇ ਚੱਲੀ ਗਈ ਸੀ। ਅਮਰੀਕਾ ਦਾ ਇੱਕ ਬਹੁਤ ਵੱਡਾ ਪੈਟਰੋਲ ਦਾ ਥੋਕ ਫਰੋਸ਼, ਯੂ.ਐੱਸ. ਆਇਲ ਕੰਪਨੀ ਦਾ ਸਾਡੇ ਤੇ ਇਤਬਾਰ ਹੋਣ ਕਾਰਨ ਉਹ ਸਾਨੂੰ ਇੱਕਠੇ ਵਪਾਰ ਵੇਚਣ ਲੱਗਾ ਅਤੇ ਅਸੀਂ ਉਹਨਾਂ ਨੂੰ ਇਕ-ਇਕ ਕਰਕੇ ਮਾਰਕਿਟ ਵਿਚ ਮਹਿੰਗੇ ਭਾਅ 'ਤੇ ਵੇਚ ਦਿੰਦੇ ਸੀ।

ਅਖ਼ੀਰ ਵਿਚ ਮੈਂ ਇਸ ਗੱਲ ਤੇ ਬਹੁਤ ਜ਼ੋਰ ਦਿੰਦਾ ਹਾਂ ਕਿ ਚਾਹੇ ਅਮਰੀਕਾ ਵਿਚ 2008 ਤੋਂ ਬਾਅਦ ਬਹੁਤ ਮੰਦਾ ਆ ਗਿਆ, ਫਿਰ ਵੀ ਅਮਰੀਕਨ ਧਰਤੀ ਹਾਲੇ ਵੀ ਮੌਕਿਆਂ ਦਾ ਭੰਡਾਰ ਹੈ। ਇਹ ਕਿਤਾਬ ਪੜ੍ਹ ਕੇ ਹਰੇਕ ਪਾਠਕ ਨੂੰ ਕਾਫ਼ੀ ਜੁਗਤਾਂ ਦਾ ਪਤਾ ਲੱਗੇਗਾ ਕਿ ਕਿਸ ਤਰ੍ਹਾਂ ਵਪਾਰ ਕਰਨਾ ਹੈ ਜਾਂ ਆਪ ਪੜ੍ਹਨਾ ਹੈ ਜਾਂ ਅੱਗੇ ਬੱਚਿਆਂ ਨੂੰ ਪੜ੍ਹਾਉਣਾ ਹੈ। ਹੁਣ ਵੀ ਸੁਪਨੇ ਸਾਕਾਰ ਕਰਨ ਲਈ ਅਮਰੀਕਾ ਸਹੀ ਦੇਸ਼ ਹੈ।

# ਯੋਜਨਾਬੰਦੀ

ਜੀਵਨ ਵਿਚ ਕਾਮਯਾਬ ਹੋਣ ਲਈ ਸੋਚ ਵਿਚਾਰ ਨਾਲ ਯੋਜਨਾਬੰਦੀ ਬਣਾਉਣਾ ਅਤੇ ਹਿੰਮਤ ਨਾਲ ਉਸ ਨੂੰ ਲਾਗੂ ਕਰਨਾ ਲਾਜ਼ਮੀ ਹੁੰਦਾ ਹੈ। ਇਹ ਕਾਮਯਾਬੀ ਦੇ ਦੋ ਥੰਮ੍ਹ ਹਨ। ਯੋਜਨਾਬੰਦੀ ਮੁਤਾਬਿਕ ਸਮੇਂ ਸਿਰ ਫ਼ੈਸਲਾ ਲੈਣਾ ਵੀ ਜ਼ਰੂਰੀ ਹੁੰਦਾ ਹੈ। ਪ੍ਰੋਜੈਕਟ ਛੋਟਾ ਹੋਵੇ ਜਾਂ ਵੱਡਾ, ਚੰਗੀ ਯੋਜਨਾਬੰਦੀ ਬਹੁਤ ਜ਼ਰੂਰੀ ਹੈ। ਸਾਡੇ ਪਰਿਵਾਰ ਲਈ ਇਹ ਬਹੁਤ ਵੱਡਾ ਪ੍ਰੋਜੈਕਟ ਸੀ। ਇੱਕ ਤਾਂ ਮੇਰੀ ਅਤੇ ਮੇਰੀ ਪਤਨੀ ਦੀਆਂ ਨੌਕਰੀਆਂ ਸਨ। ਦੂਜਾ ਕਾਫ਼ੀ ਵੱਡੀਆਂ ਜ਼ਿੰਮੇਵਾਰੀ ਵਾਲੀਆਂ ਸਨ। ਤੀਜਾ ਸਾਡੇ ਕੋਲ ਹਿਮਾਚਲ ਪ੍ਰਦੇਸ਼ ਵਿਚ ਕਾਫ਼ੀ ਜ਼ਮੀਨ ਸੀ ਅਤੇ ਪਟਿਆਲਾ ਸ਼ਹਿਰ ਵਿਚ ਮਕਾਨ ਸੀ। ਇਹ ਸਾਰਾ ਕੁਝ ਸਮੇਟ ਕੇ ਅਸੀਂ ਦੂਜੇ ਦੇਸ਼ ਵਿਚ ਜਾਣਾ ਸੀ। ਇਹ ਬਹੁਤ ਕਠਿਨ ਫ਼ੈਸਲਾ ਸੀ। ਪੱਕੇ ਤੌਰ ਤੇ ਜਾਣ ਤੋਂ ਪਹਿਲਾਂ ਸਾਨੂੰ ਅਮਰੀਕਾ ਦਾ ਨਿਰੀਖਣ ਕਰਨਾ ਜ਼ਰੂਰੀ ਸੀ। ਅਸੀਂ ਦੇਖਣਾ ਚਾਹੁੰਦੇ ਸੀ ਕਿ ਜਿਵੇਂ ਸਾਡੀਆਂ ਜੜ੍ਹਾਂ ਗੁਰਸਿਖੀ ਨਾਲ ਜੁੜੀਆਂ ਹਨ, ਮੇਰੇ ਦੋਵੇਂ ਪੁੱਤਰ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਕਿਸ ਤਰ੍ਹਾਂ ਰਚਣਗੇ। ਉਮਰ ਦੇ ਹਿਸਾਬ ਨਾਲ ਮੈਂ ਉਸ ਵੇਲੇ ਤਕਰੀਬਨ 43 ਸਾਲ ਦਾ ਸੀ ਤੇ ਮੇਰੀ ਪਤਨੀ ਮੇਰੇ ਤੋਂ 3 ਸਾਲ ਛੋਟੀ ਸੀ। ਅਸੀਂ ਦੇਖਣਾ ਚਾਹੁੰਦੇ ਸੀ ਕਿ ਪੱਗਾਂ ਤੇ ਕੇਸਾਂ ਦੇ ਨਾਲ ਕੀ ਅਸੀਂ ਅਮਰੀਕਾ ਵਿਚ ਕੋਈ ਢੰਗ ਦੀ ਨੌਕਰੀ ਜਾਂ ਵਪਾਰ ਕਿਵੇਂ ਕਰ ਸਕਾਂਗੇ? ਮੇਰੀ ਪਤਨੀ ਐੱਮ.ਐੱਸਸੀ ਬੋਟਨੀ ਸੀ ਜੋ ਬਿਰਲਾ ਇੰਸਟੀਚਿਊਟ ਪਿਲਾਨੀ ਤੋਂ ਕੀਤੀ ਸੀ। ਮੈਂ ਐੱਮ.ਏ ਪੋਲੀਟੀਕਲ ਸਾਇੰਸ ਕੀਤੀ ਸੀ ਤੇ ਤਿੰਨ ਕੁ ਸਾਲਾਂ ਦਾ ਕਾਲਜ ਵਿਚ ਪੋਲੀਟੀਕਲ ਸਾਇੰਸ ਦੀਆਂ ਕਲਾਸਾਂ ਪੜ੍ਹਾਉਣ ਦਾ ਤਜ਼ਰਬਾ ਸੀ। ਛੇ ਕੁ ਸਾਲਾਂ ਦਾ ਆਰਮੀ ਅਫ਼ਸਰ ਅਤੇ 15 ਕੁ ਸਾਲਾਂ ਦਾ ਆਬਕਾਰੀ ਕਰ ਵਿਭਾਗ ਦਾ ਤਜ਼ਰਬਾ ਸੀ। ਮੇਰੀ ਪਤਨੀ ਦਾ 20 ਕੁ ਸਾਲਾਂ ਦਾ ਅਧਿਆਪਨ ਦਾ ਤਜ਼ਰਬਾ ਸੀ। ਅਸੀਂ ਸੋਚਿਆ ਕਿ ਸਾਡੀ ਵਿੱਦਿਆ ਅਤੇ ਤਜ਼ਰਬਾ ਕੰਮ ਪੱਖੋਂ ਸ਼ਾਇਦ ਹੀ ਅਮਰੀਕਾ ਵਿਚ ਮੇਲ ਖਾਂਦਾ ਹੋਵੇ। ਸਾਨੂੰ ਕੋਈ ਕੰਪਿਊਟਰ ਦਾ ਗਿਆਨ ਨਹੀਂ ਸੀ ਅਤੇ ਨਾ ਹੀ ਕੋਈ ਤਕਨੀਕੀ ਸਿੱਖਿਆ ਦੀ ਜਾਣਕਾਰੀ ਸੀ। ਅਸੀਂ ਸੋਚਿਆ ਕਿ ਮੈਂ ਅਮਰੀਕਾ ਤੇ ਕੈਨੇਡਾ ਜਾਵਾਂ ਅਤੇ ਘੁੰਮ-ਘੁੰਮਾ ਕੇ ਦੇਖਾਂ ਕਿ ਉਸ ਸਮਾਜ ਵਿਚ ਅਸੀਂ ਕਿਵੇਂ ਕਾਮਯਾਬ ਹੋ ਸਕਦੇ ਹਾਂ ਅਤੇ ਕੀ ਉਥੇ ਜਾ ਕੇ ਸਾਡਾ ਸਤਿਕਾਰਯੋਗ ਸਥਾਨ ਹੋਵੇਗਾ। ਮੈਂ 1982 ਦਾ ਅਮਰੀਕਾ ਜਾਣ ਲਈ ਰਜਿਸਟਰਡ ਸੀ। ਮੇਰਾ ਛੋਟਾ ਭਰਾ ਡਾ. ਜਗਜੀਤ ਸਿੰਘ

1976 ਤੋਂ ਅਮਰੀਕਾ ਦਾ ਨਾਗਰਿਕ ਸੀ। ਅਮਰੀਕਾ ਵਿਚ ਨੇੜੇ ਦੇ ਰਿਸ਼ਤੇਦਾਰ ਨੂੰ ਅਮਰੀਕਾ ਦੇ ਨਾਗਰਿਕ ਸਪਾਂਸਰ ਕਰ ਸਕਦੇ ਹਨ ਤੇ ਉਹ ਰਿਸ਼ਤੇਦਾਰ ਦਾ ਨੰਬਰ ਕੁਝ ਸਾਲਾਂ ਵਿਚ ਆ ਜਾਂਦਾ ਹੈ। ਅਸੀਂ ਅਮਰੀਕਾ ਪੱਕੇ ਤੌਰ ਤੇ ਜਾਣ ਲਈ 1982 ਤੋਂ ਰਜਿਸਟਰਡ ਸੀ ਅਤੇ ਸਾਡਾ ਨੰਬਰ 1989-1990 ਵਿਚ ਆਉਣ ਦੀ ਉਮੀਦ ਸੀ। ਅਮਰੀਕਾ ਵਿਚ ਜਾ ਕੇ ਕਾਰੋਬਾਰ ਕਰਨਾ ਅਤੇ ਪਰਿਵਾਰ ਨਾਲ ਰਹਿਣਾ ਇਹ ਸਾਡਾ ਮਨੋਰਥ ਸੀ ਅਤੇ ਉਥੇ ਜਾਣ ਨੂੰ ਮਨ ਵੀ ਕਰਦਾ ਸੀ। ਅਮਰੀਕਨ ਸਰਕਾਰ ਦੀ ਪਾਲਿਸੀ ਅਨੁਸਾਰ ਨੇੜੇ ਦੇ ਰਿਸ਼ਤੇਦਾਰ ਅਮਰੀਕਾ ਵਿਚ ਪਰਿਵਾਰ ਦੀ ਤਰ੍ਹਾਂ ਇੱਕਠੇ ਰਹਿ ਸਕਦੇ ਸਨ। ਇਹਨਾਂ ਰਿਸ਼ਤੇਦਾਰਾਂ ਵਿਚ ਸਕੇ ਭੈਣ ਭਰਾ, ਮਾਤਾ ਪਿਤਾ, ਪਤਨੀ ਆਦਿ ਸ਼ਾਮਿਲ ਹਨ।

ਜਦੋਂ ਮੈਂ 1986 ਵਿਚ ਟੂਰਸਿਟ ਵੀਜ਼ੇ ਲਈ ਅਪਲਾਈ ਕੀਤਾ ਤਾਂ ਦਿੱਲੀ ਵਿਚ ਸਥਾਪਿਤ ਅਮਰੀਕਨ ਅੰਬੈਸੀ ਦੇ ਅਫ਼ਸਰਾਂ ਨੇ ਮੇਰੇ ਤੋਂ ਪੁਛਿਆ ਕਿ ਮੈਂ ਅਮਰੀਕਾ ਵਿਚ ਟੂਰਿਸਟ ਦੇ ਤੌਰ ਤੇ ਕਿਉਂ ਜਾਣਾ ਚਾਹੁੰਦਾ ਹਾਂ, ਜਦ ਕਿ ਮੇਰੀ ਉਥੇ ਪੱਕੇ ਤੌਰ ਦੇ ਜਾਣ ਦੀ ਵਾਰੀ ਵੀ ਆਉਣ ਵਾਲੀ ਹੈ। ਮੈਂ ਉਹਨਾਂ ਨੂੰ ਦੱਸਿਆ, "ਮੈਂ ਤੇ ਮੇਰੀ ਪਤਨੀ ਚੰਗੀਆਂ ਸਰਕਾਰੀ ਨੌਕਰੀਆਂ ਤੇ ਹਾਂ ਤੇ ਸਾਡੇ ਕੋਲ ਚੰਗੀ ਪ੍ਰਾਪਰਟੀ ਹੈ ਤੇ ਸਾਡੇ ਬੱਚੇ ਚੰਗੇ ਸਕੂਲਾਂ ਵਿਚ ਪੜ੍ਹ ਰਹੇ ਹਨ।" ਆਪਣਾ ਘਰ-ਬਾਰ ਪੱਟ ਕੇ ਉਥੇ ਜਾਣ ਤੋਂ ਪਹਿਲਾਂ ਮੈਂ ਇਹ ਦੇਖਣਾ ਚਾਹੁੰਦਾ ਹਾਂ ਕਿ, ਕੀ ਮੈਂ ਤੇ ਮੇਰਾ ਪਰਿਵਾਰ ਉਥੇ ਸਤਿਕਾਰਯੋਗ ਨਾਗਰਿਕਾਂ ਵਾਂਗ ਰਹਿ ਸਕਾਂਗੇ। ਮੈਂ ਉਹਨਾਂ ਨੂੰ ਇਹ ਵੀ ਦੱਸਿਆ ਕਿ ਅਸੀਂ ਕਾਹਲ ਵਿਚ ਆਪਣੀ ਜ਼ਮੀਨ ਜਾਇਦਾਦ ਨਹੀਂ ਵੇਚਣਾ ਚਾਹੁੰਦੇ। ਅੰਬੈਸੀ ਅਫ਼ਸਰ ਇਹਨਾਂ ਗੱਲਾਂ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਮੈਨੂੰ 5 ਸਾਲਾਂ ਦਾ ਅਮਰੀਕਾ ਦਾ ਟੂਰਿਸਟ ਵੀਜਾ ਦੇ ਦਿੱਤਾ। ਮੈਂ 1986 ਦੀਆਂ ਗਰਮੀਆਂ ਵਿਚ ਤਕਰੀਬਨ 2 ਮਹੀਨਿਆਂ ਲਈ ਅਮਰੀਕਾ ਤੇ ਕੈਨੇਡਾ ਗਿਆ। ਮੇਰੇ ਤਿੰਨੇ ਛੋਟੇ ਭਰਾ ਅਮਰੀਕਾ ਵਿਚ ਰਹਿੰਦੇ ਸਨ। ਅਮਰੀਕਾ ਰਹਿੰਦੇ ਤਿੰਨੋਂ ਭਰਾਵਾਂ ਵਿਚੋਂ ਡਾ. ਜਗਜੀਤ ਸਿੰਘ ਜਾਨਵਰਾਂ ਦਾ ਇਲਾਜ ਕਰਨ ਵਾਲਾ ਡਾਕਟਰ ਸੀ। ਉਸ ਦੀ ਵੈਟਰਨਰੀ ਸਰਜਰੀ ਦੀ ਪ੍ਰੈਕਟਿਸ ਬਹੁਤ ਚੰਗੀ ਸੀ ਅਤੇ ਮਿਲਵਾਕੀ ਦੇ ਸਥਾਪਿਤ ਇਲਾਕੇ ਵਿਚ ਉਸ ਦਾ ਆਪਣਾ ਕਲੀਨਿਕ ਸੀ। ਉਸ ਦਾ ਘਰ ਵੀ ਬਹੁਤ ਚੰਗੇ ਇਲਾਕੇ ਵਿਚ ਸੀ। ਉਸ ਦੀ ਪਤਨੀ ਕਰਮਜੀਤ ਕੌਰ ਉਸ ਦੀ ਵਪਾਰ ਵਿਚ ਪਾਰਟ ਟਾਈਮ ਸਹਾਇਤਾ ਵੀ ਕਰਦੀ ਸੀ। ਜਗਜੀਤ ਸਿੰਘ ਦੇ ਦੋਨੋਂ ਬੱਚੇ ਚੰਗੇ ਸਕੂਲਾਂ ਵਿਚ ਪੜ੍ਹਦੇ ਸਨ। ਉਹਨਾਂ ਤੋਂ ਛੋਟਾ ਭਰਾ ਸਤਵੰਤ ਸਿੰਘ ਜੋ ਕਿ 1982 ਵਿਚ ਹੀ ਅਮਰੀਕਾ ਵਿਚ ਗਿਆ ਸੀ ਉਹ ਕਾਫ਼ੀ ਮਿਹਨਤ ਵਾਲੇ ਦੌਰ ਵਿਚੋਂ ਲੰਘ ਰਿਹਾ ਸੀ। ਉਸ ਦੇ ਕੋਲ ਛੋਟਾ ਜਿਹਾ ਘਰ ਸੀ ਅਤੇ ਉਸ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਸਨ। ਸਭ ਤੋਂ ਛੋਟਾ ਭਰਾ ਗੁਰਵੰਤ ਸਿੰਘ 1978 ਵਿਚ ਅਮਰੀਕਾ ਆਇਆ ਅਤੇ ਉਹ ਤਕਰੀਬਨ ਵਪਾਰ

ਵਿਚ ਚੰਗਾ ਸਥਾਪਿਤ ਸੀ। ਉਸ ਦੇ ਕੋਲ ਮਿਲਵਾਕੀ ਅਤੇ ਰਸੀਨ ਸ਼ਹਿਰਾਂ ਵਿਚ ਤਿੰਨ ਪੈਟਰੋਲ ਪੰਪ ਸਨ ਅਤੇ ਬਰੂਕਫੀਲਡ ਸ਼ਹਿਰ ਵਿਚ ਇੱਕ ਏਕੜ ਦਾ ਘਰ ਸੀ। ਉਸ ਦੇ ਕੋਲ 30 ਏਕੜ ਦਾ ਬਾਗ਼ ਵੀ ਸੀ ਜੋ ਉਸ ਦੇ ਘਰ ਤੋਂ ਤਕਰੀਬਨ 3 ਕਿਲੋਮੀਟਰ ਦੀ ਦੂਰੀ ਤੇ ਸੀ। ਮੈਂ ਆਪਣੇ ਤਿੰਨੋਂ ਭਰਾਵਾਂ ਦੇ ਘਰ ਵਾਰੀ ਵਾਰੀ ਰਿਹਾ ਪਰ ਜ਼ਿਆਦਾ ਤੌਰ ਤੇ ਡਾ. ਜਗਜੀਤ ਸਿੰਘ ਦੇ ਘਰ ਰਿਹਾ। ਮਿਲਵਾਕੀ ਰਹਿੰਦਿਆਂ ਮੈਂ ਸ.ਦਰਸ਼ਨ ਸਿੰਘ ਧਾਲੀਵਾਲ ਨੂੰ ਵੀ ਮਿਲਿਆ ( ਜਿਸ ਦਾ ਭਰਾ ਸੁਰਜੀਤ ਸਿੰਘ ਰੱਖੜਾ ਮੇਰੀ ਛੋਟੀ ਭੈਣ ਹਰਿੰਦਰ ਕੌਰ ਨਾਲ ਵਿਆਹਿਆ ਹੋਇਆ ਹੈ)। ਦਰਸ਼ਨ ਸਿੰਘ ਪੱਗ ਬੰਨ੍ਹਦਾ ਸੀ ਜਦੋਂ ਕਿ ਮੇਰੇ ਤਿੰਨੋਂ ਭਰਾ ਕਲੀਨ ਸ਼ੇਵ ਸਨ। ਦਰਸ਼ਨ ਸਿੰਘ ਉਦੋਂ ਤੱਕ ਵਪਾਰ ਵਿਚ ਚੰਗੀ ਤਰ੍ਹਾਂ ਸਥਾਪਿਤ ਹੋ ਚੁੱਕਾ ਸੀ। ਦਰਸ਼ਨ ਸਿੰਘ ਅਮਰੀਕਾ 1972 ਵਿਚ ਗਿਆ। 1986 ਵਿਚ ਉਸ ਨੇ ਮਿਕਊਨ ਵਿਚ ਕਾਫ਼ੀ ਵੱਡਾ ਘਰ ਖਰੀਦਿਆ ਜਿਥੇ ਉਹ ਹੁਣ ਵੀ ਰਹਿੰਦਾ ਹੈ। 1986 ਤੱਕ ਦਰਸ਼ਨ ਦਾ ਗੈਸ ਵਪਾਰ ਵਿਚ ਬਹੁਤ ਵੱਡਾ ਨਾਂਮ ਬਣ ਚੁੱਕਾ ਸੀ। ਉਹ ਬਲਕ ਪੈਟਰੋਲੀਅਮ ਕਾਰੋਬਾਰ ਦਾ ਮਾਲਕ ਸੀ। ਮੇਰੇ ਤਿੰਨੋਂ ਭਰਾ ਪੰਜਾਬੀ ਕੁੜੀਆਂ ਨਾਲ ਵਿਆਹੇ ਹੋਏ ਹਨ। ਜਦ ਕਿ ਦਰਸ਼ਨ ਸਿੰਘ ਦੀ ਪਤਨੀ ਅਮਰੀਕਨ ਸੀ। ਮੈਂ ਦਰਸ਼ਨ ਸਿੰਘ ਦੇ ਘਰ ਤਕਰੀਬਨ ਤਿੰਨ ਦਿਨ ਰਿਹਾ। ਉਸ ਨੇ ਬਲਕ ਪੈਟਰੋਲੀਅਮ, ਉਹਨਾਂ ਦਿਨਾਂ ਵਿਚ ਚਾਰ ਮਿਲੀਅਨ ਡਾਲਰ ਦੀ ਖਰੀਦੀ ਸੀ। ਬਲਕ ਪੈਟਰੋਲੀਅਮ ਦੇ ਸੌਦੇ ਵਿਚ 40 ਪੈਟਰੋਲ ਪੰਪ ਵੀ ਮਿਲੇ, ਜੋ ਸ਼ਿਕਾਗੋ ਤੇ ਮਿਲਵਾਕੀ ਸ਼ਹਿਰਾਂ ਵਿਚ ਫੈਲੇ ਹੋਏ ਸਨ। ਦਰਸ਼ਨ ਦਾ ਕੰਮ ਕਰਨ ਦਾ ਤਰੀਕਾ ਇਹ ਸੀ ਕਿ ਜਿਸ ਗੈਸ ਸਟੇਸ਼ਨ ਦੀ ਬਹੁਤ ਜ਼ਿਆਦਾ ਮੰਗ ਹੁੰਦੀ ਸੀ, ਉਸ ਨੂੰ ਉਹ ਵੇਚ ਦਿੰਦਾ ਸੀ। ਜੋ ਨਾ ਵਿਕੇ ਉਹ ਕਿਰਾਏ ਤੇ ਚੜ੍ਹਾ ਦਿੰਦਾ ਸੀ। ਭਾਰਤੀ ਅਤੇ ਪਾਕਿਸਤਾਨੀ ਓਪਰੇਟਰ ਉਸ ਦੇ ਪੈਟਰੋਲ ਪੰਪ ਕਿਰਾਏ ਤੇ ਲੈ ਲੈਂਦੇ ਸਨ। ਭਾਰਤੀ ਅਤੇ ਪਾਕਿਸਤਾਨੀ ਓਪਰੇਟਰ ਆਪਣੀ ਮਿਹਨਤ ਅਤੇ ਸੰਜਮ ਨਾਲ ਪਹਿਲਾਂ ਵਪਾਰ ਕਿਰਾਏ ਤੇ ਲੈ ਲੈਂਦੇ ਸਨ ਤੇ ਫਿਰ ਬਾਅਦ ਵਿਚ ਕਾਰੋਬਾਰ ਦੇ ਮਾਲਕ ਬਣ ਜਾਂਦੇ ਸਨ। ਦਰਸ਼ਨ ਸਿੰਘ ਪੈਟਰੋਲ ਦਾ ਥੋਕ ਫਰੋਸ਼ ਸੀ ਅਤੇ ਉਹ ਆਪਣਾ ਤੇਲ ਆਪਣੇ ਗੈਸ ਸਟੇਸ਼ਨਾਂ ਅਤੇ ਹੋਰ ਗੈਸ ਸਟੇਸ਼ਨਾਂ ਨੂੰ ਵੇਚਦਾ ਸੀ। ਦਰਸ਼ਨ ਸਿੰਘ ਮੈਨੂੰ ਮਿਲਵਾਕੀ ਅਤੇ ਸ਼ਿਕਾਗੋ ਸ਼ਹਿਰਾਂ ਵਿਚ ਲੈ ਕੇ ਗਿਆ ਤੇ ਦਿਖਾਇਆ ਕਿ ਉਸ ਦਾ ਵਪਾਰ ਕਰਨ ਦਾ ਤਰੀਕਾ ਕੀ ਹੈ। ਮੈਂ ਉਸ ਤੋਂ ਕਾਫ਼ੀ ਕੁਝ ਸਿੱਖਿਆ ਉਸ ਦੀ ਸੋਚ ਵਿਚ ਬੜੀ ਸਪਸ਼ਟਤਾ ਸੀ ਅਤੇ ਉਹ ਫ਼ੈਸਲਾ ਲੈਣ ਲੱਗਿਆਂ ਜ਼ਿਆਦਾ ਸਮਾਂ ਨਹੀਂ ਸੀ ਲਗਾਉਂਦਾ। ਦਰਸ਼ਨ ਤੋਂ ਇਲਾਵਾ ਮਿਲਵਾਕੀ ਸ਼ਹਿਰ ਵਿਚ ਦੋ ਹੋਰ ਸਿੱਖ ਵਪਾਰੀ ਸਨ। ਇੱਕ ਦਾ ਨਾਮ ਸ. ਬਚਨ ਸਿੰਘ ਗਿੱਲ ਸੀ, ਜੋ ਖੁਲ੍ਹੀ ਦਾਹੜੀ ਛੱਡਦਾ ਸੀ ਤੇ ਬਹੁਤ ਹੀ ਸਾਦੇ ਕੱਪੜੇ ਪਾਉਂਦਾ ਸੀ। ਉਸ ਵੇਲੇ ਇਸ ਕੋਲ ਸੱਤ ਕਾਰੋਬਾਰ ਸਨ। ਇਸ ਦਾ ਘਰ ਬਰੂਕਫੀਲਡ

ਇਲਾਕੇ ਵਿਚ ਸੀ। ਬਚਨ ਸਿੰਘ ਗਿੱਲ ਨਾਲ ਜਾਣਕਾਰੀ ਇਸ ਕਰਕੇ ਹੋਈ ਕਿਉਂਕਿ ਜਿਹਨਾਂ ਦਿਨਾਂ ਵਿਚ ਮੈਂ ਲੁਧਿਆਣਾ ਵਿਚ ਆਬਕਾਰੀ ਤੇ ਕਰ ਵਿਭਾਗ ਵਿਚ ਆਬਕਾਰੀ ਤੇ ਕਰ ਅਫ਼ਸਰ ਲੱਗਾ ਹੋਇਆ ਸੀ। ਉਸ ਵੇਲੇ ਬਚਨ ਦੇ ਮਾਪਿਆਂ ਦੀ ਥੋੜ੍ਹੀ ਜਿਹੀ ਮਦਦ ਕੀਤੀ ਸੀ। ਉਸ ਨੇ ਮੇਰੀ ਬਹੁਤ ਹੌਂਸਲਾ ਅਫ਼ਜ਼ਾਈ ਕੀਤੀ ਅਤੇ ਆਸ਼ਵਾਸਨ ਦਿਵਾਇਆ ਕਿ ਜਦ ਵੀ ਅਸੀ ਅਮਰੀਕਾ ਆਵਾਂਗੇ, ਉਹ ਖੁਸ਼ੀ ਨਾਲ ਸਾਡੀ ਮਦਦ ਕਰਨਗੇ। ਇੱਕ ਹੋਰ ਪੰਜਾਬੀ ਸ਼ਖਸ ਜੋ ਸ. ਬਚਨ ਸਿੰਘ ਦੇ ਨੇੜੇ ਦਾ ਦੋਸਤ ਸੀ, ਉਸ ਦਾ ਨਾਂ ਪਾਖਰ ਸਿੰਘ ਸਿੱਧੂ ਸੀ। ਉਹ ਵੀ ਖੁੱਲ੍ਹੀ ਦਾਹੜੀ ਛੱਡਦਾ ਤੇ ਪੱਗ ਬੰਨ੍ਹਦਾ ਸੀ ਅਤੇ ਦਰਮਿਆਨਾ ਸਥਾਪਿਤ ਸੀ। ਬਚਨ ਸਿੰਘ ਅਤੇ ਪਾਖਰ ਸਿੰਘ ਦੋਨੋਂ ਭਾਰਤ ਤੋਂ ਦੱਸਵੀਂ ਕਰਕੇ ਗਏ ਸਨ। ਦਰਸ਼ਨ ਸਿੰਘ ਪੀ.ਪੀ.ਐੱਸ ਨਾਭਾ ਦਾ ਵਿਦਿਆਰਥੀ ਸੀ ਤੇ ਉਸ ਵਿਚ ਆਤਮ ਵਿਸ਼ਵਾਸ ਬਹੁਤ ਜਿਆਦਾ ਸੀ। ਮਿਲਵਾਕੀ ਸ਼ਹਿਰ ਵਿਚ ਇੱਕ ਹੀ ਗੁਰਦੁਆਰਾ ਸੀ, ਜਿਥੇ ਮੇਰੇ ਭਰਾ ਮੈਨੂੰ ਹਰ ਹਫ਼ਤੇ ਐਤਵਾਰ ਵਾਲੇ ਦਿਨ ਲੈ ਜਾਂਦੇ ਸਨ। ਮਿਲਵਾਕੀ ਯੂਨੀਵਰਸਿਟੀ ਵਿਚ ਕਈ ਸਿੱਖ ਪ੍ਰੋਫੈਸਰ ਵੀ ਸਨ, ਉਹ ਵੀ ਪੱਗ ਬੰਨਦੇ ਸੀ। ਇੱਕ ਹੋਰ ਪੱਗ ਬੰਨ੍ਹਣ ਵਾਲਾ ਸਤਿਕਾਰਯੋਗ ਵਿਅਕਤੀ ਡਾ. ਕੁਲਵੰਤ ਸਿੰਘ ਧਾਲੀਵਾਲ ਸੀ। ਡਾ. ਧਾਲੀਵਾਲ ਪਟਿਆਲਾ ਸ਼ਹਿਰ ਤੋਂ ਹੈ ਅਤੇ ਸਾਡੇ ਪਰਿਵਾਰ ਨਾਲ ਉਸ ਦਾ ਤਕਰੀਬਨ 40 ਸਾਲਾਂ ਦਾ ਵਾਸਤਾ ਹੈ।

ਮੈਨੂੰ ਰੇਲ ਗੱਡੀ ਦਾ ਟਿਕਟ ਮੇਰੇ ਭਰਾਵਾਂ ਨੇ ਲੈ ਕੇ ਦਿੱਤਾ ਜਿਸ ਦੀ ਕੀਮਤ 300 ਡਾਲਰ ਸੀ। ਉਸ ਦੇ ਨਾਲ ਮੈਂ ਇਕ ਮਹੀਨਾ ਸਾਰੇ ਅਮਰੀਕਾ ਵਿਚ ਸਫ਼ਰ ਕਰ ਸਕਦਾ ਸੀ ਪਰ ਸ਼ਰਤ ਇਹ ਸੀ ਕਿ ਮੈਂ ਜਰਨੀ ਬਰੇਕ ਤਿੰਨ ਜਗ੍ਹਾ ਹੀ ਕਰ ਸਕਦਾ ਸੀ। ਮੈਂ ਇੱਕ ਮਹੀਨਾ ਲਗਾਤਾਰ ਟ੍ਰੇਨ ਵਿਚ ਸਫ਼ਰ ਕੀਤਾ ਅਤੇ ਕਈ ਥਾਵਾਂ ਦੇਖੀਆਂ। ਉਸ ਮਹੀਨੇ ਵਿਚੋਂ ਇੱਕ ਹਫ਼ਤਾ ਮੈਂ ਕੈਨੇਡਾ ਗਿਆ। ਮੈਂ ਟ੍ਰੇਨ ਵਿਚ ਸਫ਼ਰ ਮਿਲਵਾਕੀ ਤੋਂ ਸ਼ੁਰੂ ਕੀਤਾ ਅਤੇ ਸਿਆਟਲ ਪਹੁੰਚਿਆ। ਇਹ ਸ਼ਹਿਰ ਅਮਰੀਕਾ ਦੇ ਪੱਛਮੀ ਤੱਟ ਤੇ ਹੈ । ਉਥੋਂ ਬੱਸ ਵਿਚ ਮੈਂ ਕੈਨੇਡਾ ਗਿਆ। ਮੈਂ ਆਪਣੇ ਭਤੀਜੇ ਕੋਲ ਇੱਕ ਹਫ਼ਤਾ ਰਿਹਾ। ਮੈਂ ਕੈਨੇਡਾ ਦੇ ਵੈਨਕੂਵਰ, ਸਰੀ ਅਤੇ ਵਿਕਟੋਰੀਆ ਤਿੰਨ ਸ਼ਹਿਰ ਦੇਖੇ। ਉਸ ਤੋਂ ਬਾਅਦ ਸਿਆਟਲ ਤੋਂ ਨਿਊਯਾਰਕ ਵਾਲੇ ਪਾਸੇ ਹੈਰੀਸਬਰਗ ਪਹੁੰਚੇ। ਹੈਰੀਸਬਰਗ, ਪੈਨਸਲਵੇਨੀਆ ਦੀ ਰਾਜਧਾਨੀ ਹੈ ਉਥੇ ਇੱਕ ਦੋਸਤ ਰਾਮ ਗੋਇਲ ਕੋਲ ਰਿਹਾ। ਉਥੋਂ ਉਸ ਦੀ ਕਾਰ ਤੇ ਨਿਊਯਾਰਕ ਗਏ ਤੇ ਵਾਪਸੀ ਟ੍ਰੇਨ ਵਾਸ਼ਿੰਗਟਨ ਡੀ.ਸੀ ਤੋਂ ਪਕੜੀ। ਤੀਜਾ ਸਟਾਪ ਮੈਂ ਓਰਲੈਂਡੋ ਸ਼ਹਿਰ ਕੀਤਾ। ਓਰਲੈਂਡੋ ਫਲੋਰੀਡਾ ਸਟੇਟ ਵਿਚ ਹੈ, ਜਿਥੇ ਕਿ ਮਸ਼ਹੂਰ ਡਿਜ਼ਨੀਲੈਂਡ ਹੈ। ਓਰਲੈਂਡੋ ਤੋਂ ਮੈਂ ਵਾਪਸ ਮਿਲਵਾਕੀ ਆ ਗਿਆ। ਇਸ ਸਫ਼ਰ ਦੇ ਵਿਚ ਮੈਂ ਹਜ਼ਾਰਾਂ ਅਮਰੀਕਨਾਂ ਨੂੰ ਮਿਲਿਆ। ਮੈਂ ਹੁਣ ਤੱਕ ਇਹ ਮਹਿਸੂਸ ਕਰ ਲਿਆ ਸੀ ਕਿ ਸਿੱਖਾਂ

ਵਾਸਤੇ ਅਮਰੀਕਾ ਵਿਚ ਕਿਸੇ ਨੂੰ ਕੋਈ ਨਫ਼ਰਤ ਨਹੀਂ ਹੈ। ਮੇਰੇ ਤਿੰਨੋਂ ਭਰਾ ਪਾਰਟੀਆਂ ਆਦਿਕ ਕਰਦੇ ਸੀ ਜਿਥੇ ਕਾਫ਼ੀ ਮਹਿਮਾਨ ਆਉਂਦੇ ਸਨ। ਮੇਰੇ ਭਰਾਵਾਂ ਨੂੰ ਵੀ ਜੇ ਕੋਈ ਦੋਸਤ ਜਾਂ ਰਿਸ਼ਤੇਦਾਰ ਬੁਲਾਉਂਦੇ ਸਨ ਤਾਂ ਉਹ ਮੈਨੂੰ ਆਪਣੇ ਨਾਲ ਹੀ ਲੈ ਜਾਂਦੇ ਸਨ। ਤਕਰੀਬਨ 60 ਦਿਨ ਅਮਰੀਕਾ ਰਹਿਣ ਦੇ ਦੌਰਾਨ ਹਜ਼ਾਰਾਂ ਹੀ ਮੀਲ ਦਾ ਸਫ਼ਰ ਜਹਾਜ਼ਾਂ, ਗੱਡੀਆਂ ਤੇ ਕਾਰਾਂ ਰਾਹੀ ਕੀਤਾ। ਮੈਂ ਇਸ ਸਫ਼ਰ ਤੋਂ ਕਾਫ਼ੀ ਕੁਝ ਗ੍ਰਹਿਣ ਕੀਤਾ ਅਤੇ ਫਿਰ ਭਾਰਤ ਵਾਪਸ ਆ ਗਿਆ। ਮੈਂ ਆਪਣੀ ਪਤਨੀ ਤੇ ਬੱਚਿਆਂ ਨੂੰ ਦੱਸਿਆ ਕਿ ਅਸੀਂ ਉਹ ਪਰਿਵਾਰ ਹਾਂ ਜਿਹੜਾ ਕਿ ਅਮਰੀਕਨ ਸੁਸਾਇਟੀ ਵਿਚ ਆਪਣੀਆਂ ਕਦਰਾਂ ਕੀਮਤਾਂ ਲੈ ਕੇ ਜਜ਼ਬ ਹੋ ਸਕਦਾ ਹੈ। ਅਸੀਂ ਅਮਰੀਕਾ ਰਵਾਨਾ ਹੋਣ ਲਈ ਸੋਚਣ ਲੱਗ ਪਏ।

# ਜਾਇਦਾਦ ਸਬੰਧੀ

ਦਸੰਬਰ 1982 ਤੋਂ ਮੈਂ ਪਟਿਆਲੇ ਜ਼ਿਲ੍ਹੇ ਦਾ ਅਸਿਸਟੈਂਟ ਆਬਕਾਰੀ ਤੇ ਕਰ ਕਮਿਸ਼ਨਰ, ਇੰਚਾਰਜ ਲੱਗਾ ਹੋਇਆ ਸੀ। ਮਈ 1987 ਤੱਕ ਮੇਰੇ ਸਾਢੇ ਚਾਰ ਸਾਲ ਹੋ ਗਏ ਸੀ। ਸਾਡੇ ਮਹਿਕਮੇ ਦੀਆਂ ਬਦਲੀਆਂ ਤਕਰੀਬਨ ਮਈ ਜੂਨ ਵਿਚ ਹੁੰਦੀਆਂ ਸਨ। ਮੇਰੀ ਪਟਿਆਲੇ ਦੀ ਨੌਕਰੀ ਚਾਰ ਸਾਲ ਤੋਂ ਵੱਧ ਹੋ ਚੁੱਕੀ ਸੀ, ਮੈਂ ਉਸ ਵੇਲੇ ਦੇ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ, ਸ਼੍ਰੀ ਐਸ.ਕੇ ਨਾਇਕ ਨੂੰ ਬਦਲੀ ਬਾਰੇ ਮਿਲਿਆ। ਹੁਣ ਤੱਕ ਮੈਂ ਸੋਚ ਲਿਆ ਸੀ ਕਿ ਮੇਰੇ ਲਈ ਹਿਮਾਚਲ ਦੀ ਜ਼ਮੀਨ ਵੇਚਣਾ ਅਮਰੀਕਾ ਜਾਣ ਲਈ ਬਹੁਤ ਜ਼ਰੂਰੀ ਹੈ। ਸਿਰਫ਼ ਦੋ ਹੀ ਜ਼ਿਲ੍ਹੇ ਮੇਰੇ ਅਨੁਕੂਲ ਸਨ, ਇੱਕ ਹੁਸ਼ਿਆਰਪੁਰ ਅਤੇ ਦੂਜਾ ਗੁਰਦਾਸਪੁਰ। ਮੇਰਾ ਬਾਗ਼ ਹਿਮਾਚਲ ਤੋਂ ਦੋਵਾਂ ਜ਼ਿਲ੍ਹਿਆਂ ਤੋਂ ਬਰਾਬਰ ਦੀ ਦੂਰੀ ਤੇ ਹੀ ਸੀ। ਸਾਡੇ ਬਾਗ਼ ਦੇ ਨਜ਼ਦੀਕ ਸਭ ਤੋਂ ਵੱਡਾ ਸ਼ਹਿਰ ਪਠਾਨਕੋਟ ਸੀ ਜੋ ਗੁਰਦਾਸਪੁਰ ਵਿੱਚ ਪੈਂਦਾ ਸੀ। ਜਦੋਂ ਮੈਂ ਕਮਿਸ਼ਨਰ ਸਾਹਿਬ ਨਾਲ ਗੱਲਾਂ ਕਰ ਹੀ ਰਿਹਾ ਸੀ ਤਾਂ ਉਹਨਾਂ ਨੇ ਉਸ ਵੇਲੇ ਹੀ ਮਨ ਬਣਾ ਲਿਆ ਸੀ ਕਿ ਮੇਰੀ ਬਦਲੀ ਗੁਰਦਾਸਪੁਰ ਜ਼ਿਲ੍ਹਾ ਇੰਚਾਰਜ ਹੋ ਜਾਵੇਗੀ।

ਮੈਂ ਆਪਣੀ ਡਿਊਟੀ 'ਤੇ ਜੂਨ 1987 ਵਿਚ ਗੁਰਦਾਸਪੁਰ ਵਿਖੇ ਹਾਜ਼ਰ ਹੋਇਆ। ਹੁਣ ਤੱਕ ਮੈਨੂੰ ਪਟਿਆਲਾ ਤੇ ਅੰਮ੍ਰਿਤਸਰ ਜ਼ਿਲ੍ਹੇ ਚਲਾਉਣ ਦਾ ਪੰਜ ਤੋਂ ਵੱਧ ਵਰ੍ਹਿਆਂ ਦਾ ਤਜ਼ਰਬਾ ਸੀ। ਉਹਨਾਂ ਜ਼ਿਲ੍ਹਿਆਂ ਦੇ ਮੁਕਾਬਲੇ ਤੇ ਗੁਰਦਾਸਪੁਰ ਛੋਟਾ ਜ਼ਿਲ੍ਹਾ ਸੀ ਅਤੇ ਮੈਨੂੰ ਇਸ ਜ਼ਿਲ੍ਹੇ ਦੇ ਕੰਮ ਕਾਜ ਨੂੰ ਚਲਾਉਣ ਵਿਚ ਕੋਈ ਦਿਕਤ ਨਹੀਂ ਆਈ ਸੀ। ਪੰਜਾਬ ਵਿਚ ਗੁਰਦਾਸਪੁਰ ਜ਼ਿਲ੍ਹਾ ਅਜੇ ਵੀ ਮਿਲੀਟੈਂਸੀ ਅਸਰ ਹੇਠ ਸੀ। ਮੈਨੂੰ ਇਹਨਾਂ ਗੱਲਾਂ ਤੋਂ ਡਰ ਨਹੀਂ ਲੱਗਦਾ ਸੀ। ਮਾਰਚ 1988 ਵਿਚ ਜੋ ਐਕਸਾਈਜ਼ ਆਕਸ਼ਨ ਗੁਰਦਾਸਪੁਰ ਵਿਚ ਹੋਈਆਂ, ਗੁਰਦਾਸਪੁਰ ਜ਼ਿਲ੍ਹੇ ਦੀ ਆਮਦਨ ਵਿਚ 37 ਪ੍ਰਤੀਸ਼ਤ ਵਾਧਾ ਹੋਇਆ ਜੋ ਕਿ ਸਾਰੇ ਜ਼ਿਲ੍ਹਿਆਂ ਤੋਂ ਵੱਧ ਸੀ।

ਅਪ੍ਰੈਲ 1988 ਵਿਚ ਮੇਰੇ ਮਾਤਾ ਪਿਤਾ ਜੋ ਅਮਰੀਕਾ ਗਏ ਹੋਏ ਸਨ, ਪਟਿਆਲੇ ਵਾਪਸ ਆ ਗਏ। ਮੇਰੇ ਪਿਤਾ ਜੀ ਦੀ ਉਮਰ ਉਸ ਵੇਲੇ ਤਕਰੀਬਨ 82 ਸਾਲ ਦੀ ਸੀ। ਉਹਨਾਂ ਨੂੰ ਅਮਰੀਕਾ ਵਿਚ ਨਮੋਨੀਆ ਹੋ ਗਿਆ ਸੀ। ਉਹਨਾਂ ਨੇ ਮੈਨੂੰ ਕਿਹਾ ਕਿ ਉਹ ਭਾਰਤ ਆਖਰੀ ਸਾਹ ਲੈਣ ਲਈ ਆਏ ਹਨ। ਸਾਰੇ ਭਰਾਵਾਂ ਵਿਚੋਂ

ਸਿਰਫ਼ ਮੈਂ ਹੀ ਉਸ ਵੇਲੇ ਭਾਰਤ ਵਿਚ ਸੀ। ਮੈਂ ਪਟਿਆਲਾ ਦੀ ਬਦਲੀ ਲਈ ਦੁਬਾਰਾ ਬੇਨਤੀ ਕੀਤੀ। ਮੇਰੀ ਪਟਿਆਲੇ ਬਦਲੀ ਹੋ ਗਈ ਤੇ ਮੈਂ ਈ.ਟੀ.ਸੀ ਪੰਜਾਬ ਦਫਤਰ, ਪਟਿਆਲਾ 6 ਜੂਨ,1988 ਨੂੰ ਜਾਇਨ ਕਰ ਲਿਆ।

ਮੈਂ 1979 ਵਿਚ ਹਿਮਾਚਲ ਪ੍ਰਦੇਸ਼ ਵਿਚ 31 ਏਕੜ ਜ਼ਮੀਨ ਖ਼ਰੀਦੀ ਸੀ। ਇਹ ਜ਼ਮੀਨ ਖ਼ਰੀਦਣ ਲਈ 1978 ਵਿਚ ਮੈਂ ਆਪਣੇ ਜੱਦੀ ਪਿੰਡ ਦੁਗਾਲ ਦੀ ਜ਼ਮੀਨ ਵੇਚੀ ਸੀ। ਹਿਮਾਚਲ ਦੀ ਜ਼ਮੀਨ ਜੰਗਲ ਹੀ ਪਈ ਸੀ। ਮੇਰਾ ਦੋਸਤ ਬਾਲ ਕ੍ਰਿਸ਼ਨ ਸਿੰਗਲਾ ਜਿਸ ਨੇ ਮੇਰੇ ਨਾਲ ਮਿਲ ਕੇ ਇਹ ਜ਼ਮੀਨ ਖ਼ਰੀਦੀ ਸੀ, ਪਟਿਆਲੇ ਦਾ ਵਪਾਰੀ ਸੀ। ਆਰਥਿਕ ਤੌਰ ਤੇ ਉਹ ਮੇਰੇ ਨਾਲੋਂ ਸੌਖਾ ਸੀ। ਕੁਲ ਜ਼ਮੀਨ 56 ਏਕੜ ਸੀ ਅਤੇ ਉਸ ਦੇ ਹਿੱਸੇ 25 ਏਕੜ ਸੀ। ਜ਼ਮੀਨ ਦਾ ਦੋਵਾਂ ਨੇ ਰਲ ਕੇ ਵਿਕਾਸ ਕਰਨਾ ਸੀ। ਬਾਲ ਕ੍ਰਿਸ਼ਨ ਸਿੰਗਲਾ, 1956 ਤੋਂ ਮੇਰਾ ਬਹੁਤ ਚੰਗਾ ਮਿੱਤਰ ਸੀ ਅਤੇ ਮੇਰੇ ਨਾਲ ਕੋਈ ਹਿਸਾਬ ਕਿਤਾਬ ਦੇ ਸ਼ੱਕ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਬਾਲ ਕ੍ਰਿਸ਼ਨ ਦਾ ਵਪਾਰ ਪਟਿਆਲੇ ਵਿਚ ਫੈਲਿਆ ਹੋਇਆ ਸੀ। ਉਸ ਕੋਲ ਸਮਾਂ ਬਹੁਤ ਘੱਟ ਸੀ। ਉਸ ਦੇ ਆਰਥਿਕ ਸਾਧਨ ਮੇਰੇ ਨਾਲੋਂ ਜ਼ਿਆਦਾ ਚੰਗੇ ਸਨ। ਮੇਰੀ ਤੇ ਮੇਰੀ ਪਤਨੀ ਦੀ ਸਿਰਫ਼ ਤਨਖ਼ਾਹਾਂ ਦੀ ਆਮਦਨ ਸੀ। ਮੈਂ ਤੇ ਮੇਰੀ ਪਤਨੀ ਇੱਕ ਤਨਖ਼ਾਹ ਨਾਲ ਹੀ ਘਰ ਚਲਾਉਂਦੇ ਸੀ ਅਤੇ ਇੱਕ ਤਨਖ਼ਾਹ ਫਾਰਮ ਤੇ ਖਰਚਦੇ ਸੀ। ਮੈਂ 1979,1980 ਅਤੇ 1981 ਵਿੱਚ ਇੱਕ ਮਹੀਨੇ ਦੀ ਛੁੱਟੀ ਲੈ ਕੇ ਫਾਰਮ ਦਾ ਕਾਫ਼ੀ ਵਿਕਾਸ ਕੀਤਾ। ਬਾਲ ਕ੍ਰਿਸ਼ਨ ਵੀ ਆਪਣੇ ਪਰਿਵਾਰ ਸਮੇਤ ਫਾਰਮ ਜਾਂਦਾ ਸੀ। ਫਾਰਮ ਵਿਕਸਿਤ ਹੁੰਦਾ ਗਿਆ। ਅਸੀਂ ਫਾਰਮ, ਖੇਤੀ ਤੇ ਮਸ਼ੀਨਰੀ ਆਦਿ ਦੀ ਦੇਖਭਾਲ ਕਰਨ ਲਈ ਦੋ ਮਜ਼ਦੂਰ ਰੱਖੇ ਹੋਏ ਸਨ।

1986 ਵਿਚ ਜਦੋਂ ਮੇਰਾ ਪਰਿਵਾਰ ਅਮਰੀਕਾ ਜਾਣ ਬਾਰੇ ਸੋਚ ਰਿਹਾ ਸੀ ਤਾਂ ਮੈਂ ਬਾਲ ਕ੍ਰਿਸ਼ਨ ਜੀ ਨੂੰ ਪੁੱਛਿਆ ਕਿ ਮੇਰੀ ਗ਼ੈਰ-ਹਾਜ਼ਰੀ ਵਿਚ ਉਹ ਜ਼ਮੀਨ ਦੀ ਦੇਖ ਭਾਲ ਕਰ ਸਕਦੇ ਹਨ, ਤਾਂ ਉਹਨਾਂ ਨੇ ਜ਼ਮੀਨ ਦੀ ਸੰਭਾਲ ਕਰਨ ਵਿੱਚ ਆਪਣੀ ਮਜਬੂਰੀ ਪ੍ਰਗਟ ਕੀਤੀ। ਇਸ ਲਈ ਸਾਡੇ ਕੋਲ ਜ਼ਮੀਨ ਵੇਚਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ ਬਚਿਆ। 1986 ਵਿਚ ਅਸੀਂ ਆਪਣੀ ਜ਼ਮੀਨ ਵੇਚਣ ਤੇ ਲਾ ਦਿੱਤੀ। ਸਾਰੀ ਜ਼ਮੀਨ ਦੀ ਕੀਮਤ ਅਸੀਂ ਪੰਦਰਾਂ ਲੱਖ ਰੁਪਏ ਰੱਖੀ। ਪਹਿਲੇ ਖ਼ਰੀਦਦਾਰ ਨੇ ਸਾਨੂੰ ਚਾਰ ਲੱਖ ਰੁਪਏ ਦੀ ਪੇਸ਼ਕਸ਼ ਕੀਤੀ। ਮੈਂ ਗੁਰਦਾਸਪੁਰ ਰਹਿੰਦਿਆਂ ਹੋਇਆ ਹਫ਼ਤੇ ਵਿਚ ਦੋ ਵਾਰ ਫਾਰਮ ਜਾਂਦਾ ਸੀ। ਬਾਗ਼ ਦੀ ਦਿਖ ਠੀਕ ਹੋ ਰਹੀ ਸੀ। ਗੁਰਦਾਸਪੁਰ ਰਹਿੰਦਿਆਂ ਮੈਂ ਆਪਣੀ ਜ਼ਮੀਨ ਤਿੰਨ ਚਾਰ ਪਾਰਟੀਆਂ ਨੂੰ ਦਿਖਾਈ। ਜੁਲਾਈ 1988 ਵਿਚ ਹਿਮਾਚਲ ਵਿਚ ਬਹੁਤ ਜ਼ਿਆਦਾ ਮੀਂਹ ਪੈਣ ਨਾਲ ਪੌਂਗ ਡੈਮ ਦਾ ਪਾਣੀ ਡੈਮ ਨੂੰ ਬਚਾਉਣ ਲਈ ਛੱਡ ਦਿੱਤਾ ਗਿਆ। ਸਾਡੀ ਜ਼ਮੀਨ ਨਾਲ ਵੀ ਇਸ ਡੈਮ ਦਾ ਇੱਕ ਨਾਲਾ ਜਾਂਦਾ ਸੀ। ਪਾਣੀ ਛੱਡਣ ਕਰਕੇ ਉਸ

ਨਾਲੇ ਵਿੱਚ ਬਹੁਤ ਜ਼ਿਆਦਾ ਪਾਣੀ ਆ ਗਿਆ ਤੇ ਬਾਗ਼ ਦੇ 25 ਪ੍ਰਤੀਸ਼ਤ ਦਰਖੱਤਾਂ ਦੀਆਂ ਜੜ੍ਹਾਂ ਪੁੱਟੀਆਂ ਗਈਆਂ। ਪਾਣੀ ਟਰੈਕਟਰ ਦੇ ਇੰਜਣ ਵਿੱਚ ਵੀ ਪੈ ਗਿਆ। ਮੈਂ ਦਰਿਆ ਦੇ ਉਰਲੇ ਪਾਸੇ ਖੜ੍ਹ ਕੇ ਇਹ ਸਾਰਾ ਨਜ਼ਾਰਾ ਦੇਖ ਰਿਹਾ ਸੀ। ਸਾਡੇ ਨਾਲ ਪਠਾਨਕੋਟ ਦੇ ਇੱਕ ਦੋ ਹੋਰ ਜ਼ਿਮੀਦਾਰਾਂ ਨੇ ਹਿਮਾਚਲ ਵਿਚ ਕਾਫ਼ੀ ਜ਼ਮੀਨ ਲਈ ਸੀ। ਉਹ ਤਾਂ ਇਹ ਦ੍ਰਿਸ਼ ਦੇਖ ਕੇ ਵਾਪਸ ਚਲੇ ਗਏ ਅਤੇ ਦਿਲ ਛੱਡ ਗਏ। ਪਰ ਮੈਂ ਦਿਲ ਨਹੀਂ ਛੱਡਿਆ। ਅਸੀਂ ਫਾਰਮ ਦੀ ਟੁੱਟ ਭੱਜ ਤੇ ਉਜਾੜੇ ਨੂੰ ਠੀਕ ਕਰਨ ਲਈ ਹੋਰ ਮਜ਼ਦੂਰ ਲਗਾ ਦਿੱਤੇ। ਟਰੈਕਟਰ ਵੀ ਠੀਕ ਕਰਵਾ ਲਿਆ ਤੇ ਕੁਝ ਹੀ ਮਹੀਨਿਆਂ ਵਿਚ ਅਸੀਂ ਜ਼ਮੀਨ ਹੋਰ ਲੋਕਾਂ ਨੂੰ ਵੇਚਣ ਲਈ ਦਿਖਾਉਣ ਲੱਗ ਪਏ। ਅਸੀਂ ਟਰੈਕਟਰ ਅਲੱਗ ਕਰਕੇ ਵੇਚ ਦਿੱਤਾ।

ਅਸੀਂ ਸਾਰੀ ਜ਼ਮੀਨ ਮੁਫ਼ਤ ਵਾਂਗ ਹੀ ਵੇਚ ਦਿੱਤੀ। ਸ਼ਾਹਬਾਦ ਦੇ ਇੱਕ ਜ਼ਿੰਮੀਦਾਰ ਜੋ ਸਾਡੇ ਰਿਸ਼ਤੇਦਾਰ ਸਨ, ਨੂੰ ਸਾਰਾ ਬਾਗ਼ ਤੇ ਘਰ ਅੱਠ ਲੱਖ ਵਿਚ ਵੇਚ ਦਿੱਤਾ। ਸਾਨੂੰ ਚਾਰ ਲੱਖ ਰੁਪਏ 1990 ਤੇ ਚਾਰ ਲੱਖ ਰੁਪਏ 1992 ਵਿਚ ਮਿਲ ਗਏ। ਚਾਹੇ ਮਿਲੇ ਪੈਸੇ ਸਾਨੂੰ ਮਿਹਨਤ ਨਾਲੋਂ ਘੱਟ ਲਗਦੇ ਸਨ ਪਰ ਵਾਧਾ ਇਸ ਗੱਲ ਦਾ ਸੀ ਕਿ ਅਸੀਂ ਸੁਰਖਰੂ ਹੋ ਗਏ ਸੀ। ਹੁਣ ਅਸੀਂ ਬੇ-ਫਿਕਰੀ ਨਾਲ ਅਮਰੀਕਾ ਜਾ ਸਕਦੇ ਸੀ।

ਅਮਰੀਕਨ ਅੰਬੈਸੀ ਨੇ ਸਾਨੂੰ ਇਮੀਗ੍ਰੇਸ਼ਨ ਲਈ ਕਾਗਜ਼ਾਤ ਜੂਨ-ਜੁਲਾਈ,1992 ਵਿਚ ਭੇਜ ਦਿੱਤੇ। ਸਾਰੇ ਦਸਤਾਵੇਜ਼ ਪੂਰੇ ਕਰਕੇ ਅਕਤੂਬਰ 1992 ਨੂੰ ਅਸੀਂ ਅਮਰੀਕਾ ਜਾਣ ਲਈ ਤਿਆਰ ਹੋ ਗਏ। ਅਕਤੂਬਰ 1992 ਵਿਚ ਮੈਂ ਡਿਪਟੀ ਆਬਕਾਰੀ ਤੇ ਕਰ ਕਮਿਸ਼ਨਰ ਪਟਿਆਲਾ ਡਵੀਜ਼ਨ, ਪਟਿਆਲੇ ਦਾ ਮੁੱਖੀ ਸੀ। ਮੇਰੀ ਪਤਨੀ ਪਟਿਆਲਾ ਜ਼ਿਲ੍ਹੇ ਵਿਚ ਬਤੌਰ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਤਾਇਨਾਤ ਸੀ। ਅਸੀਂ ਦੋਵਾਂ ਨੇ 1 ਅਕਤੂਬਰ 1992 ਤੋਂ 6 ਮਹੀਨਿਆਂ ਦੀ ਛੁੱਟੀ ਲਈ ਅਰਜ਼ੀ ਦਿੱਤੀ। ਮੇਰੀ ਪਤਨੀ ਨੂੰ 6 ਮਹੀਨਿਆਂ ਦੀ ਛੁੱਟੀ ਮਿਲ ਗਈ। ਮੇਰੀ ਨੌਕਰੀ ਜ਼ਿਆਦਾ ਮਹੱਤਵਪੂਰਨ ਸੀ ਤੇ ਮੈਂ ਮਾਰਚ 1993 ਵਿਚ ਸ਼ਰਾਬ ਦੇ ਠੇਕਿਆਂ ਦੀ ਨਿਲਾਮੀਆਂ ਕਰਵਾਉਣੀਆਂ ਸਨ। ਮੈਨੂੰ ਸ. ਸਮਸ਼ੇਰ ਸਿੰਘ ਦੂਲੋਂ, ਆਬਕਾਰੀ ਤੇ ਕਰ ਮੰਤਰੀ ਨੇ 15 ਦਿਨਾਂ ਦੀ ਛੁੱਟੀ ਲਈ ਮਨਾ ਲਿਆ।

ਵਿੱਦਿਅਕ ਤੌਰ ਤੇ ਮੇਰੇ ਵੱਡੇ ਪੁੱਤਰ ਗੁਰਮੀਤ ਨੇ 1989 ਵਿਚ ਯਾਦਵਿੰਦਰਾ ਪਬਲਿਕ ਸਕੂਲ ਤੋਂ ਦੱਸਵੀਂ ਕੀਤੀ। ਉਸ ਨੇ 1991 ਵਿੱਚ ਪ੍ਰੀ-ਇੰਜੀਨੀਅਰਿੰਗ ਕੀਤੀ। ਉਸ ਦੇ ਪ੍ਰੀ-ਇੰਜੀਨੀਅਰਿੰਗ ਵਿੱਚੋਂ ਦਰਮਿਆਨੀ ਸੈਕਿੰਡ ਕਲਾਸ ਆਈ। ਪੀ.ਈ.ਟੀ ਇਮਤਿਹਾਨ ਵਿਚ ਵੀ ਉਸ ਦਾ ਸਕੋਰ ਦਰਮਿਆਨਾ ਜਿਹਾ ਰਿਹਾ। ਨਤੀਜਾ ਇਹ ਹੋਇਆ ਕਿ ਉਸ ਨੂੰ ਪੰਜਾਬ ਦੇ ਕਿਸੇ ਵੀ ਇੰਜੀਨੀਅਰਿੰਗ ਕਾਲਜ ਵਿਚ ਦਾਖ਼ਲਾ ਨਾ ਮਿਲਿਆ। ਪੇਡ ਇੰਜੀਨੀਅਰਿੰਗ

ਕਾਲਜ ਵਿਚ ਸੀਟ ਉਹਨਾਂ ਦਿਨਾਂ ਵਿੱਚ 50 ਹਜਾਰ ਤੋਂ ਇੱਕ ਲੱਖ ਰੁਪਏ ਤੱਕ ਸੀ। ਪਰ ਮੇਰੇ ਕੋਲ ਕੋਈ ਪੈਸੇ ਨਹੀਂ ਸਨ। ਪਰਿਵਾਰ ਨੇ ਅਮਰੀਕਾ ਜਾਣਾ ਸੀ, ਮੈਂ ਉਸ ਨੂੰ ਕਿਸੇ ਦੋਸਤ ਦੀ ਵਰਕਸ਼ਾਪ ਵਿਚ ਭੇਜ ਦਿੱਤਾ ਤਾਂ ਕਿ ਉਹ ਕਾਰ ਦੀ ਮਕੈਨਿਕਸ ਸਿੱਖ ਲਵੇ।

ਮੇਰੇ ਛੋਟੇ ਪੁੱਤਰ ਗੁਰਜੀਤ ਨੇ 10ਵੀਂ ਕਲਾਸ ਯਾਦਵਿੰਦਰਾ ਪਬਲਿਕ ਸਕੂਲ ਤੋਂ 78 ਪ੍ਰਤੀਸ਼ਤ ਅੰਕ ਪ੍ਰਾਪਤ ਕਰ ਕੇ ਕੀਤੀ। ਉਹ ਮਹਿੰਦਰਾ ਕਾਲਜ ਵਿਚ ਪ੍ਰੀ ਮੈਡੀਕਲ ਵਿਚ ਪੜ੍ਹ ਰਿਹਾ ਸੀ। ਮੈਂ ਉਸ ਨੂੰ ਵੀ ਗੁਰਮੀਤ ਦੇ ਨਾਲ ਹੀ ਇੱਕ ਲੋਕਲ ਵਰਕਸ਼ਾਪ ਵਿਚ ਮਕੈਨਿਕਲ ਕੰਮ ਸਿੱਖਣ ਲਈ ਭੇਜ ਦਿੱਤਾ। ਇਹ ਵਰਕਸ਼ਾਪ ਮੇਰੇ ਕਿਸੇ ਮਿੱਤਰ ਦੀ ਸੀ ਜੋ ਭਾਰਤੀ ਫੌਜ ਦੇ ਸਾਬਕਾ ਬ੍ਰਿਗੇਡੀਅਰ ਸਨ।

# ਅਮਰੀਕਾ ਲਈ ਰਵਾਨਗੀ

7 ਅਕਤੂਬਰ, 1992 ਨੂੰ ਅਸੀਂ ਚਾਰ ਟਿਕਟਾਂ ਖ਼ਰੀਦ ਕੇ ਦਿੱਲੀਂ ਤੋਂ ਸ਼ਿਕਾਗੋ (ਅਮਰੀਕਾ) ਜਾਣ ਲਈ ਰਵਾਨਗੀ ਦੀ ਤਿਆਰੀ ਕੀਤੀ। ਜਹਾਜ਼ ਨੇ ਸਵੇਰੇ ਪੰਜ ਵਜੇ ਉਡਾਣ ਭਰਨੀ ਸੀ ਅਤੇ ਅਸੀਂ ਸਾਰਿਆਂ ਨੇ ਤਿੰਨ ਵਜੇ ਪਹੁੰਚਣਾ ਸੀ। ਮੈਂ ਤੇ ਮੇਰੇ ਪੁੱਤਰ ਸੂਟਾਂ ਵਿਚ ਸੀ। ਮੇਰੀ ਪਤਨੀ ਨੇ ਪੰਜਾਬੀ ਸੂਟ ਪਾਇਆ ਸੀ। ਮੇਰੇ ਦੋਵਾਂ ਪੁੱਤਰਾਂ ਵਿੱਚੋਂ ਵੱਡਾ ਹਮੇਸ਼ਾ ਹੀ ਜ਼ਿਆਦਾ ਪ੍ਰਸ਼ਨ ਪੁੱਛਦਾ ਸੀ। ਸ਼ਾਇਦ ਉਹ ਜ਼ਿਆਦਾ ਜ਼ਿੰਮੇਵਾਰੀ ਮਹਿਸੂਸ ਕਰਦਾ ਸੀ। ਅਸੀਂ ਇਮੀਗ੍ਰੇਸ਼ਨ ਦੀ ਲਾਈਨ ਸਵੇਰੇ 3.30 ਵਜੇ ਪਾਰ ਕੀਤੀ। ਉਥੇ ਹਾਜ਼ਰ ਅਫ਼ਸਰ ਨੇ ਸਾਡੇ ਸਾਰੇ ਦਸਤਾਵੇਜ਼ ਚੰਗੀ ਤਰ੍ਹਾਂ ਦੇਖੇ ਅਤੇ ਸਾਨੂੰ ਅੱਗੇ ਤੁਰਨ ਲਈ ਕਿਹਾ। ਮੈਂ ਪੰਦਰਾਂ ਦਿਨਾਂ ਬਾਅਦ ਹੀ ਵਾਪਸ ਆਉਣਾ ਸੀ, ਮੇਰੇ ਵੱਡੇ ਪੁੱਤਰ ਗੁਰਮੀਤ ਨੇ ਪੁੱਛਿਆ ਕਿ ਮੇਰੀ ਉਸ ਲਈ ਤੇ ਪਰਿਵਾਰ ਲਈ ਕੋਈ ਸਲਾਹ ਜਾਂ ਸਿੱਖਿਆ ਹੈ? ਉਸ ਉੱਤੇ ਮੈਂ ਆਪਣੇ ਵੱਡੇ ਪੁੱਤਰ ਨੂੰ ਕਿਹਾ ਕਿ ਮਾਤਾ ਪਿਤਾ ਦਾ ਫ਼ਰਜ਼ ਅਤੇ ਸਲਾਹ ਮਸ਼ਵਰਾ ਸਦਾ ਹੀ ਚਲਦਾ ਰਹਿੰਦਾ ਹੈ । ਮੈਂ ਕਿਹਾ ਕਿ ਸਾਡੇ ਜਿੰਨ੍ਹੇ ਵੀ ਦੋਸਤ ਜਾਂ ਰਿਸ਼ਤੇਦਾਰ ਅਮਰੀਕਾ ਗਏ ਹਨ ਸਾਰਿਆਂ ਕੋਲ ਕਾਫ਼ੀ ਦੌਲਤ ਹੈ ਅਤੇ ਉਮੀਦ ਹੈ ਕਿ ਸਾਡੇ ਕੋਲ ਵੀ ਹੋ ਜਾਵੇਗੀ। ਮੇਰੀ ਇੱਛਾ ਹੈ ਕਿ ਸਿੱਖੀ ਤਾਂ ਹੋਵੇ ਗੁਰੂ ਦੀ ਅਤੇ ਡਾਲਰ ਤੇ ਤਕਨਾਲੋਜੀ ਹੋਵੇ ਅਮਰੀਕਾ ਦੀ ਤੇ ਦੋਵਾਂ ਨੂੰ ਇੱਕਠੇ ਕਰਕੇ ਰਿੜਕੀਏ ਤਾਂ ਉਸ ਦਾ ਕੋਈ ਮੁਕਾਬਲਾ ਨਹੀਂ। ਉਹ ਮੈਨੂੰ, ਮੇਰੀ ਇਸ ਗੱਲ ਨਾਲ ਸਹਿਮਤ ਲੱਗਿਆ। ਏਨੇ ਵਿਚ ਅਸੀਂ ਡਿਪਾਰਚਰ ਲੌਂਜ (ਰਵਾਨਗੀ ਖੇਤਰ) ਪਹੁੰਚ ਗਏ। ਜਿੱਥੇ ਤਕਰੀਬਨ ਅੱਧਾ ਪੌਣਾ ਘੰਟਾ ਉਡੀਕਣਾ ਹੁੰਦਾ ਹੈ। ਸਾਰੀਆਂ ਸਵਾਰੀਆਂ ਨੇ ਉਥੋਂ ਹੀ ਜਹਾਜ਼ ਵਿੱਚ ਚੜ੍ਹਨਾ ਹੁੰਦਾ ਹੈ। ਗੁਰਮੀਤ ਨੇ ਫਿਰ ਕਿਹਾ ਕਿ ਉਸ ਨੂੰ ਕੋਈ ਹੋਰ ਸਿੱਖਿਆ ਜਾਂ ਸਲਾਹ ਜੇਕਰ ਮੈਂ ਦੇਣਾ ਚਾਹੁੰਦਾ ਹੋਵਾਂ? ਅਜਿਹਾ ਪੁੱਛਣ ਉੱਤੇ ਮੈਂ ਕਿਹਾ,"ਪਿਤਾ ਦੇ ਤੌਰ ਤੇ ਮੈਨੂੰ ਇਹ ਕਹਿੰਦਿਆਂ ਸ਼ਰਮ ਜਿਹੀ ਮਹਿਸੂਸ ਹੁੰਦੀ ਹੈ ਕਿ ਅਮਰੀਕਾ ਵਿਚ ਏਡਜ਼ ਦੀ ਬਿਮਾਰੀ ਜੰਗਲ ਦੀ ਅੱਗ ਵਾਂਗ ਫੈਲ ਰਹੀ ਹੈ। ਤੁਹਾਡੀ ਉਮਰ ਅਜੇ ਛੋਟੀ ਹੈ ਤੇ ਇਸ ਉਮਰ ਵਿਚ ਕਾਮਾਦਿਕ ਵਿਕਾਰਾਂ ਦਾ ਜ਼ੋਰ ਬਹੁਤ ਜ਼ਿਆਦਾ ਹੁੰਦਾ ਹੈ। ਜੇ ਤੁਸੀਂ ਤਿੰਨ-ਚਾਰ ਸਾਲ ਸੰਜਮ ਨਾਲ ਬਤੀਤ ਕਰ ਸਕਦੇ ਹੋ ਤਾਂ ਆਪਾਂ ਤੁਹਾਡੇ ਵਾਸਤੇ ਭਾਰਤ ਤੋਂ ਚੰਗੀ ਲੜਕੀ ਲੱਭ ਸਕਦੇ ਹਾਂ। ਮੇਰਾ ਤੇ ਮੇਰੇ ਪਰਿਵਾਰ ਦੀ ਰੈਪੂਟੇਸ਼ਨ,

ਵਾਕਫ਼ੀਅਤ ਅਤੇ ਨਾਮ ਕਰਕੇ ਚੰਗੀ ਲੜਕੀ ਲੱਭਣਾ ਸਾਡੇ ਲਈ ਕੋਈ ਮੁਸ਼ਕਿਲ ਕੰਮ ਨਹੀਂ ਸੀ।"

ਅੱਜ 26 ਸਾਲਾਂ ਤੋਂ ਬਾਅਦ ਮੈਂ ਇਹ ਮਾਣ ਨਾਲ ਕਹਿ ਰਿਹਾ ਹਾਂ ਕਿ ਮੇਰੇ ਦੋਵਾਂ ਪੁੱਤਰਾਂ ਨੇ ਮੇਰੀ ਸਿੱਖਿਆ ਨੂੰ ਬਹੁਤ ਸੰਜੀਦਗੀ ਨਾਲ ਲਿਆ ਅਤੇ ਦੋਵੇਂ ਘਰ ਵਿਚ ਰਹਿ ਕੇ ਪੜ੍ਹੇ ਤੇ ਕਦੇ ਕਿਸੇ ਲੜਕੀ ਨਾਲ ਬਾਹਰ ਨਹੀਂ ਗਏ। ਦੋਵੇਂ ਪੁੱਤਰ ਹੁਣ ਅੰਮ੍ਰਿਤਧਾਰੀ ਸਿੱਖ ਹਨ। ਮੈਂ ਪਿਤਾ ਪ੍ਰਮੇਸ਼ਰ ਦਾ ਬਹੁਤ ਹੀ ਸ਼ੁਕਰਗੁਜ਼ਾਰ ਹਾਂ ਕਿ ਬੱਚਿਆਂ ਨੇ ਇੰਨੀ ਛੋਟੀ ਉਮਰ ਵਿਚ ਕੇਸਾਂ ਨੂੰ ਸਤਿਕਾਰ ਨਾਲ ਰੱਖਿਆ ਅਤੇ ਮੇਰੀ ਸਿੱਖਿਆ ਨੂੰ ਇੰਨ-ਬਿੰਨ ਮੰਨਿਆ।

ਉਸੇ ਤਾਰੀਖ਼, ਸ਼ਾਮ ਨੂੰ ਤਕਰੀਬਨ ਚਾਰ ਵਜੇ ਅਸੀਂ ਸ਼ਿਕਾਗੋ ਪਹੁੰਚ ਗਏ। ਮੇਰਾ ਛੋਟਾ ਭਰਾ ਡਾ. ਜਗਜੀਤ ਸਿੰਘ ਜੋ ਸ਼ਿਕਾਗੋ ਵਿੱਚ ਰਹਿੰਦਾ ਸੀ, ਕੋਲ ਸੱਤ ਕੁ ਦਿਨ ਰਹੇ। ਉਸ ਤੋਂ ਬਾਅਦ ਅਸੀਂ ਮਿਲਵਾਕੀ ਚਲੇ ਗਏ। ਜਿਥੇ ਮੇਰੇ ਦੋ ਛੋਟੇ ਭਰਾ ਰਹਿੰਦੇ ਸਨ। ਸਤਵੰਤ ਸਿੰਘ ਉਸ ਵੇਲੇ ਮਿਲਵਾਕੀ ਰਹਿੰਦਾ ਸੀ ਅਤੇ ਗੁਰਵੰਤ ਸਿੰਘ ਮਿਲਵਾਕੀ ਦੇ ਨਜ਼ਦੀਕ ਸ਼ਹਿਰ, ਰਸੀਨ ਵਿਚ ਰਹਿੰਦਾ ਸੀ। ਦੋਵਾਂ ਬੱਚਿਆਂ ਦਾ ਦਾਖ਼ਲਾ ਮੇਰੇ ਲਈ ਬਹੁਤ ਫਿਕਰ ਦਾ ਵਿਸ਼ਾ ਸੀ ਕਿਉਂਕਿ ਮੇਰੀ ਛੁੱਟੀ 15 ਦਿਨਾਂ ਲਈ ਹੀ ਸੀ। ਪੁੱਤਰਾਂ ਦੇ ਦਾਖ਼ਲਿਆਂ ਲਈ ਅਸੀਂ ਸਕੂਲ ਦੇ ਪ੍ਰਬੰਧਕੀ ਦਫ਼ਤਰ ਗਏ। ਆਮ ਹਾਲਤਾਂ ਵਿਚ ਕਿਸੇ ਖਾਸ ਦਿਨ ਤੱਕ ਸਕੂਲਾਂ ਦੇ ਦਾਖ਼ਲੇ ਸਕੂਲ ਲੈਵਲ ਤੇ ਹੋ ਜਾਂਦੇ ਸਨ। ਪਰ ਇੱਕ ਵਾਰ ਦਾਖ਼ਲੇ ਦੀ ਮਿਤੀ ਲੰਘ ਜਾਵੇ ਤਾਂ ਦਾਖ਼ਲੇ ਲਈ ਸਕੂਲਾਂ ਦੇ ਪ੍ਰਬੰਧਕ ਕੋਲ ਜਾਣਾ ਪੈਂਦਾ ਸੀ। ਸਾਰੇ ਦਾਖ਼ਲੇ ਤਕਰੀਬਨ ਅਗਸਤ ਤੱਕ ਖਤਮ ਹੋਂ ਜਾਂਦੇ ਸਨ ਤੇ ਸਤੰਬਰ ਦੇ ਪਹਿਲੇ ਹਫ਼ਤੇ ਕਲਾਸਾਂ ਸ਼ੁਰੂ ਹੋ ਜਾਂਦੀਆਂ ਸਨ। ਹੁਣ ਅਕਤੂਬਰ ਆ ਚੁੱਕਾ ਸੀ, ਸਾਨੂੰ ਸਕੂਲ ਪ੍ਰਬੰਧਕ ਕੋਲ ਜਾਣਾ ਪਿਆ। ਸਕੂਲ ਪ੍ਰਬੰਧਕ ਕੋਲ ਪਹੁੰਚਦਿਆਂ, ਮੈਂ ਇਹ ਸੁਝਾਓ ਦਿੱਤਾ ਕਿ ਗੁਰਮੀਤ ਸਿੰਘ ਜਿਸ ਨੇ 12 ਕਲਾਸਾਂ ਭਾਰਤ ਵਿਚ ਪਾਸ ਕੀਤੀਆਂ ਹਨ, ਨੂੰ ਦੁਬਾਰਾ 12ਵੀਂ ਵਿਚ ਦਾਖ਼ਲਾ ਦੇ ਦਿਓ। ਅਸੀਂ ਸੋਚਿਆ ਕਿ ਇੱਕ ਸਾਲ ਵਿਚ ਸਾਡੇ ਬੱਚਿਆਂ ਦੀ ਅੰਗਰੇਜ਼ੀ ਭਾਸ਼ਾ ਦੀ ਉਚਾਰਨ ਵਿਧੀ ਠੀਕ ਹੋ ਜਾਵੇਗੀ ਤੇ ਸਾਡੇ ਬੱਚੇ ਅਮਰੀਕਨਾਂ ਵਾਂਗ ਹੀ ਅੰਗਰੇਜ਼ੀ ਬੋਲਣ ਲੱਗ ਪੈਣਗੇ। ਛੋਟੇ ਪੁੱਤਰ ਬਾਰੇ ਮੈਂ ਸੁਝਾਓ ਦਿੱਤਾ ਕਿ ਇੰਡੀਆ ਵਿਚ ਉਹ 12ਵੀਂ ਵਿੱਚ ਪੜ੍ਹਦਾ ਸੀ ਪਰ ਉਸ ਨੂੰ 11ਵੀਂ ਵਿਚ ਲੈ ਲਿਆ ਜਾਵੇ। ਪ੍ਰਬੰਧਕ ਮੇਰੇ ਨਾਲ ਸਹਿਮਤ ਨਾ ਹੋਇਆ। ਉਸ ਨੇ ਮੈਨੂੰ ਸਲਾਹ ਦਿੱਤੀ ਕਿ ਵੱਡੇ ਪੁੱਤਰ ਨੂੰ ਅਗਲੇ ਸਾਲ ਸਿੱਧਾ ਯੂਨੀਵਰਸਿਟੀ ਵਿਚ ਹੀ ਭੇਜੋ ਅਤੇ ਛੋਟੇ ਲੜਕੇ ਨੂੰ 12 ਵੀਂ ਜਮਾਤ ਵਿਚ ਹੀ ਭੇਜੋ। ਮੈਂ ਸਭ ਤੋਂ ਛੋਟੇ ਭਰਾ ਗੁਰਵੰਤ ਸਿੰਘ ਨੂੰ ਬੇਨਤੀ ਕੀਤੀ ਕਿ ਮੇਰੇ ਛੋਟੇ ਲੜਕੇ ਗੁਰਜੀਤ ਸਿੰਘ ਨੂੰ ਆਪਣੀ ਜਗ੍ਹਾ ਰਸੀਨ, ਵਿਚ ਇੱਕ ਸਾਲ ਲਈ ਰੱਖ ਲਵੇ। ਉਹ ਮੰਨ ਗਏ। ਇਸ ਨਾਲ ਮੇਰੇ ਲਈ ਬਹੁਤ ਆਰਾਮ ਹੋ ਗਿਆ। ਮੇਰੀ ਗੈਰ-ਹਾਜ਼ਰੀ

ਵਿਚ ਮੇਰੀ ਪਤਨੀ ਨੇ ਉਸ ਨੂੰ ਹੋਰਲਿਕ ਹਾਈ ਸਕੂਲ ਰਸੀਨ, ਵਿਚ ਦਾਖ਼ਲ ਕਰਵਾ ਦਿੱਤਾ। ਮੇਰੇ ਵੱਡੇ ਲੜਕੇ ਨੇ ਅਗਲੇ ਸਾਲ ਯੂਨੀਵਰਸਿਟੀ ਆਫ ਵਿਸਕਾਨਸਿਨ ਵਿਚ ਦਾਖ਼ਲਾ ਲੈਣਾ ਸੀ ਜੋ ਸਤੰਬਰ 1993 ਵਿੱਚ ਹੋਣਾ ਸੀ। ਮੈਂ ਕੁਝ ਕੁ ਦਿਨ ਅਮਰੀਕਾ ਰਹਿ ਕੇ ਵਾਪਸ ਭਾਰਤ ਆ ਗਿਆ।

ਮੇਰੀ ਗ਼ੈਰ-ਹਾਜ਼ਰੀ ਵਿਚ ਮੇਰੇ ਤਿੰਨੋਂ ਭਰਾਵਾਂ ਨੇ ਮੇਰੀ ਪਤਨੀ ਅਤੇ ਵੱਡੇ ਲੜਕੇ ਵਾਸਤੇ ਮਿਲਵਾਕੀ ਸ਼ਹਿਰ ਵਿਚ ਅਪਾਰਟਮੈਂਟ ਲੈ ਦਿੱਤਾ, ਜਿਸ ਦਾ ਕਿਰਾਇਆ 400 ਡਾਲਰ ਪ੍ਰਤੀ ਮਹੀਨਾ ਸੀ। ਉਹਨਾਂ ਨੇ ਤਿੰਨ ਮਹੀਨਿਆਂ ਦਾ ਕਿਰਾਇਆ ਵੀ ਸਾਡੀ ਮਦਦ ਵਜੋਂ ਭਰ ਦਿੱਤਾ। ਅਗਲੇ ਛੇ ਕੁ ਮਹੀਨਿਆਂ ਲਈ ਮੇਰੀ ਪਤਨੀ ਨੇ ਮੈਕਡਾਨਲਡ 'ਚ ਵਰਕਰ ਦੇ ਤੌਰ ਦੇ ਕੰਮ ਕੀਤਾ। ਉਥੇ ਉਹ 400 ਡਾਲਰ ਪ੍ਰਤੀ ਮਹੀਨਾ ਕਮਾਉਂਦੀ ਸੀ। ਗੁਰਮੀਤ ਨੇ ਪਹਿਲਾਂ ਇੱਕ ਪੈਟਰੋਲ ਪੰਪ ਤੇ ਕੰਮ ਕੀਤਾ ਅਤੇ ਫਿਰ ਇੱਕ ਮਸਾਲੇ ਬਣਾਉਣ ਵਾਲੀ ਫੈਕਟਰੀ ਵਿਚ ਲੱਗ ਗਿਆ।

ਛੇ ਮਹੀਨੇ ਦੀ ਛੁੱਟੀ ਖਤਮ ਕਰਕੇ ਮੇਰੀ ਪਤਨੀ ਅਪ੍ਰੈਲ 1993 ਦੇ ਪਹਿਲੇ ਹਫ਼ਤੇ ਵਾਪਸ ਭਾਰਤ ਆ ਗਈ। ਉਸ ਨੇ ਆਉਣ ਤੇ ਮੈਨੂੰ ਦੱਸਿਆ ਕਿ ਅਮਰੀਕਾ ਦਾ ਜੀਵਨ ਬਹੁਤ ਕਠਿਨ ਹੈ ਤੇ ਉਹ ਤੇ ਗੁਰਮੀਤ ਸਿੰਘ ਇਨੇ ਕੁ ਹੀ ਪੈਸੇ ਬਣਾ ਸਕਦੇ ਸੀ ਜਿਸ ਨਾਲ ਮਸਾਂ ਰੋਟੀ ਖਾਈ ਜਾ ਸਕਦੀ ਹੋਵੇ। ਉਸ ਨੇ ਹੋਰ ਦੱਸਿਆ ਕਿ,"ਜੇ ਅਸੀ ਬੱਚਿਆਂ ਨੂੰ ਇੰਝ ਹੀ ਖੁੱਲ੍ਹੇ ਛੱਡਣਾ ਹੈ ਤਾਂ ਸਾਨੂੰ ਉਥੇ ਜਾਣ ਦੀ ਲੋੜ ਵੀ ਨਹੀਂ ਹੈ। ਪਰ ਜੇ ਅਸੀਂ ਬੱਚਿਆਂ ਨੂੰ ਕੁਝ ਕਦਰਾਂ ਕੀਮਤਾਂ ਦੇ ਕੇ ਪਾਲਣਾ ਹੈ ਤਾਂ ਮੈਨੂੰ ਅਮਰੀਕਾ ਜਾਣਾ ਪਵੇਗਾ।" ਬਹੁਤ ਜਲਦੀ ਮੈਂ ਅਤੇ ਮੇਰੀ ਪਤਨੀ ਨੇ ਇਹ ਸਮਝ ਲਿਆ, ਕਿ ਮੈਨੂੰ ਅਮਰੀਕਾ ਜਾਣਾ ਪਵੇਗਾ। ਜੇ ਅਸੀ ਕੁਝ ਆਪਣਾ ਮੂੰਹ-ਸਿਰ ਬਣਾਉਣਾ ਹੈ, ਗੁਰਸਿੱਖੀ ਕਾਇਮ ਰੱਖਣੀ ਹੈ ਤਾਂ ਸਾਡੇ ਬੱਚਿਆਂ ਨੂੰ ਸਾਡੀ ਰੱਖਿਆ ਤੇ ਸਿੱਖਿਆ ਦੀ ਲੋੜ ਪਵੇਗੀ। ਮੈਂ ਆਪਣੀ ਪਤਨੀ ਨੂੰ ਕਿਹਾ," ਮੇਰੀ ਨੌਕਰੀ ਬਹੁਤ ਜ਼ਿੰਮੇਵਾਰੀ ਵਾਲੀ ਹੈ, ਪਟਿਆਲਾ ਡਿਵੀਜ਼ਨ ਦਾ ਮੈਂ ਮੁੱਖੀ ਹਾਂ। ਇਸ ਗੱਲ ਤੇ ਉਸ ਨੇ ਕਿਹਾ,"ਤੁਸੀਂ ਖੁਦ ਫ਼ੈਸਲਾ ਕਰਨਾ ਹੈ ਕਿ ਨੌਕਰੀ ਮਹੱਤਵਪੂਰਨ ਹੈ ਜਾਂ ਬੱਚੇ।"

ਮੇਰੇ ਕੈਰੀਅਰ ਵਿਚ ਇੱਕ ਹੋਰ ਤਰੱਕੀ ਦਾ ਮੌਕਾ ਬਣ ਰਿਹਾ ਸੀ। 1991 ਵਿਚ ਸਾਡੇ ਮਹਿਕਮੇ ਨੇ ਆਈ.ਏ.ਐੱਸ. ਦੀ ਤਰੱਕੀ ਲਈ ਗੈਰ ਪੀ.ਸੀ.ਐੱਸ. ਕੇਡਰ ਵਿਚੋਂ ਮੇਰਾ ਨਾਂ ਭੇਜ ਦਿੱਤਾ। ਯੂ.ਪੀ.ਐੱਸ.ਸੀ. ਨੇ ਮੇਰੀ ਇੰਟਰਵਿਊ ਕੀਤੀ ਅਤੇ ਜਿੰਨੇ ਅਫ਼ਸਰ ਇੰਟਰਵਿਊ ਕੀਤੇ ਸਨ ਉਸ ਵਿਚ ਮੇਰੇ ਨਾਂ ਦੀ ਪਹਿਲੇ ਨੰਬਰ ਤੇ ਸਿਫ਼ਾਰਸ਼ ਹੋਈ। ਰਾਸ਼ਟਰਪਤੀ ਰਾਜ ਖਤਮ ਹੋਣ ਤੋਂ ਬਾਅਦ 1992 ਵਿਚ ਪੰਜਾਬ ਵਿੱਚ ਚੋਣਾਂ ਹੋਈਆਂ ਸਨ। ਕਾਂਗਰਸ ਪਾਰਟੀ ਬਹੁਮਤ ਨਾਲ ਸੱਤਾ ਵਿਚ ਆ ਗਈ ਅਤੇ ਸ. ਬੇਅੰਤ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣੇ। ਨਵੀਂ ਸਰਕਾਰ ਨੇ ਸ਼੍ਰੀ ਏ.ਕੇ ਗੋਇਲ ਦਾ ਨਾਂ ਇੱਕ ਨੰਬਰ ਤੇ ਅਤੇ ਮੇਰਾ ਨਾਮ ਦੋ ਨੰਬਰ ਤੇ ਸਿਫ਼ਾਰਸ਼ ਕਰਕੇ ਹੋਮ

ਮਨਿਸਟਰੀ, ਗਵਰਮੈਂਟ ਆਫ ਇੰਡੀਆ ਨੂੰ ਭੇਜ ਦਿੱਤਾ ਤੇ ਨਾਲ ਹੀ ਕਹਿ ਦਿੱਤਾ ਕਿ, ਕਿਉਂਕਿ ਦੋ ਅਸਾਮੀਆਂ ਹਨ ਦੋਵੇਂ ਅਸਾਮੀਆਂ ਭਰੀਆਂ ਜਾ ਸਕਦੀਆਂ ਹਨ। ਯੂ.ਪੀ.ਐਸ.ਸੀ ਪੰਜਾਬ ਸਰਕਾਰ ਦੇ ਇਸ ਸੁਝਾਓ ਨਾਲ ਸਹਿਮਤ ਨਹੀਂ ਹੋਈ। 1993 ਵਿਚ ਕੁਝ ਹੋਰ ਗੈਰ ਪੀ.ਸੀ.ਐਸ ਅਫ਼ਸਰ ਆਈ.ਏ.ਐਸ ਪ੍ਰਮੋਟ ਹੋ ਗਏ ਜਿਹਨਾਂ ਦੀ ਇੰਟਰਵਿਊ ਮੇਰੇ ਤੋਂ ਬਾਅਦ ਹੋਈ। ਉਹਨਾਂ ਦੀ ਨੋਟੀਫਿਕੇਸ਼ਨ ਗਵਰਮੈਂਟ ਆਫ ਇੰਡੀਆ ਤੋਂ ਪੰਜਾਬ ਸਰਕਾਰ ਨੇ ਸਿਫ਼ਾਰਸ਼ ਭੇਜ ਕੇ ਕਰਾ ਦਿੱਤੀ ਅਤੇ ਮੇਰਾ ਨਾਮ ਵਿਚਾਲੇ ਹੀ ਰਹਿ ਗਿਆ। ਇਹ ਮੇਰੇ ਲਈ ਬਹੁਤ ਧੱਕਾ ਸੀ। ਮੈਂ ਪੰਜਾਬ ਸਰਕਾਰ ਪ੍ਰਤੀ ਬਹੁਤ ਨਿਰਾਸ਼ਾ ਮਹਿਸੂਸ ਕੀਤੀ।

ਉਸ ਵੇਲੇ ਮੈਂ ਅਜੀਬ ਜਿਹੀ ਸਥਿਤੀ ਵਿਚ ਫਸ ਗਿਆ। ਮੈਂ ਸੋਚਿਆ ਕਿ ਜੇ ਮੈਂ ਸਰਕਾਰ ਨਾਲ ਲੜਨਾ ਹੈ ਅਤੇ ਸਰਕਾਰ ਦਾ ਫ਼ੈਸਲਾ ਬਦਲਵਾਉਣਾ ਹੈ ਤਾਂ ਮੈਨੂੰ ਪੰਜਾਬ-ਹਰਿਆਣਾ ਹਾਈ ਕੋਰਟ ਵਿਚ ਜਾਣਾ ਪਵੇਗਾ, ਜਿਸ ਵਿਚ ਕਈ ਮਹੀਨੇ ਜਾਂ ਕਈ ਸਾਲ ਮੁਕੱਦਮੇਬਾਜੀ ਵਿੱਚ ਲਗ ਸਕਦੇ ਹਨ। ਮੈਂ ਹੋਰ ਸੋਚਿਆ ਕਿ ਜੇ ਮੈਂ ਹੁਣ ਅਮਰੀਕਾ ਨਾ ਜਾ ਸਕਿਆ, ਤਾਂ ਸ਼ਾਇਦ ਮੇਰੇ ਬੱਚੇ ਮੇਰੀ ਸਿੱਖਿਆ ਤੇ ਰੱਖਿਆ ਤੋਂ ਵੰਚਿਤ ਰਹਿ ਜਾਣਗੇ ਤੇ ਬਾਅਦ ਵਿਚ ਮੇਰੇ ਹੱਥ ਪਛਤਾਵਾ ਹੀ ਰਹਿ ਜਾਵੇਗਾ। ਦਿਲ ਤੇ ਪੱਥਰ ਰੱਖ ਕੇ ਮੈਂ ਇਨਸਾਫ਼ ਲਈ ਹਾਈ ਕੋਰਟ ਜਾਣ ਦਾ ਵਿਚਾਰ ਛੱਡ ਦਿੱਤਾ। ਉਸ ਦੇ ਉਲਟ ਮੈਂ ਸਰਕਾਰ ਤੋਂ 5 ਸਾਲ ਦੀ ਛੁੱਟੀ ਮੰਗੀ ਤਾਂ ਕਿ ਮੈਂ ਆਪਣੇ ਬੱਚਿਆਂ ਦੀ ਦੇਖਭਾਲ ਕਰ ਸਕਾਂ। ਮੈਨੂੰ ਅਤੇ ਮੇਰੀ ਪਤਨੀ ਨੂੰ ਸਾਡੇ ਮਹਿਕਮਿਆਂ ਵੱਲੋਂ ਪੰਜ ਸਾਲ ਦੀ ਛੁੱਟੀ ਮਿਲ ਗਈ। 1993 ਵਿਚ ਅਸੀਂ ਫਿਰ ਅਮਰੀਕਾ ਪਹੁੰਚ ਗਏ । ਉਸ ਵੇਲੇ ਸਾਡੇ ਕੋਲ 20 ਹਜ਼ਾਰ ਡਾਲਰ ਅਮਰੀਕਾ ਦੇ ਬੈਂਕ ਵਿਚ ਜਮ੍ਹਾਂ ਸਨ ਜਿਸ ਵਿੱਚੋਂ 7000 ਡਾਲਰ ਦਾ ਲੋਨ ਕਿਸੇ ਦੋਸਤ ਵੱਲੋਂ ਸੀ, ਜੋ ਅਸਟ੍ਰੇਲੀਆ ਵਿਚ ਕਾਰੋਬਾਰ ਕਰਦਾ ਸੀ। ਮੇਰੇ ਦੋਵਾਂ ਬੱਚਿਆਂ ਨੂੰ ਯੂਨੀਵਰਸਿਟੀ ਆਫ ਵਿਸਕਾਨਸਨ ਮਿਲਵਾਕੀ ਵਿਚ ਦਾਖ਼ਲਾ ਮਿਲ ਗਿਆ ਤੇ ਉਹਨਾਂ ਨੇ 3 ਸਤੰਬਰ 1993 ਨੂੰ ਯੂਨੀਵਰਸਿਟੀ ਜਾਣਾ ਸ਼ੁਰੂ ਕਰ ਦਿੱਤਾ। ਗੁਰਮੀਤ ਸਿੰਘ ਨੂੰ ਇਲੈਕਟ੍ਰਿਕਲ ਇੰਜੀਨੀਅਰਿੰਗ ਵਿਚ ਦਾਖ਼ਲਾ ਮਿਲ ਗਿਆ ਅਤੇ ਗੁਰਜੀਤ ਨੂੰ ਬੀ.ਐਸਸੀ ਜ਼ੂਓਲੋਜੀ ਵਿੱਚ ਦਾਖ਼ਲਾ ਮਿਲ ਗਿਆ। ਐਮ.ਡੀ ਦੀ ਪੜ੍ਹਾਈ ਲਈ ਬੀ.ਐਸਸੀ ਕਰਨਾ ਜ਼ਰੂਰੀ ਸੀ। ਦੋਨੋਂ ਬੱਚੇ ਯੂਨੀਵਰਸਿਟੀ ਵਿਚ ਚੰਗੇ ਨੰਬਰ ਹਾਸਲ ਕਰ ਰਹੇ ਸਨ।

ਜਿਸ ਇਮਾਰਤ ਵਿਚ ਅਸੀਂ ਕਈ ਮਹੀਨੇ ਕਿਰਾਏ ਤੇ ਰਹੇ, ਉਹ ਮਿਲਵਾਕੀ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨਜ਼ਦੀਕ ਸੀ। ਇਹ ਅਮਨ ਸ਼ਾਂਤੀ ਵਾਲਾ ਇਲਾਕਾ ਸੀ। ਅਸੀਂ 400 ਡਾਲਰ ਮਹੀਨੇ ਦਾ ਕਿਰਾਇਆ ਦਿੰਦੇ ਸੀ। ਸਾਡੇ ਕੋਲ ਛੋਟੀ ਜਿਹੀ ਕਾਰ ਸੀ। ਸਾਡਾ ਕੋਈ ਸਿਹਤ ਜਾਂ ਜੀਵਨ ਬੀਮਾ ਨਹੀਂ ਸੀ। ਇਸ

ਅਪਾਰਟਮੈਂਟ ਦੀ ਇਮਾਰਤ ਦੇ ਹੇਠ ਬਹੁਤ ਵੱਡੀ ਬੇਸਮੈਂਟ ਸੀ, ਜਿਥੇ ਅਸੀਂ ਆਪਣੇ ਕੱਪੜੇ ਆਦਿ ਸੁਕਾ ਸਕਦੇ ਸੀ ਅਤੇ ਬਰਫ ਦੇ ਦਿਨਾਂ ਵਿਚ ਸੈਰ ਕਰ ਸਕਦੇ ਸੀ। ਦੇਸ਼ ਦੇ ਇਸ ਹਿੱਸੇ ਵਿਚ ਦਸੰਬਰ ਤੋਂ ਲੈ ਮਾਰਚ ਤੱਕ ਬਹੁਤ ਬਰਫ ਪੈਂਦੀ ਸੀ। ਉਸ ਵੇਲੇ ਮੇਰੀ ਉਮਰ 50 ਸਾਲ ਦੀ ਹੋ ਚੁੱਕੀ ਸੀ ਅਤੇ 30 ਸਾਲਾਂ ਦਾ ਅਲੱਗ-ਅਲੱਗ ਨੌਕਰੀਆਂ ਦਾ ਤਜ਼ਰਬਾ ਸੀ, ਮੈਂ ਇਸ ਜਗ੍ਹਾ ਨੂੰ ਆਪਣੇ ਸਰੀਰ ਨੂੰ ਤਕੜਾ ਕਰਨ ਲਈ ਇੱਕ ਮੌਕਾ ਸਮਝਿਆ। ਜਦੋਂ  ਵੀ ਸਾਡੇ ਬੱਚੇ ਸਕੂਲ ਚਲੇ ਜਾਂਦੇ ਸਨ ਮੈਂ ਤੇ ਮੇਰੀ ਪਤਨੀ ਕੋਲ ਦੋ ਹੀ ਕੰਮ ਹੁੰਦੇ ਸਨ। ਪਹਿਲਾ ਬੇਸਮੈਂਟ ਵਿਚ ਸੈਰ ਕਰਨਾ, ਦੂਜਾ ਆਪਣੇ ਤੇ ਪਰਿਵਾਰ ਦੇ ਭਵਿੱਖ ਬਾਰੇ ਸੋਚਣਾ। ਉਸ ਵੇਲੇ ਸਾਡਾ ਹਰ ਮਹੀਨੇ ਦਾ ਖਰਚ ਤਕਰੀਬਨ 1000 ਡਾਲਰ ਸੀ। ਸਾਡਾ ਦਰਮਿਆਨਾ ਜਿਹਾ ਸਮਾਜਿਕ ਜੀਵਨ ਸੀ। ਮੇਰੇ ਦੋਨੋਂ ਬੱਚਿਆਂ ਕੋਲ ਡਰਾਈਵਿੰਗ ਲਾਇਸੰਸ ਸੀ। ਉਹ ਸਾਨੂੰ ਜਿਥੇ ਵੀ ਲੋੜ ਹੁੰਦੀ, ਲੈ ਜਾਂਦੇ ਸਨ। ਅਸੀਂ ਸਾਰੇ ਕੁਝ ਵਪਾਰ ਖ਼ਰੀਦਣ ਬਾਰੇ ਸੋਚਣ ਲੱਗ ਪਏ। ਮੇਰੇ ਦੋਨੋਂ ਭਰਾ ਸਤਵੰਤ ਤੇ ਗੁਰਵੰਤ ਪੈਟਰੋਲ ਪੰਪ ਦਾ ਵਪਾਰ ਕਰਦੇ ਸਨ। ਤੀਜਾ ਭਰਾ ਸ਼ਿਕਾਗੋ ਵਿਚ ਸੀ ਤੇ ਉਸ ਦੀ ਪ੍ਰੈਕਟਿਸ ਵੀ ਸ਼ਿਕਾਗੋ ਵਿਚ ਹੀ ਸੀ। ਬਹੁਤ ਜਲਦੀ ਅਸੀਂ ਇਹ ਮਹਿਸੂਸ ਕਰਨ ਲੱਗ ਪਏ ਕਿ ਸਾਨੂੰ ਕੋਈ ਵਪਾਰ ਆਪ ਹੀ ਲੱਭਣਾ ਪਵੇਗਾ।

ਅਧਿਆਇ 5

# ਪਹਿਲਾ ਵਪਾਰ ਖ਼ਰੀਦਣਾ

ਅਕਤੂਬਰ 1993 ਵਿਚ ਅਸੀਂ ਮਿਲਵਾਕੀ ਦੇ ਇਕ ਅਖਬਾਰ ਵਿਚ ਇਕ ਇਸ਼ਤਿਹਾਰ ਦੇਖਿਆ ਜਿਸ ਵਿਚ ਸਟਾਊਟਨ ਵਿਚ ਕਿਸੇ ਗੋਰੇ ਨੇ ਆਪਣਾ ਪੈਟਰੋਲ ਪੰਪ ਸੇਲ 'ਤੇ ਲਾਇਆ ਹੋਇਆ ਸੀ। ਸਟਾਊਟਨ ਅੱਠ ਕੁ ਹਜ਼ਾਰ ਦੀ ਆਬਾਦੀ ਵਾਲਾ ਛੋਟਾ ਜਿਹਾ ਸ਼ਹਿਰ ਸੀ ਜੋ ਮੈਡੀਸਨ ਤੋਂ ਪੰਦਰਾਂ ਮੀਲ ਅਤੇ ਮਿਲਵਾਕੀ ਤੋਂ ਤਕਰੀਬਨ ਸੌ ਮੀਲ ਦੀ ਦੂਰੀ ਤੇ ਸੀ। ਮੈਡੀਸਨ ਮਿਲਵਾਕੀ ਦੀ ਰਾਜਧਾਨੀ ਹੈ। ਮਿਲਵਾਕੀ ਵਿਚ ਇਕ ਹੋਰ ਭਾਰਤੀ, ਤਰਨਾਮ ਸਿੰਘ ਢਿੱਲੋਂ ਰਹਿੰਦਾ ਸੀ। ਅਸੀਂ ਉਸ ਨੂੰ ਅਕਸਰ ਐਤਵਾਰ ਵਾਲੇ ਦਿਨ ਗੁਰਦੁਆਰਾ ਸਾਹਿਬ ਮਿਲਦੇ ਸੀ। ਉਹ ਨੌਕਰੀ ਕਰਦਾ ਸੀ ਅਤੇ ਉਹ ਵੀ ਵਪਾਰ ਵਿਚ ਪੈਸਾ ਲਾਉਣਾ ਚਾਹੁੰਦਾ ਸੀ। ਸਾਡੇ ਕੋਲ ਅਮਰੀਕਾ ਦੇ ਡਾਲਰਾਂ ਦੇ ਹਿਸਾਬ ਨਾਲ ਬਹੁਤ ਘੱਟ ਪੈਸੇ ਸਨ। ਸਾਨੂੰ ਕੰਮ ਚਾਹੀਦਾ ਸੀ। ਢਿੱਲੋਂ ਸਿਰਫ਼ ਪੈਸੇ ਪਾ ਸਕਦਾ ਸੀ, ਕੰਮ ਲਈ ਉਸ ਨੂੰ ਅਲੱਗ ਨੌਕਰੀ ਮਿਲੀ ਹੋਈ ਸੀ। ਦੋਵਾਂ ਪਰਿਵਾਰਾਂ ਨੇ ਸੋਚਿਆ ਕਿ ਅਸੀਂ ਆਪਣੇ ਸਾਧਨ ਇਕੱਠਾ ਕਰਕੇ ਇਕ ਸਾਂਝਾ ਵਪਾਰ ਲੈ ਸਕਦੇ ਹਾਂ। ਅਸੀਂ ਨਿੱਜੀ ਤੌਰ ਤੇ ਇਹ ਵੀ ਸੋਚਿਆ ਕਿ ਥੋੜ੍ਹੇ ਪੈਸੇ ਨਾਲ ਸਾਡਾ ਤਜ਼ਰਬਾ ਹੋ ਜਾਵੇਗਾ ਅਤੇ ਸਾਨੂੰ ਵਪਾਰ ਕਰਨ ਦਾ ਅਭਿਆਸ ਹੋ ਜਾਵੇਗਾ।

ਅਸੀਂ ਵਿਕਰੇਤਾ ਮਾਲਕ, ਜੈਰੀ ਕਲਾਰਕ ਨੂੰ ਉਸ ਦੇ ਵਪਾਰ ਵਾਲੀ ਥਾਂ ਤੇ ਹੀ ਮਿਲੇ। ਉਸ ਨੂੰ ਕਿਸੇ ਰੈਸਟੋਰੈਂਟ ਤੇ ਲੈ ਗਏ ਅਤੇ ਉਸ ਨਾਲ ਵਪਾਰ ਖ਼ਰੀਦਣ ਦੀ ਗੱਲਬਾਤ ਕੀਤੀ। ਅਸੀਂ ਅਮਰੀਕਾ ਲਈ ਬਹੁਤ ਨਵੇਂ ਸੀ, ਪਰ ਫਿਰ ਵੀ ਆਤਮ ਵਿਸ਼ਵਾਸ ਦੀ ਕਮੀ ਨਹੀਂ ਸੀ। ਨਵੇਂ ਹੋਣ ਕਰਕੇ ਅਮਰੀਕਾ ਵਿਚ ਸਾਡਾ ਉਧਾਰ ਲੈਣ ਦੇਣ ਦਾ ਕੋਈ ਰਿਕਾਰਡ ਨਹੀਂ ਸੀ, ਇਹੋ ਜਿਹੇ ਹਾਲਤਾਂ ਵਿਚ ਬੈਂਕ ਤੋਂ ਕਰਜ਼ਾ ਲੈਣਾ ਤਕਰੀਬਨ ਅਸੰਭਵ ਸੀ। ਕਰਜ਼ਾ ਲੈਣ ਲਈ ਬੈਂਕ ਦਾ ਭਰੋਸਾ ਜ਼ਰੂਰੀ ਹੁੰਦਾ ਹੈ. ਇੱਕ ਵਾਰ ਬੈਂਕ ਤੁਹਾਡੇ ਤੇ ਭਰੋਸਾ ਕਰਨ ਲੱਗ ਪਵੇ, ਫਿਰ ਕਿਸੇ ਵੀ ਤਰ੍ਹਾਂ ਦਾ ਕਰਜ਼ਾ ਲੈਣ ਵਿਚ ਕੋਈ ਪਰੇਸ਼ਾਨੀ ਨਹੀਂ ਆਉਂਦੀ। ਹੁਣ ਤੱਕ ਸਾਨੂੰ ਇਹ ਪਤਾ ਲੱਗ ਗਿਆ ਸੀ, ਕਿ ਅਮਰੀਕਾ ਵਿਚ ਵਿਕਰੇਤਾ ਤੁਹਾਨੂੰ ਕਿਸ਼ਤਾਂ ਤੇ ਵਪਾਰ ਵੇਚ ਸਕਦਾ ਹੈ। ਅਜਿਹੇ ਸਿਸਟਮ ਨੂੰ ਔਨਰ ਫਾਇਨੈਂਨਸ ਜਾਂ ਲੈਂਡ ਕੰਟਰੈਕਟ ਕਹਿੰਦੇ ਹਨ। ਇਸ ਸਿਸਟਮ ਵਿਚ ਖ਼ਰੀਦਦਾਰ ਨੂੰ ਬੈਂਕ ਕੋਲ ਨਹੀਂ ਜਾਣਾ ਪੈਂਦਾ। ਸਗੋਂ ਵਿਕਰੇਤਾ ਨੂੰ ਹੀ ਕੁਝ ਪੈਸੇ ਦੇ ਕੇ, ਮਹੀਨਾਵਾਰ ਕਿਸ਼ਤਾਂ ਬਣ ਜਾਂਦੀਆਂ ਹਨ। ਕਿਸ਼ਤਾਂ ਦੇ ਦੋ ਹਿੱਸੇ ਹੁੰਦੇ ਹਨ। ਇੱਕ ਮੂਲ ਅਤੇ ਦੂਜਾ ਵਿਆਜ। ਛੇ ਮਹੀਨੇ ਜਾਂ ਸਾਲ ਬਾਅਦ ਜਦੋਂ ਕੁਝ

ਉਧਾਰ ਦਾ ਰਿਕਾਰਡ ਬਣ ਜਾਂਦਾ ਹੈ ਅਤੇ ਵਿਅਕਤੀ ਦੀ ਕਰੈਡਿਟ ਰੇਟਿੰਗ ਬਣ ਜਾਂਦੀ ਹੈ ਤਾਂ ਉਸ ਰੇਟਿੰਗ ਦੇ ਆਧਾਰ ਦੇ ਬੈਂਕ ਕਰਜ਼ਾ ਦੇਣ ਲੱਗ ਜਾਂਦਾ ਹੈ। ਇਸ ਤਰ੍ਹਾਂ ਵੀ ਹੁੰਦਾ ਹੈ ਕਿ ਸਾਲ ਜਾਂ ਦੋ ਸਾਲ ਬਾਅਦ ਬੈਂਕ ਉਸੇ ਵਪਾਰ ਤੇ, ਜੋ ਖ਼ਰੀਦਦਾਰ ਵਪਾਰੀ ਨੇ ਵਿਕਰੇਤਾ ਤੋਂ ਲਈ ਹੈ, ਨੂੰ ਕਰਜ਼ੇ ਦੀ ਰਕਮ ਦੇ ਦਿੰਦਾ ਹੈ ਤੇ ਵਿਕਰੇਤਾ ਬਾਹਰ ਨਿਕਲ ਜਾਂਦਾ ਹੈ। ਅਮਰੀਕਾ ਵਿਚ ਤਰੱਕੀ ਕਰਨ ਦਾ ਇਹੀ ਤਰੀਕਾ ਹੈ। ਬੈਂਕ ਦਾ ਵਿਆਜ ਵੈਸੇ ਵੀ ਔਨਰ ਫਾਇਨੈਂਨਸ ਨਾਲੋਂ ਅਕਸਰ ਘੱਟ ਹੁੰਦਾ ਹੈ। ਲੈਂਡ ਕੰਟਰੈਕਟ ਵਿਚ ਇੱਕ ਹੋਰ ਵੱਡੀ ਪਰੇਸ਼ਾਨੀ ਹੁੰਦੀ ਹੈ ਕਿ ਜਦੋਂ ਤੱਕ ਸਾਰੀ ਰਕਮ ਅਦਾ ਨਹੀਂ ਹੋ ਜਾਂਦੀ, ਜਾਇਦਾਦ ਵਿਕਰੇਤਾ ਦੇ ਨਾਂ ਤੇ ਹੀ ਰਹਿੰਦੀ ਹੈ। ਇਸ ਲਈ ਇਹ ਮਸ਼ਵਰਾ ਵੀ ਦਿੱਤਾ ਜਾਂਦਾ ਹੈ ਕਿ ਜਿਥੋਂ ਤੱਕ ਹੋ ਸਕੇ ਔਨਰ ਫਾਇਨੈਂਨਸ ਜਾਂ ਲੈਂਡ ਕੰਟਰੈਕਟ ਤੋਂ ਬਚਣਾ ਚਾਹੀਦਾ ਹੈ।

ਇਹ ਕਾਰੋਬਾਰ ਇੱਕ ਪੁਰਾਣਾ ਗੈਸ ਸਟੇਸ਼ਨ (ਪੈਟਰੋਲ ਪੰਪ) ਸੀ। ਇਹ ਇਕ ਛੋਟੇ ਜਿਹੇ ਸ਼ਹਿਰ ਸਟਾਊਟਨ, ਜਿਸ ਵਿਚ 11 ਗੈਸ ਸਟੇਸ਼ਨ ਸਨ, ਇਕੋ ਸੜਕ ਤੇ ਸਥਿਤ ਸੀ। ਇਹ ਸ਼ਹਿਰ ਵੀ ਮੇਨ ਰੋਡ ਤੇ ਸਥਿਤ ਸੀ ਜਿਸ ਨੂੰ ਹਾਈਵੇ 51 ਵੀ ਕਹਿੰਦੇ ਸੀ। ਗੈਸ ਸਟੇਸ਼ਨ ਦੇ ਮਾਲਕ ਜੈਰੀ ਕਲਾਰਕ ਦੇ ਨਾਲ ਕੁਝ ਦੇਰ ਗੱਲ ਕਰਨ ਤੋਂ ਬਾਅਦ ਇਹ ਫ਼ੈਸਲਾ ਹੋਇਆ, ਕਿ ਉਹ ਕੁਲ ਕੀਮਤ ਦਾ 30 ਫੀਸਦ ਪਹਿਲੀ ਰਕਮ, ਜਿਸ ਨੂੰ ਡਾਊਨ ਪੇਮੈਂਟ ਕਹਿੰਦੇ ਹਨ ਲਵੇਗਾ। ਵਿਆਜ 8 ਪ੍ਰਤੀਸ਼ਤ ਨਿਸ਼ਚਿਤ ਹੋਇਆ। ਘੰਟੇ ਕੁ ਬਾਅਦ ਅਸੀਂ ਉਸ ਦੇ ਦਫ਼ਤਰ ਵਿਚ ਗਏ, ਉਹ ਆਪਣੀ ਕੀਮਤ ਦੱਸਣਾ ਚਾਹੁੰਦਾ ਸੀ। ਉਸ ਦੀ ਪਹਿਲੀ ਕੀਮਤ 2,50,000 ਡਾਲਰ ਸੀ । ਮੈਂ 1,90,000 ਡਾਲਰ ਦੀ ਆਫ਼ਰ ਦਿੱਤੀ। ਜਦੋਂ ਜੈਰੀ ਕਲਾਰਕ 1,90,000 ਡਾਲਰ ਦੇ ਆਧਾਰ ਤੇ ਕਿਸ਼ਤ ਆਦਿ ਦਾ ਹਿਸਾਬ ਕਰਨ ਲੱਗਾ ਤਾਂ ਮੈਂ ਇੱਕਦਮ ਸਮਝ ਗਿਆ ਕਿ ਮੈਂ ਵੱਧ ਕੀਮਤ ਆਫ਼ਰ ਕੀਤੀ ਹੈ। ਮੈਨੂੰ ਇਹ ਮਹਿਸੂਸ ਹੋਇਆ ਕਿ ਜਗ੍ਹਾ ਦੀ ਕੀਮਤ ਤਾਂ ਕਾਫ਼ੀ ਘੱਟ ਹੈ। ਅਸੀਂ ਉਸ ਨੂੰ ਕੋਈ ਰਕਮ ਨਹੀਂ ਸੀ ਦਿਤੀ, ਨਾ ਹੀ ਸਾਡਾ ਕੋਈ ਲਿਖਤੀ ਇਕਰਾਰਨਾਮਾ ਹੋਇਆ ਸੀ। ਮੈਂ ਅਤੇ ਢਿਲੋਂ, ਦੋਵੇਂ ਇਸ ਸੌਦੇ ਤੋਂ ਬਾਹਰ ਨਿਕਲਨਾ ਚਾਹੁੰਦੇ ਸੀ। ਜੈਰੀ ਕਲਾਰਕ ਨੇ ਕਈ ਵਾਰ ਮੈਨੂੰ ਤੇ ਢਿਲੋਂ ਨਾਲ ਟੈਲੀਫੋਨ ਤੇ ਸੰਪਰਕ ਕੀਤਾ। ਦਸੰਬਰ 1993 ਨੂੰ ਸਾਡੀ ਦੁਬਾਰਾ ਮੀਟਿੰਗ ਹੋਈ। ਅਸੀਂ ਕਿਹਾ, ਕਿ ਬਾਕੀ ਸਾਰਾ ਕੁਝ ਠੀਕ ਹੈ, ਸਿਰਫ਼ ਡਾਊਨ ਪੇਮੈਂਟ ਜ਼ਿਆਦਾ ਹੈ। ਅਸੀਂ 30 ਪ੍ਰਤੀਸ਼ਤ ਜੋ ਕਿ 57,000 ਡਾਲਰ ਬਣਦਾ ਸੀ ਨਹੀਂ ਦੇ ਸਕਦੇ। ਅਸੀਂ ਸਿਰਫ਼ ਉਸ ਨੂੰ 35,000 ਡਾਲਰ ਹੀ ਦੇ ਸਕਦੇ ਹਾਂ। ਜੈਰੀ ਕਲਾਰਕ ਮੰਨ ਗਿਆ ਅਤੇ ਰਜਿਸਟਰੀ ਦਾ ਦਿਨ 3 ਮਾਰਚ 1994 ਤੈਅ ਹੋਇਆ।

ਹਿਸੇਦਾਰਾਂ ਦੇ ਪੱਧਰ ਤੇ ਇਹ ਫ਼ੈਸਲਾ ਹੋਇਆ ਕਿ ਮੈਂ ਤੇ ਮੇਰੀ ਪਤਨੀ ਜਸਮਿੰਦਰ ਕੌਰ ਦਾ ਹਿੱਸਾ 50 ਪ੍ਰਤੀਸ਼ਤ ਹੋਵੇਗਾ ਅਤੇ 50 ਪ੍ਰਤੀਸ਼ਤ ਤਰਨਾਮ ਸਿੰਘ

ਢਿਲੋਂ ਦਾ ਹਿੱਸਾ ਹੋਵੇਗਾ। ਇਹ ਵੀ ਫ਼ੈਸਲਾ ਹੋਇਆ ਕਿ ਮੈਂ, ਮੇਰੀ ਪਤਨੀ ਅਤੇ ਮੇਰੇ ਬੱਚੇ ਪੈਟਰੋਲ ਪੰਪ ਤੇ ਕੰਮ ਕਰਨਗੇ ਅਤੇ 1200 ਡਾਲਰ ਮਹੀਨਾ ਤਨਖਾਹ ਸਾਂਝੇ ਖਾਤੇ ਵਿਚੋਂ ਲਵਾਂਗੇ।

ਗੈਸ ਸਟੇਸ਼ਨ ਦੀ ਮਹੀਨਾਵਾਰ ਕਿਸ਼ਤ ਜੋ ਕਿ ਅਸੀਂ ਜੈਰੀ ਕਲਾਰਕ ਨੂੰ ਹਰ ਮਹੀਨੇ ਦੇਣੀ ਸੀ 1700 ਡਾਲਰ ਬਣਦੀ ਸੀ, ਜੋ 10 ਸਾਲਾਂ ਵਾਸਤੇ ਦੇਣੀ ਸੀ। ਪ੍ਰਾਪਰਟੀ ਟੈਕਸ ਵੀ ਅਸੀਂ ਹੀ ਜੈਰੀ ਕਲਾਰਕ ਨੂੰ ਦੇਣਾ ਸੀ। ਲੈਂਡ ਕੰਟਰੈਕਟ ਦੇ ਇਹੋ ਜਿਹੇ ਸੌਦੇ ਵਿਚ ਕਿਉਂਕਿ ਮਾਲਕ ਵਿਕਰੇਤਾ ਹੀ ਰਹਿੰਦਾ ਹੈ ਉਹ ਲੋਕਲ ਬਾਡੀਜ਼ ਨੂੰ ਪ੍ਰਾਪਰਟੀ ਟੈਕਸ ਦਿੰਦਾ ਹੈ। ਪ੍ਰਾਪਰਟੀ ਟੈਕਸ ਨੂੰ ਅਮਰੀਕਾ ਵਿਚ ਰੀਅਲ ਅਸਟੇਟ ਟੈਕਸ ਕਿਹਾ ਜਾਂਦਾ ਹੈ। ਸਾਲ ਦੇ ਅੰਤ ਵਿਚ ਜੈਰੀ ਨੂੰ ਪ੍ਰਾਪਰਟੀ ਟੈਕਸ ਦਾ ਬਿੱਲ ਆਉਂਦਾ ਸੀ। ਜੇ ਟੈਕਸ 300 ਡਾਲਰ ਮਹੀਨੇ ਦੇ ਹਿਸਾਬ ਨਾਲ ਵੱਧ ਹੁੰਦਾ ਸੀ ਤਾਂ ਉਹ ਸਾਨੂੰ ਚੈੱਕ ਬਣਾ ਕੇ ਵਾਪਸ ਕਰ ਦਿੰਦਾ ਸੀ।

ਅਸੀਂ ਅਮਰੀਕਾ ਵਿਚ ਕਾਰੋਬਾਰ ਅਤੇ ਗੈਸ ਸਟੇਸ਼ਨ ਬਿਜ਼ਨਸ ਲਈ ਵੀ ਨਵੇਂ ਸੀ, ਅਸੀਂ ਸੋਚਿਆ ਕਿ ਅਸੀਂ ਵਿਕਰੇਤਾ, ਜੈਰੀ ਕਲਾਰਕ ਅਤੇ ਉਸ ਦੀ ਪਤਨੀ ਨੂੰ ਦੋ ਮਹੀਨਿਆਂ ਲਈ ਨੌਕਰੀ ਤੇ ਰੱਖ ਲੈਂਦੇ ਹਾਂ। ਇਸ ਨਾਲ ਸਾਨੂੰ ਕਾਰੋਬਾਰ ਚਲਾਉਣ ਵਿਚ ਕਾਫ਼ੀ ਸਹਾਇਤਾ ਹੋਣੀ ਸੀ। ਜੈਰੀ ਅਤੇ ਉਸ ਦੀ ਪਤਨੀ ਮਾਰਗਰੇਟ ਨੇ ਸਾਨੂੰ, ਏ ਟੂ ਜ਼ੈਡ, ਵਪਾਰ ਸਿਖਾਇਆ। ਉਹਨਾਂ ਨੇ ਸਾਨੂੰ ਆਪਣੇ ਪੁਰਾਣੇ ਗਾਹਕਾਂ ਨਾਲ ਮਿਲਾਇਆ। ਉਹ ਦੋ ਮਹੀਨੇ ਲਈ ਉਥੇ ਹੀ ਸਨ, ਲੋਕਾਂ ਨੂੰ ਵੀ ਜ਼ਿਆਦਾ ਫ਼ਰਕ ਨਹੀਂ ਲੱਗਿਆ। ਗਾਹਕ ਜੈਰੀ ਅਤੇ ਮਾਰਗਰੇਟ ਨੂੰ ਦੇਖਣ ਦੇ ਆਦੀ ਸਨ। ਨਵੇਂ ਵਪਾਰ ਵਿਚ ਰੋਜ਼ਾਨਾਂ ਨਵੀਆਂ ਸਮੱਸਿਆਵਾਂ ਪੇਸ਼ ਆਉਂਦੀਆਂ ਸਨ। ਪਰ ਇਹ ਰੋਜ਼ਾਨਾ ਦੀਆਂ ਸਮੱਸਿਆਵਾਂ, ਸਾਨੂੰ ਦੋ ਮਹੀਨੇ ਵਿਚ ਹੀ ਸੁਲਝਾਉਣੀਆਂ ਆ ਗਈਆਂ। ਇਹ ਸਾਡਾ ਪਹਿਲਾ ਵਪਾਰ ਸੀ, ਅਸੀਂ ਜੈਰੀ ਤੇ ਉਸ ਦੀ ਪਤਨੀ ਮਾਰਗ੍ਰੇਟ ਨੂੰ 1500 ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਦੋ ਮਹੀਨਿਆਂ ਲਈ ਰੱਖ ਲਿਆ। ਇਸ ਤੋਂ ਬਾਅਦ ਅਸੀਂ ਜੋ ਕਾਰੋਬਾਰ ਲਿਆ ਉਸ ਵਿਚ ਸਾਨੂੰ ਕਾਰੋਬਾਰ ਕਰਨ ਦਾ ਤਜ਼ਰਬਾ ਹੋ ਚੁੱਕਾ ਸੀ। ਸਾਨੂੰ ਪਤਾ ਲੱਗ ਗਿਆ ਸੀ ਕਿ ਪੁਰਾਣੇ ਮਾਲਕ ਦੀ ਜ਼ਿੰਮੇਵਾਰੀ ਹੁੰਦੀ ਹੈ ਤੁਹਾਡੇ ਨਾਲ ਖੜ੍ਹ ਕੇ ਤੁਹਾਡਾ ਵਪਾਰ ਚਲਾਉਣ ਤੇ ਗਾਹਕਾਂ ਨੂੰ ਮਿਲਾਉਣ।

ਰਜਿਸਟਰੀ ਦੇ ਸਮੇਂ ਤੇ ਸਾਡੇ ਕੋਲ 12500 ਡਾਲਰ ਹੀ ਨਗਦ ਸੀ। ਸਾਨੂੰ ਹੋਰ ਪੈਸੇ ਚਾਹੀਦੇ ਸਨ। ਮੈਂ ਆਪਣੇ ਛੋਟੇ ਭਰਾ ਡਾ.ਜਗਜੀਤ ਸਿੰਘ, ਜੋ ਸ਼ਿਕਾਗੋ ਰਹਿੰਦਾ ਸੀ, ਨੂੰ 12,500 ਡਾਲਰ ਲੋਨ ਲਈ ਕਿਹਾ। ਦੋਵਾਂ ਹਿੱਸੇਦਾਰਾਂ ਵੱਲੋਂ ਡਾਊਨ ਪੇਮੈਂਟ 35000 ਡਾਲਰ ਦੇਣੀ ਸੀ। ਜਿਸ ਵਿਚੋਂ ਮੇਰਾ ਹਿੱਸਾ 17500 ਡਾਲਰ ਸੀ। ਰਜਿਸਟਰੀ ਦੇ ਸਾਰੇ ਖ਼ਰਚੇ ਕਰਕੇ ਮੇਰੇ ਕੋਲ 2000 ਡਾਲਰ ਹੀ ਬਚਿਆ ਸੀ। ਰਜਿਸਟਰੀ ਸਾਡੇ ਵਕੀਲ ਦੇ ਦਫ਼ਤਰ ਵਿਚ ਮੁਕਰਰ ਹੋਈ ਜੋ ਮੈਡੀਸਨ ਵਿਚ ਰਹਿੰਦਾ

ਸੀ। ਮੈ ਕਿਉਂਕਿ ਨਵਾਂ ਸੀ, ਇਸ ਲਈ ਮੈਂ ਸਮਝਦਾ ਸੀ ਕਿ ਵਕੀਲ ਮੇਰੇ ਨਾਲ ਸਟਾਕ ਗਿਣਵਾਉਣ ਵੀ ਜਾਵੇਗਾ। ਮੈਂ ਵਕੀਲ ਨੂੰ ਮੇਰੇ ਨਾਲ ਸਟਾਊਟਨ ਜਾਣ ਲਈ ਕਿਹਾ, ਪਰ ਉਸ ਨੇ ਕਿਹਾ ਕਿ ਉਸ ਦਾ ਕੰਮ ਖਤਮ ਹੋ ਚੁੱਕਾ ਹੈ। ਅਸੀਂ ਵਕੀਲ ਨੂੰ ਰਜਿਸਟਰੀ ਵਿਚ ਕਾਨੂੰਨੀ ਮਦਦ ਕਰਨ ਦੇ 2500 ਡਾਲਰ ਦੇ ਦਿੱਤੇ। ਕੁਝ ਤਜ਼ਰਬੇ ਬਾਅਦ ਅਸੀਂ ਮਹਿਸੂਸ ਕੀਤਾ ਕਿ ਅਸੀਂ ਵਕੀਲ ਨੂੰ ਬਹੁਤ ਪੈਸੇ ਦੇ ਦਿੱਤੇ ਹਨ। ਉਸ ਤੋਂ ਬਾਅਦ ਅਸੀਂ ਜਿੰਨੇ ਵੀ ਵਪਾਰ ਖ਼ਰੀਦੇ ਅਸੀਂ ਕਿਤੇ ਵੀ ਵਕੀਲ ਨੂੰ 300 ਜਾਂ 400 ਡਾਲਰ ਤੋਂ ਵੱਧ ਪੈਸੇ ਨਹੀਂ ਦਿੱਤੇ। ਪਰ ਇਸ ਕੇਸ ਵਿਚ ਅਸੀਂ ਆਪਣੀ ਅਗਿਆਨਤਾ ਦੀ ਕੀਮਤ ਦਿੱਤੀ।

ਜਦੋਂ ਰਜਿਸਟਰੀ ਸਮਾਪਤ ਹੋਈ ਤਾਂ ਜੈਰੀ ਕਲਾਰਕ ਨੇ ਮੈਨੂੰ ਸਟਾਕ ਦੇ ਪੈਸੇ ਦੇਣ ਲਈ ਕਿਹਾ, ਜਿਸ ਦੀ ਕੀਮਤ 23,000 ਡਾਲਰ ਸੀ। ਸਟਾਕ ਜਾਂ ਇਨਵੈਂਟਰੀ ਦੀ ਕੀਮਤ ਉਸ ਦੀ ਸਮਾਨ ਖ਼ਰੀਦਣ ਵੇਲੇ ਦੀ ਕੀਮਤ ਹੀ ਹੁੰਦੀ ਹੈ। ਸਾਡੇ ਕੋਲ ਕੋਈ ਪੈਸੇ ਨਹੀਂ ਸਨ, ਮੈਂ ਜੈਰੀ ਨੂੰ ਕਿਹਾ," ਹਜ਼ੂਰ ਅਸੀਂ 15 ਕੁ ਦਿਨਾਂ ਵਿਚ ਪੈਸੇ ਦੇ ਦਿਆਂਗੇ।" ਜੈਰੀ ਨੇ ਮੈਨੂੰ ਕਿਹਾ,"ਕੈਪਟਨ ਸਾਹਿਬ, ਇਹ ਭਾਰਤ ਨਹੀਂ ਹੈ।" ਮੈਂ ਜੈਰੀ ਨੂੰ ਸਮਝਾਇਆ ਕਿ ਕਿਉਂਕਿ ਉਹ ਤੇ ਉਸ ਦੀ ਪਤਨੀ ਸਾਡੇ ਲਈ ਦੋ ਮਹੀਨੇ ਕੰਮ ਕਰਨਗੇ ਤੇ ਅਸੀਂ ਉਹਨਾਂ ਨੂੰ ਪੈਸੇ ਦੇ ਦਿਆਂਗੇ। 3 ਅਪ੍ਰੈਲ 1994 ਨੂੰ ਅਸੀਂ ਵਪਾਰ ਲਿਆ ਅਤੇ ਬਾਅਦ ਦੁਪਹਿਰ ਨੂੰ ਸਟਾਊਟਨ ਸ਼ਹਿਰ ਆ ਗਏ। ਅਸੀਂ ਮੋਟਲ ਵਿਚ ਰਹਿਣਾ ਸ਼ੁਰੂ ਕਰ ਦਿੱਤਾ, ਕਿਉਂਕਿ ਉਹਨਾਂ ਦਿਨਾਂ ਵਿਚ ਬਰਫ ਹੁੰਦੀ ਹੈ। ਮੋਟਲ ਵਿਚ ਗਾਹਕ ਬਹੁਤ ਘੱਟ ਹੁੰਦੇ ਹਨ, ਮੋਟਲ ਦੇ ਮਾਲਕ ਨੇ ਸਾਨੂੰ ਇੱਕ ਕਮਰਾ 300 ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਦੇ ਦਿੱਤਾ। ਗੈਸ ਸਟੇਸ਼ਨ ਤੇ ਇੱਕ ਹੋਰ ਕਰਿੰਦਾ ਡਿਕ ਨੂੰ ਰੱਖ ਲਿਆ ਜੋ ਕਿ ਪਹਿਲਾਂ ਹੀ ਗੈਸ ਸਟੇਸ਼ਨ ਤੇ ਕੰਮ ਕਰਦਾ ਸੀ। ਜੈਰੀ ਨੇ ਡਿਕ ਦੀ ਸਿਫ਼ਾਰਸ਼ ਕੀਤੀ ਸੀ ਕਿ ਇਹ 5 ਪੈਸੇ ਦੀ ਵੀ ਚੋਰੀ ਨਹੀਂ ਕਰਦਾ।

# ਵਪਾਰ ਅਤੇ ਸਾਡੀ ਪਛਾਣ

ਇਸ ਵਪਾਰ ਦਾ ਨਾਮ, ਸਟਾਪ ਐਂਡ ਸ਼ੌਪ ਸੀ। ਇਥੇ ਪੈਟਰੋਲ ਵੇਚੀਦਾ ਸੀ। ਇਸ ਵਿਚ ਇੱਕ ਆਟੋਮੈਟਿਕ ਕਾਰ ਧੋਣ ਵਾਲੀ ਮਸ਼ੀਨ ਸੀ। ਇਸ ਦੇ ਨਾਲ ਸਟੋਰ ਸੀ। ਜਿਸ ਵਿਚ ਫੁਟਕਲ ਚੀਜ਼ਾਂ ਵੇਚੀਆਂ ਜਾਂਦੀਆਂ ਸਨ। ਇਥੇ ਐੱਲ.ਪੀ.ਜੀ ਵੀ ਵੇਚਦੇ ਸੀ। ਇਹ ਤਕਰੀਬਨ ਅੱਧੇ ਕਿੱਲੇ ਜ਼ਮੀਨ ਉਤੇ ਬਣਿਆ ਹੋਇਆ ਸੀ। ਇਸ ਕੰਪਨੀ ਦਾ ਚਿੰਨ੍ਹ 76 ਸੀ।

ਦੂਜੇ ਦਿਨ 4 ਮਾਰਚ 1993 ਨੂੰ ਜੈਰੀ ਨੇ 5 ਵਜੇ ਸਟੋਰ ਖੋਲ੍ਹਿਆ। ਮੈਂ ਤੇ ਮੇਰੀ ਪਤਨੀ ਤਕਰੀਬਨ 8 ਵਜੇ ਆਏ ਤੇ ਅਸੀਂ ਆਪਣਾ ਨਾਸ਼ਤਾ ਨਾਲ ਹੀ ਲੈ ਕੇ ਆਏ ਸੀ, ਜਿਸ ਵਿਚ ਪਰਾਂਠੇ ਆਦਿ ਸਨ। ਜੈਰੀ ਅਤੇ ਉਸ ਦੀ ਪਤਨੀ ਮਾਰਗ੍ਰੇਟ ਪਹਿਲਾਂ ਹੀ ਉਥੇ ਸਨ। 15 ਮਿੰਟਾਂ ਬਾਅਦ ਮੈਂ ਤੇ ਮੇਰੀ ਪਤਨੀ ਨੇ ਨਾਸ਼ਤਾ ਖਾਣਾ ਸ਼ੁਰੂ ਕੀਤਾ ਤੇ ਮੈਂ ਇੱਕ ਪਰਾਂਠਾ ਜੈਰੀ ਨੂੰ ਦਿੱਤਾ। ਜੈਰੀ ਨੇ ਪੁੱਛਿਆ ਇਹ ਕੀ ਹੈ? ਮੈਂ ਕਿਹਾ ਕਿ ਇਹ ਇੰਡੀਅਨ ਬਰੀਟੋ ਹੈ। ਬਰੀਟੋ ਇੱਕ ਮੈਕਸੀਅਨ ਫੂਡ ਹੈ ਜਿਸ ਦਾ ਆਕਾਰ ਰੋਟੀ ਵਰਗਾ ਹੁੰਦਾ ਹੈ। ਜੈਰੀ ਨੇ ਪਰਾਂਠਾ ਖਾਧਾ ਤੇ ਉਸ ਨੂੰ ਬਹੁਤ ਸੁਆਦ ਲੱਗਿਆ ਤੇ ਆਪਣੀ ਪਤਨੀ ਨੂੰ ਕਹਿਣ ਲੱਗਾ ਕਿ ਇਹ ਲੋਕ ਬਹੁਤ ਸੱਭਿਅਕ ਤੇ ਚੰਗੇ ਹਨ। ਕੁਝ ਮਿੰਟਾਂ ਬਾਅਦ, ਜੈਰੀ ਮੇਰੇ ਕੋਲ ਆਇਆ ਤੇ ਕਹਿਣ ਲੱਗਾ," ਕੈਪਟਨ ਸਾਹਿਬ ਤੁਹਾਡੇ ਵਾਸਤੇ ਇੱਕ ਖੁਸ਼ਖ਼ਬਰੀ ਹੈ। ਤੁਸੀਂ ਸਟਾਕ ਦੇ ਸਾਰੇ ਪੈਸੇ 10 ਦਿਨਾਂ ਤੱਕ ਦੇ ਦੇਣਾ।" ਮੈਂ ਉਸ ਦਾ ਧੰਨਵਾਦ ਕੀਤਾ। ਸਾਡੀ ਪਹਿਲੀ ਵੱਡੀ ਸਮੱਸਿਆ ਖ਼ਤਮ ਹੋ ਗਈ। ਉਸੇ ਦਿਨ ਸਵੇਰੇ 10 ਕੁ ਵਜੇ ਮੋਲੋ ਆਇਲ ਕੰਪਨੀ, ਜੋ ਕਿ ਪੈਟਰੋਲ ਦਾ ਥੋਕ ਫਰੋਸ਼ ਸੀ, ਤੇ ਜਿਸ ਤੋਂ ਜੈਰੀ ਕਲਾਰਕ ਵੀ ਪੈਟਰੋਲ ਖ਼ਰੀਦਦਾ ਸੀ, ਦਾ ਟੈਲੀਫੋਨ ਆਇਆ। ਉਸ ਕੰਪਨੀ ਨੇ ਸਾਡੇ ਨਾਲ ਪੈਟਰੋਲ ਦਾ ਉਧਾਰ ਖਾਤਾ ਸ਼ੁਰੂ ਕਰਨਾ ਸੀ। ਜੈਰੀ ਨੇ ਟੈਲੀਫੋਨ ਮੈਨੂੰ ਫੜਾ ਦਿੱਤਾ। ਕੰਪਨੀ ਦੇ ਅਫ਼ਸਰ ਨੇ ਮੈਨੂੰ ਪੁੱਛਿਆ ਕਿ ਤੁਸੀਂ ਕਿਸੇ ਨੂੰ ਜਾਣਦੇ ਹੋ ਜੋ ਤੁਹਾਡੀ ਗਾਰੰਟੀ ਚੁੱਕ ਸਕਦਾ ਹੋਵੇ ਕਿਉਂਕਿ ਅਸੀਂ ਤੁਹਾਨੂੰ ਨਹੀਂ ਜਾਣਦੇ। ਮੈਂ ਕੰਪਨੀ ਅਫ਼ਸਰ ਨੂੰ ਕਿਹਾ ਕਿ ਮੈਂ ਜੈਰੀ ਕਲਾਰਕ ਨੂੰ ਹੀ ਜਾਣਦਾ ਹਾਂ ਅਤੇ ਤੁਸੀਂ ਜੈਰੀ ਨਾਲ ਗੱਲ ਕਰ ਸਕਦੇ ਹੋ। ਕੰਪਨੀ ਅਫ਼ਸਰ ਨੂੰ ਜੈਰੀ ਨੇ ਦੱਸਿਆ ਕਿ ਕੈਪਟਨ ਪਰਿਵਾਰ ਹੀ ਕੰਪਨੀ ਦੇ ਨਵੇਂ ਮਾਲਕ ਹਨ ਜੋ ਬਹੁਤ ਇਮਾਨਦਾਰ ਲੱਗਦੇ ਹਨ। ਅਜਿਹੇ ਭਰੋਸੇ ਤੇ ਮੋਲੋ ਆਇਲ ਕੰਪਨੀ ਨੇ ਮੇਰਾ ਖਾਤਾ ਸ਼ੁਰੂ ਕਰ ਦਿੱਤਾ। ਉਧਾਰ 10 ਦਿਨਾਂ ਲਈ ਦੇਣਾ ਹੁੰਦਾ ਸੀ। ਦਸ ਦਿਨਾਂ

ਤੋਂ ਬਾਅਦ ਜੋ ਰਕਮ ਹੁੰਦੀ ਸੀ ਉਹ ਚੈੱਕ ਰਾਹੀਂ ਅਦਾ ਕਰਨੀ ਹੁੰਦੀ ਸੀ। ਕਈ ਵਾਰ ਚੈੱਕ ਪਹੁੰਚਣ ਤੇ ਵੀ ਇੱਕ ਦੋ ਦਿਨ ਹੋਰ ਲੱਗ ਜਾਂਦੇ ਸਨ। ਇਸ ਤਰ੍ਹਾਂ ਗੈਸ ਸਟੇਸ਼ਨ ਦੇ ਮਾਲਕ ਨੂੰ 12 ਤੋਂ 13 ਦਿਨ ਦਾ ਉਧਾਰ ਮਿਲ ਜਾਂਦਾ ਸੀ। ਉਸੇ ਦਿਨ ਤਕਰੀਬਨ ਦੋ ਘੰਟਿਆਂ ਬਾਅਦ ਕੋਕਾ ਕੋਲਾ ਕੰਪਨੀ ਨੇ ਮੈਨੂੰ ਕਾਲ ਕੀਤਾ ਤੇ ਪੁੱਛਿਆ ਕਿ ਕੀ ਮੈਂ ਕਿਸੇ ਨੂੰ ਜਾਣਦਾ ਹਾਂ, ਜੋ ਮੇਰੀ ਗਾਰੰਟੀ ਲੈ ਸਕਦਾ ਹੋਵੇ ਤਾਂ ਕਿ ਮੇਰਾ ਉਧਾਰ ਖਾਤਾ ਖੋਲ੍ਹਿਆ ਜਾ ਸਕੇ। ਮੈਂ ਕੋਕਾ ਕੋਲਾ ਕੰਪਨੀ ਦੇ ਅਫ਼ਸਰ ਨੂੰ ਕਿਹਾ ਕਿ, ਮੈਂ ਮੋਲੋ ਆਇਲ ਕੰਪਨੀ ਨੂੰ ਜਾਣਦਾ ਹਾਂ ਜਿਹਨਾਂ ਨਾਲ ਮੇਰਾ ਹਿਸਾਬ ਹੈ। ਇਸ ਦੇ ਨਾਲ ਵਪਾਰ ਦਾ ਚੱਕਰ ਸ਼ੁਰੂ ਹੋ ਗਿਆ, ਜਿਸ ਨੇ ਸਾਨੂੰ ਅਮਰੀਕਾ ਵਿਚ ਕਾਮਯਾਬ ਬਣਾਇਆ।

**ਸਟਾਊਟਨ–** ਇਸ ਸ਼ਹਿਰ ਦੇ ਨਾਮ ਤੋਂ ਹੀ ਪਤਾ ਲੱਗਦਾ ਹੈ ਕਿ ਇਸ ਦਾ ਨਾਮ ਪੁਰਾਣੇ ਅੰਗਰੇਜ਼ਾਂ ਨੇ ਰੱਖਿਆ ਹੈ। ਇਹ ਸ਼ਹਿਰ 19ਵੀਂ ਸਦੀ ਵਿਚ ਹੋਂਦ ਵਿਚ ਆਇਆ। ਕੁਝ ਅੰਗਰੇਜ਼ ਉਦਯੋਪਤੀਆਂ ਨੇ ਇਥੇ ਸਾਈਕਲਾਂ, ਤੇ ਸਾਈਕਲਾਂ ਦੇ ਪੁਰਜ਼ੇ ਬਣਾਉਣੇ ਸ਼ੁਰੂ ਕੀਤੇ। ਸ਼ਹਿਰ ਵਿਚੋਂ ਇੱਕ ਦਰਿਆ ਲੰਘਦਾ ਸੀ, ਜਿਸ ਦਾ ਨਾਮ ਯਹੇਰਾ ਸੀ। ਯਹੇਰਾ ਰੈਡ ਇੰਡੀਅਨ ਨਾਮ ਹੈ। ਅਮਰੀਕਾ ਵਿਚ ਰੈਡ ਇੰਡੀਅਨ ਨੂੰ ਇੰਡੀਅਨਜ਼ ਕਹਿੰਦੇ ਹਨ। ਸ਼ਹਿਰ ਦੀ ਹੁਣ ਜ਼ਿਆਦਾ ਆਬਾਦੀ ਉਹਨਾਂ ਲੋਕਾ ਦੀ ਹੈ ਜੋ ਨਾਰਵੇ ਤੋਂ ਆ ਕੇ ਸਥਿਪਤ ਹੋਏ ਹਨ। ਜਦੋਂ ਅਸੀਂ ਵਪਾਰ ਖ਼ਰੀਦਿਆ ਤਾਂ ਮੈਂ ਜੈਰੀ ਕਲਾਰਕ ਦੀ ਪਤਨੀ ਮਾਰਗਰੇਟ ਨੂੰ ਪੁੱਛਿਆ ਕਿ ਸਾਨੂੰ ਇਸ ਸ਼ਹਿਰ ਵਿਚ ਜਜ਼ਬ ਹੋਣ ਲਈ ਕਿੰਨਾ ਸਮਾਂ ਲੱਗੇਗਾ? ਉਸ ਦਾ ਜਵਾਬ ਬਹੁਤ ਹੀ ਸਿੱਧਾ ਸਾਦਾ ਸੀ। ਉਸ ਨੇ ਕਿਹਾ,“ ਅਸੀਂ ਲੋਕ ਜਰਮਨੀ ਤੋਂ ਆ ਕੇ ਅਮਰੀਕਾ ਵਸੇ ਹਾਂ ਤੇ ਹਾਲੇ ਤੱਕ ਮੈਨੂੰ ਇਹਨਾਂ ਲੋਕਾਂ ਨੇ ਨਹੀਂ ਰਲਾਇਆ।” ਇਹੋ ਜਿਹਾ ਇਸ ਸ਼ਹਿਰ ਦਾ ਸੁਭਾਅ ਹੈ।

ਵਪਾਰ ਵਿਚ ਦਾਖ਼ਲ ਹੁੰਦਿਆਂ ਪਹਿਲਾਂ ਕੁਝ ਦਿਨ ਜੋ ਗਾਹਕ ਆਉਂਦੇ ਸਨ, ਉਹਨਾਂ ਦੀ ਗਿਣਤੀ ਘੱਟ ਗਈ। ਵਪਾਰ ਦੇ ਲੈਣ ਤੋਂ ਦੋ ਦਿਨਾਂ ਬਾਅਦ, ਮੈਂ ਤੇ ਮੇਰੇ ਲੜਕੇ ਵਪਾਰ ਦੇ ਸਾਹਮਣੇ ਘੁੰਮ ਰਹੇ ਸੀ ਕਿ ਕਿਸੇ ਵਿਅਕਤੀ ਨੇ ਪੁਲਿਸ ਨੂੰ ਫੋਨ ਤੇ ਇਤਲਾਹ ਕਰ ਦਿੱਤੀ ਕਿ ਜੈਰੀ ਕਲਾਰਕ ਦੇ ਪੈਟਰੋਲ ਪੰਪ ਤੇ ਕੁਝ ਵਿਦੇਸ਼ੀ ਵਿਅਕਤੀ ਦਿਖਾਈ ਦੇ ਰਹੇ ਹਨ। ਪੁਲਿਸ ਨੇ ਜੈਰੀ ਕਲਾਰਕ ਤੋਂ ਵਿਦੇਸ਼ੀ ਵਿਅਕਤੀਆਂ ਬਾਰੇ ਪੁੱਛਿਆ। ਜੈਰੀ ਨੇ ਪੁਲਿਸ ਨੂੰ ਦੱਸਿਆ ਕਿ ਇਹ ਲੋਕ ਹੀ ਗੈਸ ਸਟੇਸ਼ਨ ਦੇ ਨਵੇਂ ਮਾਲਕ ਹਨ। ਪਹਿਲੇ ਕੁਝ ਦਿਨਾਂ ਵਿਚ ਗਾਹਕਾਂ ਨੇ ਸਾਡੇ ਵੱਲ ਬੜੀ ਹੈਰਾਨੀ ਨਾਲ ਦੇਖਣਾ ਸ਼ੁਰੂ ਕੀਤਾ। ਇੱਕ ਵਾਰ ਜਦੋਂ ਮੈਂ ਕਊਂਟਰ ਤੇ ਖੜ੍ਹਾ ਸੀ ਤਾਂ ਇੱਕ ਗਾਹਕ ਨੇ ਮੈਨੂੰ ਪੁੱਛਿਆ,“ਤੁਸੀਂ ਸਿਰ ਉਤੇ ਕੀ ਚੁੱਕਿਆ ਹੋਇਆ ਹੈ?” ਮੈਂ ਉਸ ਨੂੰ ਦੱਸਿਆ ਕਿ ਮੈਂ ਸਿਰ ਤੇ ਕੁਝ ਚੁੱਕਿਆ ਨਹੀਂ ਹੋਇਆ, ਮੈਂ ਸਿਰ ਤੇ ਪੱਗ ਬੰਨ੍ਹੀ ਹੋਈ ਹੈ। ਮੈਂ ਉਸ ਨੂੰ ਹੋਰ ਵੀ ਦੱਸਿਆ ਕਿ ਦੁਨੀਆ ਦੇ 20 ਦੇਸ਼ ਹਨ ਜਿਥੇ

ਲੋਕ ਪੱਗ ਬੰਨ੍ਹਦੇ ਹਨ। ਇੰਡੀਆ ਉਹਨਾਂ ਵਿਚੋਂ ਇੱਕ ਹੈ ਅਤੇ ਅਸੀਂ ਇੰਡੀਆ ਤੋਂ ਆਏ ਹਾਂ। ਕੁਝ ਦਿਨਾਂ ਬਾਅਦ ਇੱਕ ਹੋਰ ਗਾਹਕ ਆਇਆ, ਉਸ ਨੇ ਪੁੱਛਿਆ ਤੁਸੀਂ ਕਿਥੋਂ ਆਏ ਹੋ। ਮੇਰੇ ਇਹ ਦੱਸਣ ਤੇ ਕਿ ਮੈਂ ਭਾਰਤ ਤੋਂ ਆਇਆ ਹਾਂ ਉਸ ਨੇ ਪੁੱਛਿਆ ਕਿ ਭਾਰਤ ਕਿਥੇ ਹੈ? ਉਸ ਨੂੰ ਦੱਸਣ ਤੇ ਮੈਂ ਕਿਹਾ ਕਿ ਇਹ ਚੀਨ ਦਾ ਪੜੋਸੀ ਹੈ, ਉਸ ਨੇ ਫਿਰ ਪੁੱਛਿਆ ਕਿ ਚੀਨ ਕਿਥੈ ਹੈ? ਮੈਂ ਉਸ ਨੂੰ ਦੱਸਿਆ ਕਿ ਇਹਨਾਂ ਦੋਵਾਂ ਦੇਸ਼ਾਂ ਵਿਚ ਸਾਰੀ ਦੁਨੀਆ ਦੀ ਆਬਾਦੀ ਦੇ 40 ਪ੍ਰਤੀਸ਼ਤ ਇਨਸਾਨ ਵੱਸਦੇ ਹਨ। ਜਦੋਂ ਮੈਨੂੰ ਇਹ ਲੱਗਾ ਕਿ ਉਸ ਨੂੰ ਕੁਝ ਸਮਝ ਨਹੀਂ ਆਇਆ ਤਾਂ ਮੈਂ ਉਸ ਨੂੰ ਸਲਾਹ ਦਿੱਤੀ ਕਿ ਉਹ ਭੁੱਲ ਜਾਵੇ ਤੇ ਖੁਸ਼ ਰਹੇ।

**ਸਾਫ਼-ਸਫ਼ਾਈ-** ਹਰ ਸ਼ਹਿਰ ਦੇ ਲੋਕਾਂ ਦਾ ਆਪਣਾ ਹੀ ਸੁਭਾਅ ਹੁੰਦਾ ਹੈ। ਬਾਕੀ ਸ਼ਹਿਰਾਂ ਵਿਚ ਜਿਥੇ ਅਸੀਂ ਬਾਅਦ ਵਿਚ ਵਪਾਰ ਕੀਤਾ,ਇਸ ਸ਼ਹਿਰ ਨਾਲੋਂ ਵੱਖ ਸਨ। ਸਟਾਊਟਨ ਦੇ ਗਾਹਕਾਂ ਦੀ ਆਦਤ ਹੁੰਦੀ ਸੀ ਕਿ ਉਹ ਮਚਦੀ ਸਿਗਰਟ ਨੂੰ ਸਟੋਰ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਸੁੱਟ ਦਿੰਦੇ ਸਨ। ਨਤੀਜਾ ਇਹ ਹੋਇਆ ਕਿ ਚਾਰ ਕੁ ਦਿਨਾਂ ਵਿਚ ਸਿਗਰਟਾਂ ਦੇ ਕਾਫ਼ੀ ਟੋਟੇ ਸਟੋਰ ਦੇ ਬਾਹਰ ਜਮਾ ਹੋ ਗਏ। ਇਸ ਕਾਰੋਬਾਰ ਦੇ ਬਾਹਰ ਬਿਲਡਿੰਗ ਦੇ ਨਾਲ ਲੱਗਦੇ ਦੋ ਟਾਇਲਟ ਸੀ। ਇੱਕ ਟਾਇਲਟ ਮਰਦਾਂ ਲਈ ਸੀ ਅਤੇ ਦੂਜਾ ਔਰਤਾਂ ਲਈ। ਉਹ ਵੀ ਸਾਡੀ ਪ੍ਰਾਪਰਟੀ ਤੇ ਸਨ ਉਹਨਾਂ ਦੀ ਸਫ਼ਾਈ ਵੀ ਅਸੀਂ ਹੀ ਕਰਨੀ ਹੁੰਦੀ ਸੀ। ਤਿੰਨ ਚਾਰ ਦਿਨਾਂ ਬਾਅਦ ਅਸੀਂ ਪਰਿਵਾਰ ਦੇ ਚਾਰੇ ਮੈਂਬਰਾਂ ਨੇ ਇਕੱਠੇ ਹੋ ਕੇ ਇਸ ਸਮੱਸਿਆ ਬਾਰੇ ਸਲਾਹ ਕੀਤੀ। ਮੈਂ ਦੱਸਿਆ ਕਿ ਇਹ ਅਮਰੀਕਾ ਹੈ ਜੇ ਅਸੀਂ ਕਾਰੋਬਾਰ ਤੇ ਸਫ਼ਾਈ ਨਹੀਂ ਰੱਖਦੇ ਤਾਂ ਸਾਡੇ ਕੋਲ ਗਾਹਕ ਆਉਣੇ ਘੱਟ ਜਾਣਗੇ। ਅਜਿਹਾ ਕਹਿਣ ਤੇ ਮੇਰੇ ਛੋਟੇ ਪੁੱਤਰ ਗੁਰਜੀਤ ਸਿੰਘ ਨੇ ਕਿਹਾ,“ ਪਿਤਾ ਜੀ ਜੇ ਆਪਾਂ ਜਮਾਂਦਾਰ ਰੱਖ ਲਈਏ ਜੋ ਬਾਹਰੋਂ ਅੰਦਰੋਂ ਸਫ਼ਾਈ ਕਰ ਦਿਆ ਕਰੇਗਾ।” ਮੈਂ ਆਪਣੇ ਲੜਕੇ ਨੂੰ ਕਿਹਾ ਕਿ ਅਸੀਂ 6-7 ਡਾਲਰ ਘੰਟੇ ਦੇ ਹਿਸਾਬ ਨਾਲ ਕੋਈ ਵੀ ਕੰਮ ਕਰਵਾ ਸਕਦੇ ਹਾਂ, ਪਰ ਇਥੇ ਕੋਈ ਖਾਨਦਾਨੀ ਜਮਾਂਦਾਰ ਨਹੀਂ ਹਨ। ਮੇਰੀ ਪਤਨੀ ਨਹੀਂ ਚਾਹੁੰਦੀ ਸੀ ਕਿ ਮੈਂ ਬਾਥਰੂਮ ਸਾਫ਼ ਕਰਾਂ। ਉਸ ਨੂੰ ਡਰ ਸੀ ਕਿ ਮੈਨੂੰ ਕੋਈ ਬਿਮਾਰੀ ਜਾਂ ਕੋਈ ਇਨਫੈਕਸ਼ਨ ਆਦਿ ਨਾ ਹੋ ਜਾਵੇ। ਘਰ ਦਾ ਮੋਢੀ ਹੋਣ ਕਰਕੇ, ਮੈਂ ਝਾੜੂ ਲਿਆ ਤੇ ਬਾਹਰੋਂ ਸਾਫ਼ ਕਰ ਦਿੱਤਾ। ਮੈਂ ਹੱਥਾਂ ਤੇ ਦਸਤਾਨੇ ਪਾਏ ਤੇ ਦੋਨੋਂ ਬਾਥਰੂਮ ਸਾਫ਼ ਕਰ ਦਿੱਤੇ। ਇਸ ਸਾਰੇ ਕੰਮ ਨੂੰ ਅੱਧਾ ਘੰਟਾ ਵੀ ਨਹੀਂ ਲੱਗਿਆ। ਇੱਕ ਦੋ ਦਿਨਾਂ ਬਾਅਦ ਮੇਰੀ ਪਤਨੀ ਸਾਫ਼-ਸਫ਼ਾਈ ਕਰਨ ਲੱਗੀ ਤੇ ਇੱਕ ਹਫ਼ਤੇ ਵਿਚ ਦੋਨੋਂ ਪੁੱਤਰ ਵੀ ਸਫ਼ਾਈ ਕਰਨ ਲੱਗ ਪਏ।

ਸਾਡੇ ਨਾਂਮ ਸਭ ਤੋਂ ਵੱਡੀ ਸਮੱਸਿਆ ਮੇਰਾ ਨਾਮ ਸੀ। ਮੈਂ ਕਿਉਂਕਿ ਸਾਬਕਾ ਆਰਮੀ ਕੈਪਟਨ ਵੀ ਸੀ, ਕਾਲਜ ਵਿਚ ਪ੍ਰੋਫੈਸਰ ਦੇ ਤੌਰ ਤੇ ਪੜ੍ਹਾਉਂਦਾ ਵੀ ਰਿਹਾ ਹਾਂ ਤੇ ਮੈਂ ਹੁਣ ਉਸ ਸਮੇਂ ਆਬਕਾਰੀ ਕਮਿਸ਼ਨਰ ਦੀ ਨੌਕਰੀ ਵੀ ਕਰ ਰਿਹਾ

ਸੀ, ਮੈਂ ਤਿੰਨਾਂ ਮਹਿਕਮਿਆਂ ਬਾਰੇ ਸੋਚਿਆ। ਕਾਲਜ ਪ੍ਰੋਫੈਸਰ ਦਾ ਉਸ ਇਲਾਕੇ ਵਿਚ ਕੋਈ ਲੈਣਾ ਦੇਣਾ ਨਹੀਂ ਸੀ ਕਿਉਂਕਿ ਉਸ ਇਲਾਕੇ ਵਿਚ ਜ਼ਿਆਦਾ ਲੋਕ ਪੜ੍ਹੇ ਲਿਖੇ ਨਹੀਂ ਸਨ। ਜ਼ਿਆਦਾਤਰ ਲੋਕ ਹਾਈ ਸਕੂਲ ਹੀ ਪਾਸ ਸਨ। ਕੁਝ ਗਾਹਕ ਸਕੂਲ ਤੋਂ ਫੇਲ੍ਹ ਹੋਏ ਵਿਦਿਆਰਥੀ ਵੀ ਸਨ। ਆਬਕਾਰੀ ਤੇ ਕਰ ਵਿਭਾਗ ਬਾਰੇ ਵੀ ਛੋਟੇ ਸ਼ਹਿਰਾਂ ਦੇ  ਲੋਕਾਂ ਨੇ ਸੁਣਿਆ ਨਹੀਂ ਹੁੰਦਾ। ਮੈਂ ਸੋਚਿਆ ਕਿ ਕੈਪਟਨ ਦਾ ਨਾਮ ਬਹੁਤ ਚੰਗਾ ਲੱਗੇਗਾ ਅਤੇ ਲੋਕ ਸਮਝ ਵੀ ਜਲਦੀ ਲੈਣਗੇ। ਮੈਨੂੰ ਬਾਕੀ ਨਾਮ ਵਿਚੋਂ ਅਮਰਜੀਤ ਲੰਬਾ ਸ਼ਬਦ ਲੱਗਿਆ। ਕਾਲੇਕਾ ਨਾਮ ਪੌਲੈਂਡ ਵਰਗਾ ਨਾਮ ਲੱਗਿਆ। ਮੈਂ ਨਹੀਂ ਸੀ ਚਾਹੁੰਦਾ ਕਿ ਮੇਰਾ ਨਾਮ ਪੌਲਿਸ਼ ਦੇ ਨਾਮ ਨਾਲ ਕਨਫਿਊਜ਼ ਹੋਵੇ। ਮੈਂ ਬਹੁਤ ਜਲਦੀ ਸਮਝ ਲਿਆ ਕਿ ਇੱਕਲਾ ਸਿੰਘ ਵੀ ਚੰਗਾ ਨਾਮ ਹੈ। ਜੇ ਕੋਈ ਵਿਅਕਤੀ ਮੇਰਾ ਨਾਮ ਨਹੀਂ ਸੀ ਸਮਝਦਾ ਤਾਂ ਮੈਂ ਹੱਸ ਕੇ ਕਹਿ ਦਿੰਦਾ ਕਿ ਤੁਸੀਂ ਗੀਤ (you sing a song) ਵੀ ਗਾਉਂਦੇ ਹੋ। ਵਿਅਕਤੀ ਹੱਸ ਪੈਂਦਾ ਤੇ ਸਮਝ ਜਾਂਦਾ। ਸੋ ਮੇਰਾ ਨਾਮ ਕੈਪਟਨ ਸਿੰਘ ਬਣ ਗਿਆ। ਮੇਰੀ ਪਤਨੀ ਦਾ ਪੂਰਾ ਨਾਮ ਜਸਮਿੰਦਰ ਕੌਰ ਹੈ। ਅਸੀਂ ਉਹਨਾਂ ਨੂੰ ਭਾਰਤ ਵਿਚ ਜੱਸੀ ਕਹਿੰਦੇ ਸੀ। ਜੱਸੀ ਅਮਰੀਕਾ ਵਿਚ ਬਹੁਤ ਆਮ ਨਾਮ ਹੈ। ਸਾਡੇ ਪੁੱਤਰ ਗੁਰਮੀਤ ਦਾ ਨਾਮ ਗੁਰਮਿਟ ਕਹਿਣ ਲੱਗੇ ਲੋਕਾਂ ਲਈ ਕੋਈ ਪਰੇਸ਼ਾਨੀ ਨਹੀਂ ਸੀ। ਇਸੇ ਪ੍ਰਕਾਰ ਗਾਹਕ ਗੁਰਜੀਤ ਦਾ ਨਾਮ ਗੁਰਜੀਟ ਲੈਣ ਲੱਗੇ।

ਲੋਕਾਂ ਵਿਚ ਹਰਮਨ ਪਿਆਰੇ ਹੋਣਾ ਚੰਗਾ ਵਪਾਰ ਚਲਾਉਣ ਲਈ ਬਹੁਤ ਜ਼ਰੂਰੀ ਹੈ। ਅਸੀਂ ਇਲਾਕੇ ਵਿਚ ਪਹਿਲਾ ਸਿੱਖ ਪਰਿਵਾਰ ਸੀ। ਅਸੀਂ ਪੱਗਾਂ ਬੰਨ੍ਹਦੇ ਸੀ, ਇਸ ਲਈ ਲੋਕਾਂ ਨੂੰ ਹੋਰ ਵੀ ਓਪਰੇ ਲੱਗਦੇ ਸਾਂ। ਅਸੀਂ ਆਪਣੇ ਆਪ ਨੂੰ ਹਰਮਨ ਪਿਆਰੇ ਬਣਾਉਣ ਲਈ ਹੇਠ ਲਿਖੇ ਤਜ਼ਰਬੇ ਕੀਤੇ।

**1. ਬੱਚਿਆਂ ਅਤੇ ਛੋਟੇ ਜਾਨਵਰਾਂ ਨੂੰ ਖੁਸ਼ ਕਰਨ ਦਾ ਯਤਨ–** ਅਸੀਂ ਕਾਊਂਟਰ ਤੇ ਕਾਫ਼ੀ ਟਾਫੀਆਂ ਰੱਖ ਲਈਆਂ। ਜਦੋਂ ਕੋਈ ਗਾਹਕ ਦੇ ਨਾਲ ਕੋਈ ਬੱਚਾ ਆਉਂਦਾ ਤਾਂ ਅਸੀਂ ਉਸ ਬੱਚੇ ਨੂੰ ਮੁਫ਼ਤ ਟਾਫੀ ਦੇ ਦਿੰਦੇ। ਜਦੋਂ ਮਾਂ ਬਾਪ ਆਦਿਕ ਬੱਚੇ ਨੂੰ ਧੰਨਵਾਦ ਕਰਨ ਲਈ ਕਹਿੰਦੇ ਤਾਂ ਮੈਂ ਦੱਸ ਦਿੰਦਾ ਕਿ ਮੇਰਾ ਨਾਮ ਕੈਪਟਨ ਸਿੰਘ ਹੈ। ਬੱਚਾ ਨਾਲ ਦੀ ਨਾਲ ਕਹਿ ਦਿੰਦਾ 'Thank you Capt. Singh'

ਇਹੋ ਤਜ਼ਰਬਾ ਅਸੀਂ ਜਾਨਵਰਾਂ ਨਾਲ ਵੀ ਕੀਤਾ, ਜਿਹਨਾਂ ਲੋਕਾ ਕੋਲ ਕੁੱਤੇ ਜਾਂ ਬਿੱਲੀਆਂ ਆਦਿ ਹੁੰਦੇ ਸਨ ਅਸੀਂ ਉਹਨਾਂ ਨੂੰ ਕੁੱਤਿਆਂ ਵਾਲੇ ਬਿਸਕੁਟ ਦੇ ਦਿੰਦੇ। 15 ਕੁ ਦਿਨਾਂ ਦੇ ਬਾਅਦ ਅਸੀਂ ਜਦੋਂ ਵੀ ਸਫ਼ਰ ਕਰਦੇ ਤਾਂ ਬੱਚੇ ਸਾਡੇ ਵੱਲ ਉਂਗਲ ਕਰਕੇ ਆਪਣੇ ਮਾਂ ਬਾਪ ਨੂੰ ਦੱਸਦੇ ਕਿ ਕੈਪਟਨ ਸਿੰਘ ਜਾ ਰਹੇ ਹਨ। ਜਾਨਵਰਾਂ (ਕੁੱਤਿਆਂ–ਬਿੱਲੀਆਂ) ਆਦਿ ਨੂੰ ਬਿਸਕੁਟ ਦੇਣ ਦੇ ਨਾਲ ਅਸੀਂ ਲੋਕਾਂ ਵਿਚ ਹੋਰ ਵੀ ਹਰਮਨ ਪਿਆਰੇ ਹੋ ਗਏ।

**2. ਬਾਹਰ ਖਾਣਾ ਖਾਣਾ–** ਸ਼ਹਿਰ ਵਿਚ ਅੱਠ ਹੋਟਲ ਸਨ। ਸਾਡੇ ਕੋਲ ਕਾਰੋਬਾਰ

ਚਲਾਉਣ ਲਈ ਜੈਰੀ ਕਲਾਰਕ, ਉਸ ਦੀ ਪਤਨੀ ਮਾਰਗਰੇਟ ਅਤੇ ਡਿਕ, ਤਿੰਨ ਵਿਅਕਤੀ ਸਨ। ਸਾਡੇ ਵਪਾਰ ਵਿਚ ਕੰਮ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਕਾਫ਼ੀ ਸੀ, ਇਸ ਲਈ ਅਸੀਂ ਸਮਾਂ ਕੱਢ ਕੇ ਸ਼ਾਮ ਦਾ ਖਾਣਾ ਬਾਹਰ ਖਾਂਦੇ। ਸ਼ੁਕਰਵਾਰ ਨੂੰ ਮੇਰੇ ਪੁੱਤਰ ਵੀ ਮਿਲਵਾਕੀ ਤੋਂ ਆ ਜਾਂਦੇ ਅਤੇ ਤਿੰਨ ਰਾਤਾਂ ਸਾਡੇ ਨਾਲ ਰਹਿੰਦੇ। ਅਪ੍ਰੈਲ ਤੋਂ ਲੈ ਕੇ ਅਗਸਤ ਤੱਕ ਇਹ ਇਲਾਕਾ ਬਹੁਤ ਰਮਣੀਕ ਰਹਿੰਦਾ ਸੀ। ਮੌਸਮ ਕਰਕੇ ਵੀ ਲੋਕ ਹੋਟਲਾਂ ਵਿਚ ਅੰਦਰ ਬੈਠਣ ਦੀ ਥਾਂ ਬਾਹਰ ਬੈਠ ਕੇ ਖਾਣੇ ਦਾ ਆਨੰਦ ਮਾਣਦੇ ਸਨ। ਸ਼ੁਕਰਵਾਰ-ਸ਼ਨੀਵਾਰ ਨੂੰ ਸਾਰੇ ਹੋਟਲ ਬਹੁਤ ਵਿਅਸਤ ਹੁੰਦੇ ਸੀ। ਅਸੀਂ ਵੀ ਸਾਰੇ ਹੋਟਲਾਂ ਵਿਚ ਵਾਰੀ ਵਾਰੀ ਖਾਣਾ ਖਾਂਦੇ। ਅੱਠ ਦੇ ਅੱਠ ਹੋਟਲ ਹੀ ਹਾਈਵੇ 51 ਉਤੇ ਸਨ ਜੋ ਕਿ ਸ਼ਹਿਰ ਦੀ ਸਭ ਤੋਂ ਵੱਡੀ ਸੜਕ ਸੀ। ਅਸੀਂ ਜਾਣ ਬੁਝ ਕੇ ਖੁੱਲ੍ਹੇ ਵਿਚ ਬੈਠਦੇ। ਜਿਸ ਦੇ ਦੋ ਕਾਰਨ ਸਨ। ਪਹਿਲਾਂ ਤਾਂ ਜੇ ਮੱਖੀ ਮੱਛਰ ਨਾ ਹੋਵੇ ਤਾਂ ਬਾਹਰ ਦੇ ਬੈਠਣ ਦਾ ਕੋਈ ਮੁਕਾਬਲਾ ਹੀ ਨਹੀਂ ਸੀ। ਦੂਸਰਾ, ਅਸੀਂ ਵੀ ਚਾਹੁੰਦੇ ਸੀ ਕਿ ਵੱਧ ਤੋਂ ਵੱਧ ਲੋਕ ਸਾਨੂੰ ਦੇਖਣ ਤਾਂ ਕਿ ਸਾਡੇ ਪਰਿਵਾਰ ਦੀ ਸਵੀਕਾਰਤਾ ਵਧ ਜਾਵੇ। ਸਾਨੂੰ ਬਹੁਤ ਲੋਕਾਂ ਨੇ ਦੇਖਿਆ ਅਤੇ ਸਾਨੂੰ ਜਲਦੀ ਹੀ ਜਾਣਨ ਲੱਗ ਪਏ।

**3. ਮੁਫ਼ਤ ਕਾਰ ਵਾਸ਼ ਕੂਪਨ ਵੰਡਣਾ–** ਜਦ ਵੀ ਅਸੀਂ ਖਾਣਾ ਖਾਣ ਜਾਂਦੇ ਤਾਂ ਅਸੀਂ ਕਾਰ ਵਾਸ਼ ਕੂਪਨ ਨਾਲ ਲੈ ਜਾਂਦੇ। ਅਮਰੀਕਾ ਵਿਚ ਸਾਰਿਆਂ ਕੋਲ ਕਾਰ ਹੁੰਦੀ ਹੈ ਅਸੀਂ ਇਹ ਮੁਫ਼ਤ ਕਾਰ ਵਾਸ਼ ਕੂਪਨ ਬਹਿਰਿਆਂ ਨੂੰ ਵੀ ਦਿੰਦੇ ਜੋ ਸਾਨੂੰ ਖਾਣਾ ਸਰਵ ਕਰਦੇ ਸਨ। ਕਾਰ ਵਾਸ਼ ਕੂਪਨ, ਕੈਸ਼ ਰਜਿਸਟਰ ਤੇ ਵੀ ਦੇ ਦਿੰਦੇ। ਕਈ ਵਾਰ ਰਸੋਈਏ ਨੂੰ ਵੀ ਕੂਪਨ ਦੇ ਦਿੰਦੇ। ਇਸ ਕੂਪਨ ਦੀ ਕੀਮਤ ਤਿੰਨ ਡਾਲਰ ਸੀ। ਇੱਕ ਵਾਰ ਗਾਹਕ ਫ੍ਰੀ ਕਾਰ ਵਾਸ਼ ਲੈਣ ਆਵੇਗਾ, ਅਸੀਂ ਸੋਚਿਆ ਕਿ ਪੈਟਰੋਲ ਦੀ ਸੇਲ ਅਤੇ ਬਾਕੀ ਸਮਾਨ ਦੀ ਵਿਕਰੀ ਵਿਚ ਵੀ ਵਾਧਾ ਹੋਵੇਗਾ। ਅਸੀਂ ਹਮੇਸ਼ਾ ਖਾਣਾ ਖਾਣ ਤੋਂ ਬਾਅਦ ਟਿਪ ਦਿੰਦੇ ਸੀ। ਚਾਹੇ ਅਸੀਂ ਆਰਥਿਕ ਤੌਰ ਦੇ ਅਮੀਰ ਨਹੀਂ ਸੀ, ਫਿਰ ਵੀ ਅਸੀਂ ਚੰਗਾ ਟਿਪ ਦਿੰਦੇ ਸੀ। ਚੰਗਾ ਟਿਪ ਦੇਣ ਨਾਲ ਸਾਡੀ ਸਤਿਕਾਰਤਾ ਹੋਰ ਵੀ ਵੱਧ ਗਈ। ਮਈ 1994 ਤੱਕ ਸਾਡੇ ਪੈਟਰੋਲ ਅਤੇ ਬਾਕੀ ਚੀਜ਼ਾਂ ਦੀ ਵਿਕਰੀ ਵਿਚ ਕਾਫ਼ੀ ਸੁਧਾਰ ਹੋ ਗਿਆ। ਸਾਡਾ ਹਿੱਸੇਦਾਰ ਸ. ਤਰਨਾਮ ਸਿੰਘ ਢਿੱਲੋਂ ਵਾਰ ਵਾਰ ਆਉਂਦਾ ਸੀ। ਹੁਣ ਤੱਕ ਅਸੀਂ ਮਹਿਸੂਸ ਕਰ ਲਿਆ ਸੀ ਕਿ ਅਸੀਂ ਅਜਿਹਾ ਵਪਾਰ ਇਕੱਲੇ ਵੀ ਕਰ ਸਕਦੇ ਹਾਂ। ਅਸੀਂ ਮਨ ਬਣਾ ਲਿਆ ਕਿ ਅਗਲਾ ਵਪਾਰ ਸਾਡੇ ਇਕੱਲਿਆਂ ਦਾ ਹੀ ਹੋਵੇਗਾ। ਇਸ ਗੱਲ ਨੂੰ ਧਿਆਨ ਵਿਚ ਰੱਖਕੇ ਸਾਡੇ ਪਰਿਵਾਰ ਨੇ ਸੋਚਿਆ ਕਿ ਜੂਨ ਤੋਂ ਅਗਸਤ 1994 ਦੀਆਂ ਛੁੱਟੀਆਂ ਵਿਚ ਮੈਂ ਭਾਰਤ ਜਾਵਾਂ ਤੇ ਲਾਲ ਬਾਗ਼ ਪਟਿਆਲੇ ਦਾ ਘਰ ਵੇਚ ਕੈ ਪੈਸੇ ਲੈ ਆਵਾਂ ਤਾਂ ਕਿ ਅਸੀਂ ਕੋਈ ਹੋਰ ਵਪਾਰ ਇਕੱਲੇ ਹੀ ਖ਼ਰੀਦ ਸਕੀਏ। ਮੈਂ 15 ਜੂਨ 1994 ਨੂੰ ਭਾਰਤ ਆ ਗਿਆ। ਮੇਰੇ ਦੋਵੇਂ ਪੁੱਤਰ ਸਟਾਊਟਨ ਆ ਗਏ ਤੇ ਉਹਨਾਂ ਨੇ ਆਪਣੀ ਮਾਤਾ

ਨਾਲ ਮਿਲਕੇ ਸਟਾਊਟਨ ਦੇ ਵਪਾਰ ਦੀ ਦੇਖਭਾਲ ਕਰਨ ਲੱਗੇ।

**ਵਪਾਰ ਕਿਰਾਏ 'ਤੇ ਦੇਣਾ–** ਮੇਰੇ ਹਿੱਸੇਦਾਰ ਤਰਨਾਮ ਸਿੰਘ ਢਿਲੋਂ ਨੇ ਇੱਕ ਗਾਹਕ ਲਿਆਂਦਾ ਜੋ ਸਾਡਾ ਵਪਾਰ ਕਿਰਾਏ ਤੇ ਲੈਣਾ ਚਾਹੁੰਦਾ ਸੀ। ਜਿਸ ਦਾ ਵਿਸਥਾਰ ਇਸ ਪ੍ਰਕਾਰ ਹੈ –

1.10,000 ਡਾਲਰ ਪੱਗੜੀ

2. ਹਰ ਮਹੀਨੇ ਦਾ ਕਿਰਾਇਆ 3300 ਡਾਲਰ

3. ਕਿਰਾਏਦਾਰ ਨੇ ਸਟਾਕ ਸਾਡੇ ਲੱਗੇ ਮੁਲ ਤੇ ਖ਼ਰੀਦਣਾ ਸੀ।

ਕਿਰਾਏਦਾਰ ਨੇ 15 ਸਤੰਬਰ 1994 ਨੂੰ ਸਾਡਾ ਵਪਾਰ ਕਿਰਾਏ ਤੇ ਲੈ ਲਿਆ। ਸਟਾਕ ਸਾਡਾ ਸੀ, ਇਸ ਲਈ 20,000 ਡਾਲਰ ਸਟਾਕ ਦਾ ਸਾਨੂੰ ਮਿਲ ਗਿਆ। ਪੱਗੜੀ ਦਾ 10,000 ਡਾਲਰ ਅਸੀਂ ਦੋਵਾਂ ਹਿੱਸੇਦਾਰਾਂ ਨੇ ਪੰਜ ਪੰਜ ਹਜ਼ਾਰ ਡਾਲਰ ਆਪਸ ਵਿਚ ਵੰਡ ਲਿਆ। ਛੇ ਮਹੀਨਿਆਂ ਵਿਚ ਅਸੀਂ ਚਾਰੇ ਜਾਣਿਆਂ ਨੂੰ ਇਕੱਲਿਆਂ ਹੀ ਵਪਾਰ ਕਰਨ ਦਾ ਤਜ਼ਰਬਾ ਹੋ ਗਿਆ ਸੀ। ਅਸੀਂ ਵਪਾਰ ਦੀਆਂ ਬੁਨਿਆਦੀ ਗੱਲਾਂ ਸਮਝ ਗਏ ਸੀ। ਇਸ ਤੋਂ ਇਲਾਵਾ ਕਿਸੇ ਬੈਂਕ ਤੋਂ ਕਰਜ਼ਾ ਲੈਣ ਲਈ ਸਾਡੇ ਕੋਲ 6 ਮਹੀਨੇ ਵਪਾਰ ਚਲਾਉਣ ਦਾ ਤਜ਼ਰਬਾ ਵੀ ਸੀ। ਸਾਡੇ ਕੰਪਨੀਆਂ ਨਾਲ ਰਿਕਾਰਡ ਬਣ ਗਏ ਸੀ ਤੇ ਸਾਨੂੰ ਪੈਟਰੋਲ ਜਾਂ ਕੋਈ ਹੋਰ ਸਮਾਨ ਲੈਣ ਦੀ ਦਿਕਤ ਨਹੀਂ ਸੀ।

ਅਗਸਤ 1994 ਦੇ ਆਖਰੀ ਦਿਨਾਂ ਵਿਚ ਮੈਂ ਆਪਣਾ ਲਾਲ ਬਾਗ਼ ਪਟਿਆਲੇ ਵਾਲਾ ਮਕਾਨ ਵੇਚ ਕੇ ਵਾਪਸ ਅਮਰੀਕਾ ਪਹੁੰਚ ਗਿਆ। ਇਸ ਮਕਾਨ ਉਤੇ ਕਰਜ਼ਾ ਵੀ ਸੀ ਜੋ ਅਸੀਂ ਉਸੇ ਕੀਮਤ ਵਿਚੋਂ ਹੀ ਅਦਾ ਕਰ ਦਿੱਤਾ। ਕਿਸੇ ਮਿੱਤਰ ਤੋਂ ਅਸੀਂ 7000 ਡਾਲਰ ਅਮਰੀਕਾ ਦੇ ਖਾਤੇ ਵਿਚੋਂ ਪੁਆਇਆ ਸੀ, ਉਹ ਵੀ ਅਸੀਂ ਇਸੇ ਰਕਮ ਵਿਚੋਂ ਹੀ ਮੋੜ ਦਿੱਤੇ। ਮੇਰੇ ਛੋਟੇ ਭਰਾ ਸਤਵੰਤ ਸਿੰਘ ਜੋ (5 ਅਗਸਤ 2012 ਨੂੰ ਸ਼ਹੀਦ ਹੋਇਆ), ਨੇ ਸਾਨੂੰ 42000 ਡਾਲਰ ਗਿਫਟ ਕਰ ਦਿੱਤੇ। ਮੈਂ ਪਹਿਲਾਂ ਵਪਾਰ ਚਲਾਉਣ ਲਈ ਆਪਣੇ ਛੋਟੇ ਭਰਾ ਡਾ ਜਗਜੀਤ ਸਿੰਘ ਤੋਂ 12500 ਡਾਲਰ ਲਏ ਸਨ, ਉਹ ਵੀ ਵਾਪਸ ਕਰ ਦਿੱਤੇ ਸਨ। ਸਾਡੇ ਕੋਲ ਬੈਂਕ ਵਿਚ ਤਕਰੀਬਨ 55,000 ਡਾਲਰ ਜਮ੍ਹਾਂ ਸਨ। ਅਸੀਂ ਹੁਣ ਸਟਾਊਟਨ ਦੇ ਵਪਾਰ ਤੋਂ ਆਜਾਦ ਹੋ ਗਏ। ਸਤੰਬਰ 1994 ਵਿਚ ਮੇਰੇ ਦੋਵੇਂ ਬੱਚੇ ਤੀਜੇ ਸਮੈਸਟਰ ਲਈ ਯੂਨੀਵਰਸਿਟੀ ਆਫ ਵਿਸਕਾਨਸਨ,ਮਿਲਵਾਕੀ ਚਲੇ ਗਏ। ਅਸੀਂ ਸ਼ਾਂਤ ਜਿਹੇ ਹੋ ਗਏ। ਹੁਣ ਤੱਕ ਸਾਡੇ ਕੋਲ ਵਪਾਰ ਚਲਾਉਣ ਲਈ ਤਜ਼ਰਬਾ ਵੀ ਹੋ ਗਿਆ ਤੇ ਬੈਂਕ ਤੋਂ ਕਰਜ਼ਾ ਲੈਣ ਲਈ ਉਧਾਰ ਰਿਕਾਰਡ ਵੀ ਬਣ ਗਿਆ। ਵਪਾਰੀਆਂ ਤੋਂ ਮਾਲ ਲੈਣ ਲਈ ਸਾਡਾ ਨਾਮ ਵੀ ਬਣ ਗਿਆ ਤੇ ਸਾਡੀ ਕਰੈਡਿਟ ਰੇਟਿੰਗ ਵੀ ਕਾਫ਼ੀ ਚੰਗੀ ਹੋ ਗਈ। ਹੁਣ ਸਾਡੇ ਕੋਲ ਇੰਨੇ ਕੁ ਪੈਸੇ ਸਨ ਕਿ ਅਸੀਂ ਕੋਈ ਦਰਮਿਆਨਾ ਜਿਹਾ ਵਪਾਰ ਲੈਣ ਦੇ ਸਮਰਥ ਸੀ। ਅਸੀਂ ਮੈਡੀਸਨ ਸ਼ਹਿਰ ਵਿਚ ਤਿੰਨ ਕਾਰਨਾਂ ਕਰਕੇ ਵਪਾਰ ਲੱਭਣ ਲੱਗ ਪਏ।

1. ਮੈਡੀਸਨ ਯੂਨੀਵਰਸਿਟੀ, ਮਿਲਵਾਕੀ ਯੂਨੀਵਰਸਿਟੀ ਨਾਲੋਂ ਜਿਆਦਾ ਵਧੀਆ ਸੀ।

2. ਮਿਲਵਾਕੀ ਸ਼ਹਿਰ ਭਾਵੇਂ ਸਮਾਜਿਕ ਤੌਰ ਤੇ ਸਾਡੇ ਲਈ ਮੈਡੀਸਨ ਨਾਲੋਂ ਵਧੀਆ ਸੀ ਪਰ ਸਾਡੇ ਕੋਲ ਜਿੰਨੇ ਪੈਸੇ ਸਨ ਉਹਨਾਂ ਨਾਲ ਮਿਲਵਾਕੀ ਵਿਚ ਕੋਈ ਵਪਾਰਕ ਮੌਕਾ ਨਹੀਂ ਸੀ ਬਣਦਾ। ਮਿਲਵਾਕੀ ਵਿਚ 33% ਅਫਰੀਕੀ ਅਮਰੀਕਨ ਦੀ ਗਿਣਤੀ ਸੀ ਅਤੇ ਉਹ ਉਥੇ ਬਹੁਤ ਹੱਲਾ-ਗੁੱਲਾ ਕਰਦੇ ਸਨ। ਗੋਲੀ ਚਲਾਉਣਾ, ਕਤਲ ਹੋ ਜਾਣਾ ਮਿਲਵਾਕੀ ਸ਼ਹਿਰ ਦਾ ਆਮ ਜੀਵਨ ਦਾ ਹਿੱਸਾ ਸੀ। ਸਾਡੀਆਂ ਆਦਤਾਂ, ਸਿੱਖਿਆ ਅਤੇ ਸਾਡੇ ਸੁਪਨਿਆਂ ਨਾਲ ਇਸ ਸ਼ਹਿਰ ਵਿਚ ਕਾਰੋਬਾਰ ਕਰਨਾ ਸਾਡੇ ਲਈ ਮੁਸ਼ਕਿਲ ਸੀ। ਪਹਿਲਾਂ ਹੀ ਭਾਰਤੀ ਪਰਿਵਾਰਾਂ ਕੋਲ ਮਿਲਵਾਕੀ ਵਿਚ ਕਾਫ਼ੀ ਕਾਰੋਬਾਰ ਸਨ। ਜਦੋਂ ਵੀ ਕੋਈ ਮੌਕਾ ਬਣਦਾ ਸੀ ਉਹ ਪਰਿਵਾਰ ਉਸ ਮੌਕੇ ਨੂੰ ਦਬੋਚ ਲੈਂਦੇ ਸਨ। ਅਸੀਂ ਪੜ੍ਹੇ-ਲਿਖੇ ਆਂਢ-ਗੁਆਂਢ ਵਿਚ ਵਪਾਰ ਕਰਨਾ ਚਾਹੁੰਦੇ ਸੀ। ਮਿਲਵਾਕੀ ਵਿਚ ਭਾਰਤੀਆਂ ਨੇ ਕਾਲਿਆਂ ਦੀ ਅਨਪੜ੍ਹਤਾ ਤੋਂ ਫਾਇਦਾ ਉਠਾ ਕੇ ਹੀ ਜ਼ਿਆਦਾ ਤਰੱਕੀ ਕੀਤੀ ਸੀ।

ਮੈਡੀਸਨ ਵਿਸਕਾਨਿਸਨ ਸਟੇਟ ਦੀ ਰਾਜਧਾਨੀ ਸੀ। ਜਿਸ ਦੀ ਦੋ ਲੱਖ ਦੀ ਆਬਾਦੀ ਸੀ। ਮੈਡੀਸਨ ਦੀ ਯੂਨੀਵਰਸਿਟੀ ਬਹੁਤ ਵੱਡੀ ਸੀ ਤੇ ਇਸ ਦੇ ਵਿਦਿਆਰਥੀਆਂ ਦੀ ਗਿਣਤੀ 42,000 ਸੀ। ਮੈਡੀਸਨ ਯੂਨੀਵਰਸਿਟੀ ਵਿਚ 8000 ਅਧਿਆਪਕ ਪੜ੍ਹਾਉਂਦੇ ਸਨ। ਮੈਡੀਸਨ ਵਿਚ ਤਿੰਨ ਭਾਰਤੀ ਪਰਿਵਾਰ ਵਪਾਰ ਕਰਦੇ ਸਨ। ਯੂਨੀਵਰਸਿਟੀ ਵਿਚ ਤਿੰਨ ਪੱਗਾਂ ਵਾਲੇ ਪ੍ਰੋਫੈਸਰ ਵੀ ਪੜ੍ਹਾਉਂਦੇ ਸਨ। ਇਸ ਯੂਨੀਵਰਸਿਟੀ ਦਾ ਸਾਰੇ ਅਮਰੀਕਾ ਵਿਚ ਬਹੁਤ ਵੱਡਾ ਨਾਮ ਸੀ। ਇਸ ਤੋਂ ਇਲਾਵਾ ਇਹ ਸਰਕਾਰੀ ਯੂਨੀਵਰਸਿਟੀ ਸੀ, ਇਸ ਕਰਕੇ ਇਸ ਦੇ ਖ਼ਰਚੇ ਪ੍ਰਾਈਵੇਟ ਯੂਨੀਵਰਸਿਟੀ ਨਾਲੋਂ ਬਹੁਤ ਘੱਟ ਸਨ। ਇਹਨਾਂ ਕਾਰਨਾਂ ਕਰਕੇ ਹੀ ਅਸੀਂ ਸੋਚਿਆ ਕਿ ਅਸੀਂ ਅਗਲਾ ਵਪਾਰ ਮੈਡੀਸਨ ਸ਼ਹਿਰ ਵਿਚ ਹੀ ਕਰਾਂਗੇ ਤੇ ਆਪਣੇ ਬੱਚਿਆਂ ਨੂੰ ਮੈਡੀਸਨ ਯੂਨੀਵਰਸਿਟੀ ਭੇਜਾਂਗੇ। ਸਤੰਬਰ 1994 ਤੱਕ ਅਸੀਂ ਪਰਿਵਾਰ ਦੇ ਤੌਰ ਤੇ ਕੋਈ ਛੋਟਾ ਜਿਹਾ ਵਪਾਰ ਮੈਡੀਸਨ ਸ਼ਹਿਰ ਵਿਚ ਕਰਨ ਲਈ ਤਿਆਰ ਸੀ ਅਤੇ ਸਾਨੂੰ ਇਹ ਵੀ ਵਿਸ਼ਵਾਸ ਸੀ ਕਿ ਅਸੀਂ ਕਿਸੇ ਹਿੱਸੇਦਾਰ ਨੂੰ ਰਲਾਏ ਬਿਨਾਂ, ਇਹ ਵਪਾਰ ਕਾਮਯਾਬੀ ਨਾਲ ਕਰ ਸਕਦੇ ਹਾਂ। ਇਹ ਸਾਡੀ ਦੂਸਰੀ ਵਪਾਰਕ ਛਾਲ ਹੋਣੀ ਸੀ।

# ਦੂਜਾ ਵਪਾਰ ਦਸੰਬਰ 1994

ਮੈਡੀਸਨ ਸ਼ਹਿਰ ਵਿਚ ਇੱਕ ਮਸ਼ਹੂਰ ਪੈਟਰੋਲ ਕੰਪਨੀ ਸੀ, ਜਿਸ ਦਾ ਨਾਮ ਸਟਾਪ ਐਂਡ ਗੋ ਸੀ। ਇਹ ਕੰਪਨੀ ਥੋਕ ਵਿਚ ਪੈਟਰੋਲ ਤੇ ਡੀਜ਼ਲ ਵੇਚਦੀ ਸੀ। ਇਹਨਾਂ ਦੇ ਆਪਣੇ ਵੀ 50 ਕੁ ਸਟੋਰ ਸ਼ਹਿਰ ਦੇ ਆਲੇ-ਦੁਆਲੇ ਸਨ। 1994 ਦੇ ਮੱਧ ਵਿਚ ਇਹਨਾਂ ਨੇ ਦੋ ਵਪਾਰ ਸੇਲ ਤੇ ਲਾਏ ਸਨ। ਸਤੰਬਰ 1994 ਤੱਕ ਸਾਡਾ ਵਿਸ਼ਵਾਸ ਬਣ ਚੁੱਕਾ ਸੀ ਕਿ ਅਸੀਂ ਮੈਡੀਸਨ ਵਿਚ ਛੋਟੇ ਤੋਂ ਦਰਮਿਆਨਾ ਵਪਾਰ ਲੈ ਵੀ ਸਕਦੇ ਹਾਂ ਅਤੇ ਚਲਾ ਵੀ ਸਕਦੇ ਹਾਂ। ਸਾਡੀ ਪਹਿਲ ਇਸ ਸ਼ਹਿਰ ਵਿਚ ਵਪਾਰ ਕਰਨ ਦੀ ਸੀ। ਦੋ ਕਾਰੋਬਾਰ ਜੋ ਕੰਪਨੀ ਨੇ ਸੇਲ ਤੇ ਲਾਏ ਸਨ, ਜਿਹਨਾਂ ਵਿਚੋਂ ਇਕ ਬਿਲਕੁਲ ਯੂਨੀਵਰਸਿਟੀ ਦੇ ਇਲਾਕੇ ਵਿਚ ਸੀ। ਇਹ 1336, ਡਰੇਕ ਸਟਰੀਟ, ਦੇ ਕਿਨਾਰੇ ਤੇ ਸਥਿਤ ਸੀ। ਇਸ ਦੇ ਸਾਹਮਣੇ ਹੈਨਰੀ ਵਾਇਲਸ, ਜ਼ੂ ਪਾਰਕ ਸੀ। ਇਹ ਪਾਰਕ 500 ਏਕੜ ਜ਼ਮੀਨ ਤੇ ਬਣਿਆ ਹੋਇਆ ਸੀ। ਇਸ ਜਗ੍ਹਾ ਦੇ ਮਾਲਕ ਹੈਨਰੀ ਵਾਇਲਸ ਨੇ ਮੈਡੀਸਨ ਸ਼ਹਿਰ ਨੂੰ ਇਹ ਜਗ੍ਹਾ ਮੁਫ਼ਤ ਦਿੱਤੀ ਸੀ। ਸ਼ਰਤ ਸਿਰਫ਼ ਇਹ ਸੀ ਕਿ ਇਥੇ ਜ਼ੂ ਪਾਰਕ ਬਣਾਇਆ ਜਾਵੇ ਅਤੇ ਜ਼ੂ ਦੇਖਣ ਵਾਲੇ ਦਰਸ਼ਕਾਂ ਤੋਂ ਕੋਈ ਫ਼ੀਸ ਆਦਿ ਨਾ ਵਸੂਲੀ ਜਾਵੇ। ਸ਼ਹਿਰ ਦੀ ਸਰਕਾਰ ਨੇ ਇਸ ਜਗ੍ਹਾ ਤੇ ਚਿੜੀਆ ਘਰ ਬਣਾਇਆ ਅਤੇ ਦਰਸ਼ਕਾਂ ਤੋਂ ਕੋਈ ਵੀ ਪੈਸਾ ਨਹੀਂ ਵਸੂਲਿਆ ਜਾਂਦਾ ਸੀ। ਇਸ ਵਿਚ ਵੱਡੇ ਛੋਟੇ ਜਾਨਵਰ ਸਨ ਅਤੇ ਹਜ਼ਾਰਾਂ ਹੀ ਦਰਸ਼ਕ ਰੋਜ਼ਾਨਾ ਜ਼ੂ ਵਿਚ ਘੁੰਮਣ ਆਉਂਦੇ ਸਨ। ਹੁਣ ਤੱਕ ਜ਼ੂ ਪਾਰਕ ਵਾਲਿਆਂ ਨੇ ਆਪਣਾ ਇੱਕ ਸਟੋਰ ਵੀ ਖੋਲ੍ਹ ਲਿਆ ਸੀ, ਜਿਸ ਕਰਕੇ ਸਟੋਪ ਐਂਡ ਗੋ ਦੀ ਵਿਕਰੀ ਘੱਟ ਗਈ ਸੀ। ਇਹੋ ਕਾਰਨ ਸੀ ਕਿ ਕੰਪਨੀ ਨੇ ਹੁਣ ਇਸ ਨੂੰ ਵਿਕਰੀ ਤੇ ਲਾ ਦਿੱਤਾ ਸੀ। ਅਸੀਂ ਸਾਦੇ ਲੋਕ ਸੀ ਤੇ ਸਾਡੇ ਖ਼ਰਚੇ ਵੀ ਬਹੁਤ ਘੱਟ ਸੀ, ਅਸੀਂ ਸੋਚਿਆ ਕਿ ਇਸ ਕਾਰੋਬਾਰ ਵਿਚੋਂ ਸਾਡੀ ਇੱਜ਼ਤ ਦੀ ਰੋਟੀ ਨਿਕਲ ਆਵੇਗੀ। ਇਹ ਬਹੁਤ ਚੰਗੀ ਜਗ੍ਹਾ ਤੇ ਸਥਿਤ ਸੀ ਕਿਉਂਕਿ ਯੂਨੀਵਰਸਿਟੀ ਇਸ ਤੋਂ ਬਹੁਤ ਨੇੜੇ ਸੀ। ਉਹਨਾਂ ਦਿਨਾਂ ਵਿਚ ਸਟਾਊਟਨ ਸਾਨੂੰ ਇਕ ਪ੍ਰਾਪਰਟੀ ਡੀਲਰ ਮਿਲਿਆ, ਜੋ ਕਿ ਪ੍ਰਾਪਰਟੀ ਦੇ ਵਪਾਰ ਵਿਚ ਨਵਾਂ ਸੀ। ਉਸ ਦਾ ਨਾਮ ਜੈਰੀ ਡੈਮਨ ਸੀ। ਉਸ ਕੋਲ ਵੀ ਕੋਈ ਕਾਰੋਬਾਰ ਨਹੀਂ ਸੀ। ਉਸ ਨੇ ਸਾਡੀ ਪ੍ਰਾਪਰਟੀ ਦੀ ਖ਼ਰੀਦ ਵਿਚੋਂ 4 ਪ੍ਰਤੀਸ਼ਤ ਹਿੱਸਾ ਕਮਿਸ਼ਨ ਵਜੋਂ ਲੈਣਾ ਸੀ, ਜੋ ਕਿ ਉਸ ਨੂੰ ਵੇਚਣ ਵਾਲੀ ਕੰਪਨੀ ਨੇ ਹੀ ਦੇਣਾ ਸੀ। ਉਸ

ਕੋਲ ਕੋਈ ਕਾਰੋਬਾਰ ਨਹੀਂ ਸੀ ਉਹ ਸਾਡੇ ਕੋਲ ਹਰ ਰੋਜ਼ ਹੀ ਆ ਜਾਂਦਾ ਸੀ। ਉਹ ਡੇਅਰੀ ਦੇ ਧੰਦੇ ਤੋਂ ਰਿਟਾਇਰ ਹੋਇਆ ਸੀ। ਉਸ ਦਾ ਸਰੀਰ ਅਤੇ ਹੱਥਾਂ ਦੀਆਂ ਉਂਗਲਾਂ ਬਹੁਤ ਮੋਟੀਆਂ ਸਨ। ਇਸ ਕਰਕੇ ਉਹ ਟਾਈਪ ਵੀ ਨਹੀਂ ਕਰ ਸਕਦਾ ਸੀ। ਉਹ ਸਿੱਧਾ ਹੀ ਹੱਥ ਨਾਲ ਲਿਖ ਲੈਂਦਾ ਸੀ। ਇਹ ਉਸ ਦਾ ਪਹਿਲਾ ਕਾਰੋਬਾਰ ਸੀ, ਉਹ ਸਾਨੂੰ ਬਹੁਤ ਚੰਗੀ ਤਰ੍ਹਾਂ ਅਟੈਂਡ ਕਰਦਾ ਸੀ।

**ਪਹਿਲੇ ਬੈਂਕ ਨੂੰ ਮਿਲਣਾ–** ਅਸੀਂ ਜੈਰੀ ਡੈਮਨ ਨੂੰ ਪੁੱਛਿਆ ਕਿ, ਕੀ ਉਹ ਮੈਡੀਸਨ ਸ਼ਹਿਰ ਵਿਚ ਕਿਸੇ ਬੈਂਕ ਕਰਮਚਾਰੀ ਨੂੰ ਜਾਣਦਾ ਹੈ? ਮੇਰੇ ਵਿਚਾਰ ਅਨੁਸਾਰ ਬੈਂਕ ਅਫ਼ਸਰ 40 ਕੁ ਸਾਲ ਦਾ ਖੁਸ਼ ਦਿਲ ਵਿਅਕਤੀ ਹੋਣਾ ਚਾਹੀਦਾ ਹੈ। ਜੈਰੀ ਡੈਮਨ ਨੇ ਮੈਨੂੰ ਕਿਹਾ ਕਿ ਉਹ ਇੱਕ ਅਫ਼ਸਰ ਨੂੰ ਜਾਣਦਾ ਹੈ ਜਿਸ ਦਾ ਨਾਮ, ਰੋਜਰ ਕੁਬਲੀ ਹੈ। ਉਹ ਐਮ.ਐਂਡ ਆਈ ਬੈਂਕ ਦਾ ਬ੍ਰਾਂਚ ਇੰਚਾਰਜ ਹੈ। ਇਹ ਬ੍ਰਾਂਚ, ਸੈਮਜ਼ ਕਲੱਬ, ਮੈਡੀਸਨ ਦੇ ਨਜ਼ਦੀਕ ਸੀ। ਅਕਤੂਬਰ 1994 ਪਹਿਲੇ ਹਫ਼ਤੇ ਵਿਚ ਸ਼ਨਿਚਰਵਾਰ ਵਾਲੇ ਦਿਨ ਸਾਡਾ ਸਾਰਾ ਪਰਿਵਾਰ ਉਸ ਨੂੰ ਮਿਲਿਆ। ਅਸੀਂ ਘਰ ਦੇ ਚਾਰੇ ਮੈਂਬਰਾਂ ਨੇ ਬਹੁਤ ਚੰਗੇ ਕੱਪੜੇ ਪਾਏ ਹੋਏ ਸਨ। ਉਹ ਵੀ ਸੱਭਿਅਕ ਗੋਰਾ ਵਿਅਕਤੀ ਸੀ। ਉਸ ਨੇ ਬਹੁਤ ਪਿਆਰ ਅਤੇ ਸਤਿਕਾਰ ਨਾਲ ਸਾਡਾ ਸਵਾਗਤ ਕੀਤਾ। ਉਸ ਨੇ ਸਾਨੂੰ ਇਹ ਵੀ ਦੱਸਿਆ ਕਿ ਉਹ ਤਾਂ ਛੋਟੇ ਕਰਜ਼ੇ ਦੇ ਸਕਦਾ ਹੈ, ਜਿਵੇਂ ਕਿ ਕਾਰ ਲੋਨ ਆਦਿ। ਉਸ ਨੇ ਸਾਨੂੰ ਹੋਰ ਦੱਸਿਆ ਕਿ ਸਾਡੇ ਲੋਨ ਦਾ ਕੇਸ ਮੈਡੀਸਨ ਸ਼ਹਿਰ ਦੇ ਹੈੱਡ ਆਫਿਸ ਨੂੰ ਭੇਜ ਦੇਣਗੇ, ਜਿਥੇ ਕਿ ਗੌਡਵਿਨ ਆਮਾਗਾਸ਼ੀ ਸਾਡਾ ਕੇਸ ਡੀਲ ਕਰਨਗੇ। ਅਸੀਂ ਗੌਡਵਿਨ ਆਮਾਗਾਸੀ ਦਾ ਨੰਬਰ ਵੀ ਰੋਜਰ ਕੁਬਲੀ ਤੋਂ ਹੀ ਲਿਆ। ਅਸੀਂ ਰੋਜ਼ ਆਮਾਗਾਸ਼ੀ ਨੂੰ ਆਪਣੇ ਲੋਨ ਬਾਰੇ ਪੁਛਦੇ ਰਹਿੰਦੇ ਸੀ। ਗੌਡਵਿਨ ਆਮਾਗਾਸ਼ੀ ਲਾਇਬੇਰੀਆ ਤੋਂ ਅਮਰੀਕਾ ਆ ਕੇ ਵੱਸਿਆ ਸੀ। ਲਾਇਬੇਰੀਆ ਵਿਚ ਇਕ ਪਟਿਆਲੇ ਇਲਾਕੇ ਦਾ ਬਹੁਤ ਵੱਡਾ ਕਾਰੋਬਾਰੀ ਰਹਿੰਦਾ ਸੀ। ਉਸ ਦਾ ਨਾਮ ਸ.ਸੰਪੂਰਨ ਸਿੰਘ ਢਿੱਲੋਂ ਸੀ। ਉਸ ਨੇ ਗੱਲਾਂ ਗੱਲਾਂ ਵਿਚ ਮੈਨੂੰ ਪੁੱਛਿਆ ਕਿ, ਤੁਸੀ ਸ.ਸੰਪੂਰਨ ਸਿੰਘ ਢਿੱਲੋਂ ਨੂੰ ਜਾਣਦੇ ਹੋ। ਮੈਂ ਕਿਹਾ ਕਿ ਜੀ ਹਾਂ ਉਸ ਦੀ ਲੜਕੀ ਸਾਡੇ ਚਾਚਾ ਸ. ਗੁਰਬਖ਼ਸ ਸਿੰਘ ਨਾਲ ਵਿਆਹੀ ਹੋਈ ਹੈ। ਆਮਾਗਾਸ਼ੀ, ਸ. ਸੰਪੂਰਨ ਸਿੰਘ ਦੇ ਪੁੱਤਰ ਰਤਨ ਸਿੰਘ ਢਿੱਲੋਂ ਦਾ ਦੋਸਤ ਸੀ। ਆਮਾਗਾਸ਼ੀ ਨੂੰ ਦੇਸੀ ਬੰਦਿਆਂ ਦੇ ਕੰਮ ਕਰਨ ਦੀ ਸਮਰਥਾ ਤੇ ਪੂਰਾ ਵਿਸ਼ਵਾਸ ਸੀ। ਨਵੰਬਰ 1994 ਤੱਕ ਸਾਡਾ ਲੋਨ ਹੇਠ ਲਿਖੀਆਂ ਸ਼ਰਤਾਂ ਨਾਲ ਮਨਜ਼ੂਰ ਹੋ ਗਿਆ।

1. ਕਰਜ਼ੇ ਦੀ ਕੀਮਤ 90,000 ਡਾਲਰ
2. ਵਿਆਜ ਦਰ 10.75 ਪ੍ਰਤੀਸ਼ਤ
3. ਕਰਜ਼ੇ ਦੀ ਮਿਆਦ 10 ਸਾਲ

ਜਦ ਰਜਿਸਟਰੀ ਹੋ ਰਹੀ ਸੀ ਤਾਂ ਮੈਂ ਵੇਚਣ ਵਾਲੀ ਕੰਪਨੀ 'ਸਟਾਪ ਐਂਡ

ਗੋ’ ਦੇ ਪ੍ਰਧਾਨ ਨੂੰ ਬੇਨਤੀ ਕੀਤੀ ਕਿ ਸਾਨੂੰ ਇਨਵੈਂਟਰੀ ਦੇ ਪੈਸੇ ਦੇਣ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਜਾਵੇ। ਕੰਪਨੀ ਮੰਨ ਗਈ। 20 ਦਸੰਬਰ 1994 ਨੂੰ ਅਸੀਂ ਦੂਸਰਾ ਵਪਾਰ ਸ਼ੁਰੂ ਕਰ ਲਿਆ। ਇਹ ਮੈਂ ਅਤੇ ਮੇਰੀ ਪਤਨੀ ਦੇ ਨਾਮ ਸੀ। ਅਸੀਂ ਇਸ ਵਪਾਰ ਦਾ ਨਾਮ ਵੀ ਸਟਾਊਟਨ ਵਾਲੇ ਵਪਾਰ ਵਾਂਗ ‘ਸਟਾਪ ਐਂਡ ਸ਼ੌਪ’ ਰੱਖ ਲਿਆ। ਮੈਡੀਸਨ ਦਾ ਨਵਾਂ ਕਾਰੋਬਾਰ ਸਾਡੇ ਪਰਿਵਾਰ ਨੇ ਚਲਾਉਣਾ ਸੀ ਅਤੇ ਪਰਿਵਾਰ ਹਾਲੇ ਸਟਾਊਟਨ ਸ਼ਹਿਰ ਵਿਚ ਹੀ ਰਹਿੰਦਾ ਸੀ। ਸਟਾਊਟਨ ਸ਼ਹਿਰ ਮੈਡੀਸਨ ਤੋਂ ਤਕਰੀਬਨ 20 ਮੀਲ ਦੂਰ ਸੀ। ਮੈਡੀਸਨ ਕਾਰੋਬਾਰ ਦੇ ਕੰਮ ਦਾ ਸਮਾਂ ਸਵੇਰੇ 5 ਵਜੇ ਤੋਂ ਲੈ ਕੇ ਰਾਤ 11 ਵਜੇ ਤੱਕ ਸੀ। ਅਸੀਂ ਚਾਰੇ ਜੀਆਂ ਨੇ ਦੋ ਗਰੁੱਪ ਬਣਾ ਲਏ। ਪਹਿਲੇ ਗਰੁੱਪ ਵਿਚ ਮੈਂ ਤੇ ਮੇਰਾ ਵੱਡਾ ਲੜਕਾ ਗੁਰਮੀਤ ਜੋ 5 ਵਜੇ ਵਪਾਰ ਖੋਲ੍ਹਦੇ ਸੀ। ਮੇਰੀ ਪਤਨੀ ਤੇ ਛੋਟਾ ਪੁੱਤਰ ਗੁਰਜੀਤ ਸਟਾਊਟਨ ਤੋਂ ਚਲ ਕੇ ਤਕਰੀਬਨ ਦੁਪਹਿਰ ਨੂੰ 3 ਵਜੇ ਪਹੁੰਚ ਜਾਂਦੇ ਸਨ, ਅਤੇ ਰਾਤ ਨੂੰ ਵਪਾਰ ਬੰਦ ਕਰਕੇ 11 ਵਜੇ ਤੋਂ ਬਾਅਦ ਸਟਾਊਟਨ ਲਈ ਚੱਲ ਪੈਂਦੇ ਸੀ। ਸਾਡੇ ਕੋਲ ਦੋ ਪੁਰਾਣੀਆਂ ਕਾਰਾਂ ਸਨ। ਇੱਕ ਕਾਰ ਸ਼ੈਵਰਲੇਟ ਕੰਪਨੀ ਦੀ ਸੀ ਅਤੇ ਇਹ ਫਰੰਟ ਵਹੀਲ ਡਰਾਈਵ ਸੀ। ਇਹ ਕਾਰ ਪਹਿਲਾਂ ਹੀ 80,000 ਮੀਲ ਚੱਲ ਚੁੱਕੀ ਸੀ। ਅਸੀਂ ਇਹ ਕਾਰ 1500 ਡਾਲਰ ਵਿਚ ਖ਼ਰੀਦੀ ਸੀ। ਮੇਰਾ ਛੋਟਾ ਲੜਕਾ ਤੇ ਪਤਨੀ ਇਸ ਕਾਰ ਵਿਚ ਆਉਂਦੇ ਸਨ। ਫਰੰਟ ਵੀਹਲ ਵਾਲੀ ਕਾਰ ਬਰਫ ਦੇ ਦਿਨਾਂ ਲਈ ਬਹੁਤ ਲਾਭਦਾਇਕ ਹੁੰਦੀ ਹੈ। ਦੂਜੀ ਪੁਰਾਣੀ ਕਾਰ ਫੋਰਡ ਕੰਪਨੀ ਦੀ ਸੀ। ਇਸ ਦੇ ਛੇ ਸਿਲੈਂਡਰ ਸੀ। ਇਹ ਰੀਅਰ ਵਹੀਲ ਡਰਾਈਵ ਸੀ। ਮੈਂ ਤੇ ਮੇਰਾ ਪੁੱਤਰ ਗੁਰਮੀਤ ਸਟਾਊਟਨ ਤੋਂ ਸਵੇਰੇ 4 ਵਜੇ ਚੱਲਦੇ ਸੀ। ਦਸੰਬਰ ਤੋਂ ਲੈਂ ਕੇ ਮਾਰਚ ਤਕ ਅਮਰੀਕਾ ਦੇ ਇਸ ਇਲਾਕੇ ਵਿਚ ਬਹੁਤ ਬਰਫ ਪੈਂਦੀ ਹੈ। ਉਹਨਾਂ ਦਿਨਾਂ ਵਿਚ ਬਰਫ ਦੇ ਨਾਲ ਹਵਾ ਵੀ ਚੱਲਦੀ ਹੈ। ਮੈਂ ਤੇ ਵੱਡਾ ਪੁੱਤਰ ਫੋਰਡ ਕਾਰ ਵਿਚ ਮੈਡੀਸਨ ਜਾਂਦੇ ਸੀ। ਤੁਰਨ ਲੱਗਿਆਂ ਇਹ ਸੱਪ ਵਾਂਗ ਤੁਰਦੀ ਸੀ। ਸਵੇਰੇ-ਸਵੇਰੇ ਅਸੀਂ ਭਾਈ ਸੁਰਜਨ ਸਿੰਘ ਜੀ ਦੀ ‘ਆਸਾ ਦੀ ਵਾਰ’ ਦੀ ਟੇਪ ਸੁਣਦੇ ਸੀ। ਮੇਰੀ ਪਤਨੀ ਤੇ ਛੋਟਾ ਪੁੱਤਰ ਗੁਰਜੀਤ ਦੁਪਿਹਰ ਦਾ ਖਾਣਾ ਖਾ ਕੇ 3 ਵਜੇ ਤੋਂ ਬਾਅਦ ਮੈਡੀਸਨ ਪਹੁੰਚ ਜਾਂਦੇ ਸਨ ਤੇ ਤਕਰੀਬਨ ਅੱਧੀ ਰਾਤ ਸਟਾਊਟਨ ਵਾਪਸ ਆਉਂਦੇ ਸਨ। ਇੱਕ ਰਾਤ ਨੂੰ ਮੇਰੀ ਪਤਨੀ ਤੇ ਛੋਟਾ ਪੁੱਤਰ ਰਸਤਾ ਭੁੱਲ ਗਏ। ਅਸੀਂ ਪੁਲਿਸ ਨੂੰ ਇਤਲਾਹ ਕੀਤੀ। ਕਾਫ਼ੀ ਮੁਸ਼ਕਿਲ ਨਾਲ ਉਹ ਦੋਵੇਂ ਸਾਡੇ ਕੋਲ ਤਕਰੀਬਨ 2 ਵਜੇ ਸਵੇਰੇ ਸਟਾਊਟਨ ਪਹੁੰਚੇ। 15 ਜਨਵਰੀ ਨੂੰ ਸਾਨੂੰ ਮੈਡੀਸਨ ਸ਼ਹਿਰ ਵਿਚ ਕਿਰਾਏ ‘ਤੇ ਅਪਾਰਟਮੈਂਟ ਮਿਲ ਗਿਆ। ਉਹ 25 ਦਿਨ ਸਾਡੇ ਲਈ ਬਹੁਤ ਔਖੇ ਸਨ। ਪਰ ਰੱਬ ਦੀ ਕ੍ਰਿਪਾ ਨਾਲ ਇਹ ਸਮਾਂ ਸੁੱਖੀ ਸਾਂਦੀ ਲੰਘ ਗਿਆ। 15 ਜਨਵਰੀ 1995 ਨੂੰ ਸਾਨੂੰ ਦੋ ਕਮਰਿਆਂ ਵਾਲਾ ਅਪਾਰਟਮੈਂਟ ਮੈਡੀਸਨ ਸ਼ਹਿਰ ਵਿਚ ਮਿਲਿਆ ਅਤੇ ਅਸੀਂ ਇਥੇ

ਰਹਿਣ ਲੱਗ ਪਏ।

ਮੇਰੇ ਦੋਵੇਂ ਪੁੱਤਰ ਯੂਨੀਵਰਸਿਟੀ ਆਫ਼ ਵਿਸਕਾਨਸਿਨ ਮਿਲਵਾਕੀ ਤੋਂ ਮਾਈਗ੍ਰੇਟ ਹੋ ਕੇ ਯੂਨੀਵਰਸਿਟੀ ਆਫ਼ ਵਿਸਕਾਨਸਿਨ, ਮੈਡੀਸਨ ਆ ਗਏ। ਮੈਡੀਸਨ ਯੂਨੀਵਰਸਿਟੀ ਜ਼ਿਆਦਾ ਮਸ਼ਹੂਰ ਸੀ ਤੇ ਇਥੇ ਦਾਖ਼ਲਾ ਮੁਸ਼ਿਕਲ ਨਾਲ ਮਿਲਦਾ ਸੀ। ਪਰ ਕਿਉਂਕਿ ਦੋਵਾਂ ਬੱਚਿਆਂ ਦੇ ਨੰਬਰ ਬਹੁਤ ਚੰਗੇ ਸੀ, ਇਸ ਲਈ ਉਹਨਾਂ ਦਾ ਦਾਖ਼ਲਾ ਸਹਿਜੇ ਹੀ ਇਸ ਯੂਨੀਵਰਸਿਟੀ ਵਿਚ ਹੋ ਗਿਆ। ਚੌਥੇ ਸਮੈਸਟਰ ਲਈ ਉਹਨਾਂ ਦੀਆਂ ਕਲਾਸਾਂ 15 ਜਨਵਰੀ 1994 ਨੂੰ ਸ਼ੁਰੂ ਹੋ ਗਈਆਂ।

ਵਪਾਰ ਦੀ ਰੋਜ਼ਾਨਾ ਦੀ ਵਿਕਰੀ ਤਕਰੀਬਨ 600 ਤੋਂ 800 ਡਾਲਰ ਸੀ। ਇਹ ਪੈਟਰੋਲ ਪੰਪ ਨਹੀਂ ਸੀ, ਇਹ ਛੋਟਾ ਜਿਹਾ ਮੁਹੱਲੇ ਦਾ ਗਰੋਸਰੀ ਸਟੋਰ ਸੀ। ਇਸ ਦਾ ਜ਼ਮੀਨੀ ਇਲਾਕਾ ਤਕਰੀਬਨ 1/4 ਏਕੜ ਸੀ। ਇਸ ਵਿਚ ਚਾਰ ਕਾਰਾਂ ਪਾਰਕ ਕਰਨ ਲਈ ਜਗ੍ਹਾ ਬਣੀ ਹੋਈ ਸੀ ਅਤੇ ਦੋ ਸੜਕਾਂ ਦੇ ਕਿਨਾਰੇ ਸਥਿਤ ਸੀ। ਅਸੀਂ ਸਾਢੇ ਤਿੰਨ ਸਾਲ ਇਸ ਜਗ੍ਹਾ ਤੇ ਵਪਾਰ ਕੀਤਾ। ਸਾਡੀ ਜਿਆਦਾ ਤਵੱਜੋਂ ਬੱਚਿਆਂ ਦੀ ਪੜ੍ਹਾਈ ਵੱਲ ਸੀ। ਵਪਾਰ ਵਿਚੋਂ ਫਿਰ ਵੀ ਇਜ਼ਤ ਦੀ ਰੋਟੀ ਨਿਕਲ ਆਉਂਦੀ ਸੀ। ਅਸੀਂ ਸਾਰੇ ਸਾਲ ਸਾਰਾ ਕੰਮ ਆਪ ਹੀ ਕੀਤਾ। ਮੈਂ ਸਾਰਾ ਹਿਸਾਬ ਕਿਤਾਬ ਬਣਾਉਂਦਾ ਸੀ ਅਤੇ ਰੋਜ਼ਮਰਾ ਦੀਆਂ ਦੁੱਧ ਆਦਿ ਵਰਗੀਆਂ ਚੀਜ਼ਾਂ ਸੈਮਜ਼ ਕਲੱਬ ਤੋਂ ਖ਼ਰੀਦ ਕੇ ਲਿਆਉਂਦਾ ਸੀ ਤੇ ਨਾਲ ਹੀ ਬੈਂਕ ਵਿਚ ਪੈਸੇ ਵੀ ਜਮ੍ਹਾਂ ਕਰਵਾਉਂਦਾ ਸੀ। ਅਸੀਂ ਸੰਜਮ ਨਾਲ ਪੈਸਾ ਪੈਸਾ ਬਚਾਇਆ। ਮੈਂ ਤੇ ਮੇਰੇ ਪੁੱਤਰ ਬਰਫ ਨੂੰ ਆਪ ਹੱਥੀਂ ਸਾਫ਼ ਕਰਦੇ ਸੀ। ਮੇਰਾ ਵੱਡਾ ਲੜਕਾ ਗੁਰਮੀਤ ਸਵੇਰੇ ਪੰਜ ਵਜੇ ਸਟੋਰ ਖੋਲ੍ਹਦਾ ਸੀ। ਅਸੀਂ ਸਾਰੇ ਟੈਕਸ ਸਮੇਂ ਸਿਰ ਭਰਦੇ ਸੀ। ਸਾਡਾ ਬਿਜਲੀ ਦਾ ਬਿਲ, ਬੀਮਾ ਅਤੇ ਕੰਪਨੀ ਆਦਿ ਦੇ ਬਿਲ ਸਮੇਂ ਸਿਰ ਪਹੁੰਚ ਜਾਂਦੇ ਸਨ। ਇਸ ਲਈ ਸਾਡੇ ਉਧਾਰ ਖਾਤੇ ਦਾ ਰਿਕਾਰਡ ਵੀ ਹੌਲੀ ਹੌਲੀ ਤਰੱਕੀ ਕਰਦਾ ਗਿਆ।

ਜੂਨ 1995 ਵਿਚ ਕਿਸੇ ਬੈਂਕ ਅਫ਼ਸਰ ਨੇ ਮੈਨੂੰ ਫੋਨ ਕੀਤਾ ਤੇ ਕਹਿਣ ਲੱਗਾ ਕਿ ਉਹ ਮੇਰੇ ਨਾਲ ਵਪਾਰ ਕਰਨਾ ਚਾਹੁੰਦਾ ਹੈ? ਮੈਂ ਉਹਨਾਂ ਨੂੰ ਪੁੱਛਿਆ ਕਿ ਉਹ ਕਿੰਨਾ ਕੁ ਵਿਆਜ ਮੇਰੇ ਤੋਂ ਲੈਣਗੇ? ਉਹਨਾਂ ਦਾ ਜਵਾਬ ਸੀ 8.50%। ਮੈਂ ਅਗਲੇ ਦਿਨ ਹੀ ਐਮ.ਐਂਡ ਆਈ  ਬੈਂਕ ਦੇ ਅਫ਼ਸਰ ਆਮਾਗਾਸ਼ੀ ਨੂੰ ਇਸ ਵਿਆਜ ਦਰ ਬਾਰੇ ਗੱਲ ਕੀਤੀ। ਹੁਣ ਤੱਕ ਅਸੀਂ ਮਹਿਸੂਸ ਕਰ ਲਿਆ ਸੀ ਕਿ ਵਿਆਜ ਦਰ ਜੋ ਅਸੀਂ ਬੈਂਕ ਨੂੰ ਦੇ ਰਹੇ ਹਾਂ ਉਹ ਕਾਫ਼ੀ ਜ਼ਿਆਦਾ ਹੈ। ਮੈਂ ਆਮਾਗਾਸ਼ੀ ਨੂੰ ਉਹਨਾਂ ਦੇ ਦਫ਼ਤਰ ਵਿਚ ਮਿਲਿਆ। ਗੌਡਵਿਨ ਆਮਾਗਾਸ਼ੀ ਨੇ ਦਫ਼ਤਰ ਜਾਣ ਤੇ ਮੈਨੂੰ ਪੰਦਰਾਂ ਕੁ ਮਿੰਟ ਉਡੀਕਣ ਲਈ ਕਿਹਾ ਤੇ ਨਾਲ ਹੀ ਦੱਸ ਦਿੱਤਾ ਕਿ ਉਹਨਾਂ ਨੇ ਵਿਆਜ ਦਰ 10.75 % ਤੋਂ ਘਟਾ ਕੇ 8.75% ਕਰ ਦਿੱਤੀ ਹੈ।

ਨਿਤ ਦੇ ਕੰਮ-ਕਾਜ- ਮੈਂ ਸਵੇਰੇ ਤਿੰਨ ਵਜੇ ਉਠਦਾ ਸੀ। ਉਸ ਵੇਲੇ ਮੇਰਾ ਛੋਟਾ ਲੜਕਾ

ਗੁਰਜੀਤ ਪੜ੍ਹ ਰਿਹਾ ਹੁੰਦਾ ਸੀ। ਮੈਂ ਗੁਰਜੀਤ ਨੂੰ ਸੁਝਾਓ ਦਿੰਦਾ ਸੀ ਕਿ ਉਹ ਕੁਝ ਘੰਟਿਆਂ ਲਈ ਸੌਂ ਜਾਵੇ। ਉਸ ਤੋਂ ਬਾਅਦ ਮੈਂ ਰੋਜ਼ਾਨਾ ਕੇਸੀ ਨਹਾਉਂਦਾ ਸੀ ਤੇ ਪਾਠ ਪੂਜਾ ਕਰਦਾ ਸੀ। ਮੈਂ ਸਭ ਤੋਂ ਪਹਿਲਾਂ ਸੁਖਮਨੀ ਸਾਹਿਬ ਦਾ ਪਾਠ ਕਰਦਾ ਸੀ। ਪੰਜ ਵਜੇ ਤੱਕ ਮੇਰੇ ਕੇਸ ਸੁੱਕ ਜਾਂਦੇ ਸਨ ਫਿਰ ਮੈਂ ਬਾਬਾ ਜੀ ਦੇ ਕਮਰੇ ਵਿਚ ਜਾ ਕੇ ਬਾਬਾ ਜੀ ਦਾ ਪ੍ਰਕਾਸ਼ ਅਤੇ ਪਾਠ ਕਰਦਾ ਸੀ। ਛੇ ਕੁ ਵਜੇ ਮੈਂ ਤਿਆਰ ਹੋਣਾ ਸ਼ੁਰੂ ਕਰਦਾ ਸੀ। ਤਕਰੀਬਨ ਸਾਢੇ ਛੇ ਵਜੇ ਮੈਂ ਨਾਸ਼ਤਾ ਕਰ ਲੈਂਦਾ ਸੀ। ਗੁਰਮੀਤ ਚਾਰ ਵਜੇ ਉਠਦਾ, ਚਾਹ ਆਦਿ ਪੀ ਕੇ ਤਿਆਰ ਹੋ ਕੇ ਉਹ ਵਪਾਰ ਖੋਲ੍ਹਣ ਚਲਾ ਜਾਂਦਾ ਸੀ। ਵਪਾਰ ਪੰਜ ਵਜੇ ਖੋਲ੍ਹਣਾ ਹੁੰਦਾ ਸੀ। ਮੇਰੀ ਪਤਨੀ ਪੰਜ ਵਜੇ ਉਠਦੀ ਸੀ। ਨਹਾ ਧੋ ਕੇ ਤੇ ਪਾਠ ਕਰਕੇ ਉਹ ਨਾਸ਼ਤਾ ਤੇ ਦੁਪਿਹਰ ਦਾ ਖਾਣਾ ਬਣਾਉਣ ਦੀ ਤਿਆਰੀ ਕਰਦੀ ਸੀ। ਸੱਤ ਕੁ ਵਜੇ ਮੈਂ ਮੇਰੀ ਪਤਨੀ ਤੇ ਗੁਰਜੀਤ ਸਟੋਰ ਚਲੇ ਜਾਂਦੇ ਸਨ। ਵੱਡਾ ਪੁੱਤਰ ਗੁਰਮੀਤ ਪਹਿਲਾਂ ਹੀ ਕੰਮ ਕਰ ਰਿਹਾ ਹੁੰਦਾ ਸੀ। ਉਹ ਗਾਹਕਾਂ ਨੂੰ ਅਟੈਂਡ ਕਰਦਾ ਸੀ ਤੇ ਜੇ ਕੋਈ ਗਾਹਕ ਨਾ ਹੋਵੇ ਤਾਂ ਉਹ ਆਪਣੀ ਕਿਤਾਬ ਲੈ ਕੇ ਪੜ੍ਹਦਾ ਸੀ। ਸਟੋਰ ਤੇ ਪਹੁੰਚਣ ਸਾਰ ਹੀ ਮੇਰੀ ਪਤਨੀ ਕੈਸ਼ ਰਜਿਟਰ ਦਾ ਕੰਮ ਸਾਂਭ ਲੈਂਦੀ ਅਤੇ ਮੈਂ ਦੋਵੇਂ ਬੱਚਿਆਂ ਨੂੰ ਯੂਨੀਵਰਸਿਟੀ ਵਿਚ ਅਲੱਗ ਅਲੱਗ ਥਾਵਾਂ ਤੇ ਛੱਡ ਕੇ ਆਉਂਦਾ ਸੀ। ਅਜਿਹਾ ਕਰਨ ਤੇ ਮੇਰਾ ਅੱਧਾ ਘੰਟਾ ਲੱਗ ਜਾਂਦਾ ਸੀ। ਸਟੋਰ ਤੇ ਆ ਕੇ ਮੈਂ ਹਿਸਾਬ ਕਿਤਾਬ ਬਣਾਉਂਦਾ ਅਤੇ ਜੋ ਪੈਸੇ ਬੈਂਕ ਵਿਚ ਜਮ੍ਹਾਂ ਕਰਾਉਣੇ ਹੁੰਦੇ ਸੀ, ਉਹ ਬੈਂਕ ਵਿਚ ਜਮ੍ਹਾਂ ਕਰਵਾਉਂਦਾ ਸੀ। ਚਾਹੇ ਸਾਡਾ ਜ਼ਿਆਦਾ ਸਮਾਨ ਥੋਕ ਫਰੋਸ਼ ਤੋਂ ਆਉਂਦਾ ਸੀ, ਫਿਰ ਵੀ ਅਸੀਂ ਕੁਝ ਖ਼ਰੀਦ ਸੈਮਜ਼ ਕਲੱਬ (ਥੋਕ ਫਰੋਸ਼) ਤੋਂ ਵੀ ਕਰ ਲੈਂਦੇ ਸੀ। ਸੈਮਜ਼ ਕਲੱਬ ਦਾ ਮੈਂ ਵਪਾਰਕ ਮੈਂਬਰ ਵੀ ਸੀ। ਕਈ ਵਾਰ ਸੈਮਜ਼ ਕਲੱਬ ਦੀਆਂ ਕੀਮਤਾਂ ਸਾਡੇ ਥੋਕ ਫਰੋਸ਼ ਨਾਲੋਂ ਵੀ ਘੱਟ ਹੁੰਦੀਆਂ ਸਨ। 11 ਕੁ ਵਜੇ ਮੈਂ ਵਾਪਸ ਵਪਾਰ ਤੇ ਆ ਜਾਂਦਾ ਸੀ। ਖਾਲੀ ਹੋਏ ਕੂਲਰਾਂ ਨੂੰ ਕੂਲਰਾਂ ਵਿਚ ਵੜ ਕੇ ਭਰਦਾ ਸੀ। ਦੂਸਰੇ ਸਮੇਂ ਮੈਂ ਗਾਹਕਾਂ ਨੂੰ ਅਟੈਂਡ ਕਰਦਾ ਸੀ, ਇਹ ਦੇਖਦਾ ਸੀ ਕਿ ਹੋਰ ਕਿਹੜੀ ਨਵੀਂ ਚੀਜ਼ ਚਾਹੀਦੀ ਹੈ।

**ਰੋਜ਼ਾਨਾ ਸਾਫ਼-ਸਫ਼ਾਈ-** ਮੈਂ ਤੇ ਮੇਰੀ ਪਤਨੀ ਫਰਸ਼ ਤੇ ਝਾੜੂ ਪੋਚਾ ਮਾਰਦੇ। ਸਟੋਰ ਦੇ ਬਾਹਰਲੀ ਜਗ੍ਹਾ ਤਕਰੀਬਨ ਦੋ ਵਾਰ ਸਾਫ਼ ਕਰਦੇ ਕਿਉਂਕਿ ਦਸੰਬਰ ਤੋਂ ਲੈ ਕੇ ਅਪ੍ਰੈਲ ਤੱਕ ਬਹੁਤ ਬਰਫ ਪੈਂਦੀ ਸੀ। ਬਰਫ ਵੀ ਸਾਫ਼ ਕਰਨੀ ਪੈਂਦੀ ਸੀ। ਸਟੋਰ ਦੀ ਬਰਫ ਮੈਂ ਤੇ ਮੇਰੇ ਦੋਵੇਂ ਲੜਕੇ ਹੱਥੀਂ ਸਾਫ਼ ਕਰਦੇ ਸੀ। ਜੇ ਕੋਈ ਵਿਅਕਤੀ ਤੁਹਾਡੇ ਵਪਾਰ ਤੇ ਬਰਫ ਨਾਲ ਤਿਲਕ ਜਾਵੇ ਤਾਂ ਉਹ ਵਪਾਰ ਦੇ ਮਾਲਕ ਦੀ ਜ਼ਿੰਮੇਵਾਰੀ ਹੁੰਦੀ ਸੀ।

**ਡਕੈਤੀ-** 31 ਦਸੰਬਰ 1996 ਨੂੰ ਹੋਰ ਸਾਰੇ ਵਪਾਰ ਬੰਦ ਪਏ ਹੁੰਦੇ ਹਨ ਤਾਂ ਅਸੀਂ ਸੋਚਿਆ ਕਿ ਵਪਾਰ ਖੁੱਲ੍ਹਾ ਰੱਖਿਆ ਜਾਵੇ। ਵਪਾਰ ਖੁੱਲ੍ਹਾ ਰੱਖਣ ਨਾਲ ਸਾਨੂੰ ਕਾਫ਼ੀ

ਗਾਹਕ ਮਿਲ ਰਹੇ ਸਨ। ਮੇਰਾ ਛੋਟਾ ਪੁੱਤਰ ਸਟੋਰ ਤੇ ਸੀ। ਸਟੋਰ ਨੂੰ ਕਿਸੇ ਹਥਿਆਰਬੰਦ ਵਿਅਕਤੀ ਨੇ ਲੁੱਟ ਲਿਆ। ਅਸੀਂ ਬੀਮਾ ਕੰਪਨੀ ਤੋਂ ਆਪਣੇ ਨੁਕਸਾਨ ਦਾ ਕਲੇਮ ਲੈ ਲਿਆ ਤੇ ਅਪਰਾਧੀ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਅਸੀਂ ਅਪਰਾਧੀ ਦੀ ਗ੍ਰਿਫਤਾਰੀ ਲਈ ਕਚਹਿਰੀ ਜਾਂਦੇ ਸੀ।

**ਬੈਂਕ ਨਾਲ ਸਬੰਧ–** ਆਮਾਗਾਸ਼ੀ ਸਾਡੇ ਵਪਾਰ ਤੇ ਕਾਫ਼ੀ ਆਉਂਦਾ ਸੀ। ਪਹਿਲਾਂ ਪਹਿਲ ਅਸੀਂ ਸੋਚਦੇ ਸੀ ਕਿ ਉਹ ਸਾਡਾ ਚੰਗਾ ਦੋਸਤ ਬਣ ਗਿਆ ਹੈ ਅਤੇ ਸਾਨੂੰ ਸਾਬਾਸ਼ ਦੇਣ ਲਈ ਆਉਂਦਾ ਹੈ। ਸਮਾਂ ਪੈਣ ਤੇ ਸਾਨੂੰ ਪਤਾ ਲੱਗਿਆ ਕੇ ਉਸ ਨੇ ਸਾਨੂੰ ਕਰਜਾ ਦਿੱਤਾ ਹੈ ਅਤੇ ਉਹ ਇਹ ਦੇਖਣ ਆਉਂਦਾ ਹੈ ਕਿ ਅਸੀਂ ਕਾਰੋਬਾਰ ਕਿਵੇਂ ਚਲਾ ਰਹੇ ਹਾਂ ਤਾਂ ਕਿ ਉਹਨਾਂ ਦਾ ਕਰਜਾ ਨਾ ਮਾਰਿਆ ਜਾਵੇ। ਆਮਾਗਾਸ਼ੀ ਨੂੰ ਦੇਸੀ ਖਾਣੇ ਦਾ ਬਹੁਤ ਸ਼ੌਂਕ ਸੀ, ਅਸੀਂ ਉਸ ਨੂੰ ਘਰ ਬੁਲਾਉਣਾ ਸ਼ੁਰੂ ਕਰ ਦਿੱਤਾ। ਉਹ ਤਿੰਨ ਕੁ ਸਾਲਾਂ ਵਿਚ ਸਾਡਾ ਚੰਗਾ ਦੋਸਤ ਬਣ ਗਿਆ। ਉਸ ਦੀ ਦੋਸਤੀ ਸਾਡੇ ਬਹੁਤ ਕੰਮ ਆਈ। ਜਦੋਂ ਅਸੀਂ ਅਪ੍ਰੈਲ 1998 ਵਿਚ ਐਪਲਟਨ ਵਿਚ ਤੀਜਾ ਵਪਾਰ ਖ਼ਰੀਦਣਾ ਸੀ ਤਾਂ ਉਸ ਦੀ ਸਿਫਾਰਸ਼ ਸਾਡੇ ਲਈ ਬਹੁਤ ਲਾਭਦਾਇਕ ਸਿੱਧ ਹੋਈ ਅਤੇ ਐਪਲਟਨ ਦੇ ਐੱਮ ਐਂਡ ਆਈ ਬੈਂਕ ਨੇ ਸਾਨੂੰ ਕਰਜ਼ਾ ਦਿੱਤਾ ਤੇ ਸਾਡਾ ਬਹੁਤ ਸਤਿਕਾਰ ਕੀਤਾ।

ਫਰਵਰੀ 1998 ਵਿਚ ਅਸੀਂ ਇਹ ਕਾਰੋਬਾਰ ਇੱਕ ਹੋਰ ਭਾਰਤੀ, ਟਹਿਲ ਸਿੰਘ, ਨੂੰ ਕਿਰਾਏ ਤੇ ਦੇ ਦਿੱਤਾ। ਜਿਸ ਦੀ ਪੱਗੜੀ ਕੀਮਤ 10,000 ਡਾਲਰ ਤੇ ਮਹੀਨੇ ਦਾ ਕਿਰਾਇਆ 2300 ਡਾਲਰ ਸੀ।

ਅਸੀਂ ਆਪਣੀਆਂ ਨੌਕਰੀਆਂ ਜੂਨ 1998 ਵਿਚ ਜੁਆਇਨ ਕਰਨੀਆਂ ਸਨ। ਸਾਡੀ 5 ਸਾਲਾਂ ਦੀ ਛੁੱਟੀ ਖਤਮ ਹੋਣ ਤੇ ਅਸੀਂ ਜੂਨ 1998 ਨੂੰ ਵਾਪਸ ਭਾਰਤ ਆਉਣਾ ਸੀ। ਸਾਡੇ ਅਮਰੀਕਾ ਦੇ ਘਰ ਦੀ ਮਹੀਨਾਵਾਰ ਕਿਸ਼ਤ 1000 ਡਾਲਰ ਸੀ ਤੇ 300 ਡਾਲਰ ਪ੍ਰਾਪਰਟੀ ਟੈਕਸ ਸੀ। ਮੇਰੇ ਬੱਚਿਆਂ ਨੇ ਸਾਨੂੰ ਇੱਕ ਹੋਰ ਵਪਾਰ ਖ਼ਰੀਦਣ ਲਈ ਕਿਹਾ। ਇਸ ਤਰ੍ਹਾਂ ਦੀ ਥੋੜ੍ਹੀ ਆਮਦਨ ਦੇ ਨਾਲ ਤਾਂ ਬੱਚਿਆਂ ਨੇ ਮੁਸ਼ਿਕਲ ਨਾਲ ਹੀ ਕਰਜੇ ਦੀਆਂ ਕਿਸ਼ਤਾ ਦੇਣੀਆਂ ਸਨ। ਮੈਂ ਵੱਡੇ ਪੁੱਤਰ ਗੁਰਮੀਤ ਨੂੰ ਕਿਹਾ ਕਿ ਉਹ ਇਸ਼ਤਿਹਾਰ ਦੇਖੇ। ਫਰਵਰੀ 1998 ਦੇ ਅੰਤ ਵਿਚ ਉਸ ਨੇ ਇੱਕ ਇਸ਼ਤਿਹਾਰ ਦੇਖਿਆ ਕਿ ਐਪਲਟਨ ਸ਼ਹਿਰ ਵਿਚ ਇੱਕ ਗੈਸ ਸਟੇਸ਼ਨ ਸੇਲ ਤੇ ਲੱਗਾ ਹੋਇਆ ਹੈ।

# ਪਹਿਲਾ ਘਰ ਖ਼ਰੀਦਣਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਸਾਡੇ ਤੇ ਹਮੇਸ਼ਾ ਬਣੀ ਰਹੀ ਹੈ। ਜਦੋਂ ਅਸੀਂ 1992 ਵਿਚ ਭਾਰਤ ਤੋਂ ਅਮਰੀਕਾ ਲਈ ਚੱਲੇ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨਾਲ ਹੀ ਲੈ ਗਏ। ਸਾਨੂੰ ਜਦੋਂ ਵੀ ਮੌਕਾ ਮਿਲਦਾ ਤਾਂ ਅਸੀਂ ਗੁਰੂ ਜੀ ਸਾਹਮਣੇ ਖੜ੍ਹ ਕੇ ਅਰਦਾਸ ਕਰਦੇ। 15 ਜਨਵਰੀ 1995 ਨੂੰ ਅਸੀਂ 2 ਕਮਰਿਆਂ ਵਾਲਾ ਅਪਾਰਟਮੈਂਟ ਕਿਰਾਏ ਤੇ ਲਿਆ। ਇਕ ਕਮਰੇ ਦਾ ਸਾਈਜ਼ 12×12 ਸੀ ਤੇ ਦੂਜੇ ਕਮਰੇ ਦਾ ਸਾਈਜ਼ 11×18 ਸੀ। ਉਸ ਵੇਲੇ ਸਾਡੇ ਘਰ ਵਿਚ ਇਕ ਹੀ ਕਵੀਨ ਸਾਈਜ਼ ਬੈੱਡ ਸੀ। ਸਾਡੇ ਦੋਵੇਂ ਪੁੱਤਰ ਆਪਣੇ ਕਮਰੇ ਵਿਚ ਜ਼ਮੀਨ ਤੇ ਹੀ ਸੌਂਦੇ ਸਨ। ਉਹਨਾਂ ਕੋਲ ਕੰਪਿਊਟਰ ਆਦਿ ਸੀ ਤੇ ਰਾਤ ਨੂੰ ਪੜ੍ਹਨਾ ਹੁੰਦਾ ਸੀ, ਉਹਨਾਂ ਨੂੰ ਵੱਡੇ ਕਮਰੇ ਦੀ ਲੋੜ ਸੀ। ਉਸੇ ਦੌਰਾਨ ਭਾਰਤ ਤੋਂ ਸਾਡੇ ਇੱਕ ਦੋਸਤ ਜਨਰਲ ਰਿਆੜ ਤੇ ਉਹਨਾਂ ਦੀ ਪਤਨੀ ਸੁਰਿੰਦਰ ਸਾਡੇ ਘਰ ਆਏ। ਉਹਨਾਂ ਦੇ ਆਉਣ ਤੋਂ ਪਹਿਲਾਂ ਹੀ ਅਸੀਂ ਬੱਚਿਆਂ ਦੇ ਕਮਰੇ ਵਾਸਤੇ ਇੱਕ ਸਾਦਾ ਜਿਹਾ ਬੈੱਡ ਲੈ ਆਂਦਾ। ਮਹਿਮਾਨਾਂ ਦੀ ਆਮਦ ਨਾਲ ਲੜਕੇ ਡਰਾਇੰਗ ਰੂਮ ਵਿਚ ਧਰਤੀ ‘ਤੇ ਸੌਂਦੇ ਰਹੇ।

ਮੈਂ ਤੇ ਮੇਰੀ ਪਤਨੀ ਨੇ ਸੋਚਿਆ ਕਿ ਅਸੀਂ ਆਪਣੇ ਹੀ ਬੈੱਡਰੂਮ ਵਿਚ ਘਰੋਂ ਜਾਣ ਲੱਗਿਆਂ ਗੁਰੂ ਮਹਾਰਾਜ ਦੀ ਬੀੜ ਆਪਣੇ ਬੈੱਡ ਤੇ ਪ੍ਰਕਾਸ਼ ਕਰ ਦਿੰਦੇ ਸੀ। ਰਾਤ ਨੂੰ ਅਸੀਂ ਸੁੱਖ ਆਸਨ ਕਰਕੇ ਅਰਦਾਸ ਕਰਕੇ ਗੁਰੂ ਮਹਾਰਾਜ ਦੀ ਬੀੜ ਅਲਮਾਰੀ ਵਿਚ ਟਿਕਾ ਦਿੰਦੇ ਸੀ। ਇਹ ਪ੍ਰੋਗਰਾਮ ਕਈ ਦਿਨ ਤੱਕ ਠੀਕ ਚਲਦਾ ਰਿਹਾ। ਇਕ ਦਿਨ ਮੈਂ ਭੁੱਲ ਹੀ ਗਿਆ ਕਿ ਬਾਬਾ ਜੀ ਦੀ ਬੀੜ ਸਾਡੇ ਕਮਰੇ ਵਿਚ ਪ੍ਰਕਾਸ਼ ਹੈ। ਮੈਂ ਨੰਗੇ ਸਿਰ ਹੀ ਆਪਣੇ ਬੈੱਡਰੂਮ ਵਿਚ ਦਾਖ਼ਲ ਹੋਇਆ। ਦਾਖ਼ਲ ਹੁੰਦਿਆਂ ਹੀ ਮੈਨੂੰ ਬੜਾ ਪਛਤਾਵਾ ਹੋਇਆ। ਅਸੀਂ ਰੱਬ ਜੀ ਨੂੰ ਅਰਦਾਸ ਕੀਤੀ ਕਿ ਸਾਨੂੰ ਘੱਟ ਤੋਂ ਘੱਟ ਤਿੰਨ ਕਮਰਿਆਂ ਵਾਲਾ ਮਕਾਨ ਦੇ ਦਿਓ ਤਾਂ ਕਿ ਇਕ ਕਮਰੇ ਵਿਚ ਅਸੀਂ ਮਹਾਰਾਜ ਦਾ ਪ੍ਰਕਾਸ ਕਰ ਸਕੀਏ।

ਅਪ੍ਰੈਲ 1995 ਵਿਚ ਮੈਂ ਸਟਾਊਟਨ ਵਾਲੇ ਵਪਾਰ ਦੇ ਹਿੱਸੇਦਾਰ ਸ. ਤਰਨਾਮ ਸਿੰਘ ਢਿੱਲੋਂ ਨੂੰ ਲਿਖਿਆ ਕਿ ਜਾਂ ਤਾਂ ਉਹ ਮੇਰਾ 50 ਪ੍ਰਤੀਸ਼ਤ ਹਿੱਸਾ ਖ਼ਰੀਦ ਲਵੇ ਜਾਂ ਮੈਨੂੰ 50 ਪ੍ਰਤੀਸ਼ਤ ਹਿੱਸਾ ਵੇਚ ਦੇਵੇ। ਇਹ ਸੋਚਕੇ ਕਿ ਵਪਾਰ ਵਿਚ

ਨਾ ਤਾਂ ਕੋਈ ਨਫ਼ਾ ਹੋਇਆ ਹੈ ਅਤੇ ਨਾ ਕੋਈ ਨੁਕਸਾਨ। ਸਾਰਾ ਹਿਸਾਬ ਕਿਤਾਬ ਲਾ ਕੇ ਦੇਖਿਆ ਕਿ ਉਸ ਨੇ ਮੈਨੂੰ 22,000 ਡਾਲਰ ਦੇਣਾ ਹੈ। ਅਰਦਾਸ ਦੇ ਕੁਝ ਦਿਨਾਂ ਬਾਅਦ ਹੀ ਉਹ ਮੈਨੂੰ 16,000 ਡਾਲਰ ਦੇ ਗਿਆ ਅਤੇ 6000 ਡਾਲਰ ਰਜਿਸਟਰੀ ਸਮੇਂ ਦੇਣ ਦਾ ਵਾਅਦਾ ਕੀਤਾ। ਅਸੀਂ ਆਪਣੇ ਮਿੱਤਰ, ਜੈਰੀ ਡੈਮਨ, ਪ੍ਰਾਪਰਟੀ ਡੀਲਰ ਨੂੰ ਕਿਹਾ ਕਿ ਸਾਨੂੰ ਮੈਡੀਸਨ ਵਿਚ ਕੋਈ ਘਰ ਦਿਖਾਵੇ। ਹੁਣ ਸਾਡੇ ਕੋਲ ਡਾਊਨ ਪੇਮੈਂਟ ਦੇਣ ਲਈ ਪੈਸੇ ਆ ਗਏ ਸਨ। ਓਡਾਨਾ ਸਟਰੀਟ ਵਿਚ ਗੋਲਫ ਕੋਰਸ ਦੇ ਸਾਹਮਣੇ ਇੱਕ ਘਰ ਵਿਕ ਰਿਹਾ ਸੀ। ਇਹ ਘਰ ਤਕਰੀਬਨ ਪੌਣਾ ਕੁ ਏਕੜ ਜਗ੍ਹਾ ਵਿਚ ਸੀ। ਇਸ ਮਕਾਨ ਦੇ ਕਾਗਜ਼ ਪੱਤਰ ਦੇਖ ਕੇ ਸਾਨੂੰ ਮਹਿਸੂਸ ਹੋਇਆ ਕਿ ਸਾਡੀਆਂ ਲੋੜਾਂ ਪੂਰੀਆਂ ਹੋ ਜਾਣਗੀਆਂ। ਅਸੀਂ ਉਸ ਨੂੰ ਖ਼ਰੀਦਣ ਲਈ 1,30,000 ਡਾਲਰ ਦੀ ਪੇਸ਼ਕਸ਼ ਕੀਤੀ। ਇਹ ਪੇਸ਼ਕਸ਼ ਮਨਜ਼ੂਰ ਹੋ ਗਈ। ਲੋਨ ਆਦਿ ਦੀਆਂ ਲੋੜਾਂ ਪੂਰੀਆਂ ਕਰਕੇ ਅਸੀਂ ਸਤੰਬਰ 1995 ਵਿਚ ਇਹ ਘਰ ਖ਼ਰੀਦ ਲਿਆ। ਇਸ ਘਰ ਵਿਚ ਅਸੀਂ ਅਪ੍ਰੈਲ 1998 ਤੱਕ ਰਹੇ। ਇਥੇ ਜੀਵਨ ਸ਼ਾਂਤਮਈ ਸੀ। ਕਾਰੋਬਾਰ ਵੀ ਠੀਕ ਸੀ ਅਤੇ ਦੋਵੇਂ ਪੁੱਤਰਾਂ ਦੀ ਵਿਦਿਆ ਬਹੁਤ ਚੰਗੀ ਸੀ। ਇਸ ਘਰ ਵਿਚ ਅਸੀਂ ਖੁਸ਼ੀ ਅਤੇ ਆਰਾਮ ਨਾਲ ਰਹੇ। ਇਸ ਘਰ ਵਿਚ ਤਿੰਨ ਕਮਰੇ ਸਨ। ਇਸ ਘਰ ਦਾ ਏਰੀਆ 1300 ਸਕੇਅਰ ਫੁੱਟ ਸੀ। ਇਸ ਵਿਚ ਦੋ ਕਾਰਾਂ ਦਾ ਗੈਰੇਜ ਸੀ। ਇਸ ਦੀ ਬੇਸਮੈਂਟ ਅਧੂਰੀ ਸੀ। ਇਹ 40 ਸਾਲ ਪੁਰਾਣਾ ਮਕਾਨ ਸੀ। ਤਿੰਨ ਕਮਰਿਆਂ ਵਿਚੋਂ ਇੱਕ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਦੂਜੇ ਕਮਰੇ ਵਿਚ ਮੇਰੇ ਦੋਵੇਂ ਪੁੱਤਰ ਸੌਂਦੇ ਸਨ। ਤੀਜਾ ਕਮਰਾ ਸਾਡਾ ਸੀ। ਸਾਡਾ ਕਮਰਾ 10×12 ਦਾ ਸੀ ਅਤੇ ਇਹ ਸਾਰੇ ਕਮਰਿਆਂ ਤੋਂ ਵੱਡਾ ਸੀ। ਸਤੰਬਰ 1995 ਦੇ ਆਖ਼ਿਰ ਵਿਚ ਅਸੀਂ ਬੇਸਮੈਂਟ ਨੂੰ ਠੀਕ ਕਰ ਲਿਆ ਅਤੇ ਆਪਣੇ ਘਰ ਕੀਰਤਨ ਕਰਵਾਇਆ।

ਬੱਚਿਆਂ ਦੀ ਵਿੱਦਿਆ ਵਾਸਤੇ ਬੈਂਕਾਂ ਤੋਂ ਲੋਨ ਮਿਲ ਜਾਂਦਾ ਸੀ। ਜੇ ਵਿਦਿਆਰਥੀ ਜ਼ਿਆਦਾ ਗਰੀਬ ਹੋਵੇ ਤਾਂ ਸਰਕਾਰ ਦੇ ਨਿਯਮਾਂ ਅਨੁਸਾਰ ਵਿਦਿਆਰਥੀ ਨੂੰ ਆਰਥਿਕ ਮਦਦ ਵੀ ਮਿਲ ਜਾਂਦੀ ਸੀ। ਇਹ ਮਦਦ ਵਾਪਸ ਮੋੜਨ ਵਾਲੀ ਨਹੀਂ ਹੁੰਦੀ ਸੀ। 1994 ਵਿਚ ਸਾਡੀ ਆਮਦਨ ਬਹੁਤ ਘੱਟ ਸੀ। ਸਾਡੀ ਆਮਦਨ ਟੈਕਸ ਦੀ ਰਿਟਰਨ ਦੇਖ ਕੇ ਹੀ ਫੈਡਰਲ ਸਰਕਾਰ ਨੇ ਮੇਰੇ ਦੋਵਾਂ ਬੱਚਿਆਂ ਨੂੰ 6000 ਡਾਲਰ ਦੀ ਮਦਦ ਦਿੱਤੀ। ਜਦੋਂ ਅਸੀ ਅਕਤੂਬਰ 1992 ਵਿਚ ਅਮਰੀਕਾ ਆਏ, ਮੇਰੇ ਸੁਝਾਉ ਤੇ ਦੋਵਾਂ ਲੜਕਿਆਂ ਨੇ ਅਮਰੀਕਨ ਫੌਜ ਵਿਚ ਭਰਤੀ ਹੋਣ ਲਈ ਵਾਲੰਟੀਅਰ ਕਰ ਦਿੱਤਾ। ਇਸ ਦਾ ਅਰਥ ਇਹ ਸੀ ਕਿ ਜੇ ਅਮਰੀਕਾ ਨੂੰ ਕਿਸੇ ਵੇਲੇ ਵੀ ਸਾਡੀ ਲੋੜ ਹੈ ਤਾਂ ਸਾਨੂੰ ਬੁਲਾ ਕੇ ਯੂ.ਐੱਸ. ਫੌਜ ਵਿਚ ਸਹਾਇਤਾ ਲੈ ਸਕੇ। ਇਸ ਭਾਵਨਾ ਨੇ ਸਾਨੂੰ ਬੈਂਕ ਤੋਂ ਲੋਨ ਲੈਣ ਵਿਚ ਕਾਫ਼ੀ ਮਦਦ ਕੀਤੀ। ਹੁਣ

ਤੱਕ ਅਸੀਂ ਦੋ ਲੋਨ ਲੈ ਚੁੱਕੇ ਸੀ। ਪਹਿਲਾ ਕਾਰੋਬਾਰ ਤੇ ਅਤੇ ਦੂਜਾ ਮਕਾਨ 'ਤੇ।

ਸਾਡਾ ਵੱਡਾ ਪੁੱਤਰ ਗੁਰਮੀਤ ਸਤੰਬਰ 1993 ਤੋਂ ਮਈ 1998 ਤੱਕ ਪੜ੍ਹਿਆ। ਉਸ ਨੇ ਇਲੈਕਟ੍ਰਿਕ ਇੰਜੀਨੀਅਰ ਦੀ ਡਿਗਰੀ ਦਸੰਬਰ 1997 ਵਿਚ ਖਤਮ ਕਰਨੀ ਸੀ। ਮੈਡੀਸਨ ਯੂਨੀਵਰਸਿਟੀ ਵਿਚ ਇੱਕ ਬਹੁਤ ਮਸ਼ਹੂਰ ਕੰਪਿਊਟਰ ਸਾਇੰਸ ਦੇ ਪ੍ਰੋਫੈਸਰ ਸੀ, ਜਿਹਨਾਂ ਦਾ ਨਾਮ ਡਾ. ਸੋਹੀ ਸੀ। ਸੋਹੀ ਪਟਿਆਲਾ ਸ਼ਹਿਰ ਦਾ ਵਾਸੀ ਸੀ ਤੇ ਪੱਗ ਬੰਨ੍ਹਦਾ ਸੀ। ਡਾ. ਸੋਹੀ ਦੀ ਸਲਾਹ ਮੰਨਦਿਆਂ ਵੱਡੇ ਪੁਤਰ ਨੇ ਕੰਪਿਊਟਰ ਸਾਇੰਸ ਦੀ ਡਿਗਰੀ ਵੀ ਕਰ ਲਈ। ਇਸ ਡਿਗਰੀ ਵਿਚ ਉਸ ਨੂੰ ਦੋ ਸਮੈਸਟਰ ਹੋਰ ਲਾਉਣੇ ਪਏ। ਸੋ ਹੁਣ ਉਹ ਇੰਜੀਨੀਅਰਿੰਗ ਦਾ ਡਬਲ ਗਰੈਜੂਏਟ ਸੀ। ਪਹਿਲਾ ਇਲੈਕਟ੍ਰਿਕਲ ਇੰਜੀਨੀਅਰ ਵਿਚ ਅਤੇ ਦੂਜਾ ਕੰਪਿਊਟਰ ਸਾਇੰਸ ਵਿਚ। ਉਸ ਨੇ 17 ਮਈ 1998 ਨੂੰ ਸਾਰੀ ਪੜ੍ਹਾਈ ਕਾਮਯਾਬੀ ਨਾਲ ਸਮਾਪਤ ਕੀਤੀ। ਕੁਲ ਕਰਜ਼ਾ ਜੋ ਉਸ ਨੇ ਬੈਂਕ ਤੋਂ ਲਿਆ ਸੀ, ਉਹ 25 ਹਜ਼ਾਰ ਡਾਲਰ ਸੀ ਜੋ ਉਸ ਨੇ ਕਮਾ ਕੇ ਵਾਪਸ ਮੋੜ ਦਿੱਤਾ।

ਛੋਟੇ ਲੜਕੇ ਗੁਰਜੀਤ ਨੇ ਦਸੰਬਰ 1997 ਵਿਚ ਬੀ.ਐੱਸ ਜ਼ੂਓਲੋਜੀ ਕੀਤੀ। 1998 ਵਿਚ ਉਸ ਨੇ ਪਰਿਵਾਰ ਨੂੰ ਵਪਾਰ ਵਿਚ ਮਦਦ ਕੀਤੀ ਤੇ ਨਾਲ ਹੀ ਹਸਪਤਾਲ ਵਿਚ ਫ੍ਰੀ ਸੇਵਾ ਕੀਤੀ। ਉਸ ਨੇ ਐੱਮ.ਡੀ ਮੈਮੋਰੀਅਲ ਯੂਨੀਵਰਸਿਟੀ ਨਿਊਫਾਊਂਡ ਲੈਂਡ ਕੈਨੇਡਾ ਤੋਂ ਕੀਤੀ। ਜੋ ਕਿ 2003 ਵਿਚ ਖਤਮ ਹੋਈ। ਇਹਨਾਂ ਅੱਠ ਸਾਲਾਂ ਦੀ ਪੜ੍ਹਾਈ ਉਸ ਨੇ ਬੈਂਕਾਂ ਤੋਂ ਕੁਲ 1,25,000 ਡਾਲਰ ਕਰਜ਼ਾ ਲਿਆ, ਜੋ ਉਸ ਨੇ ਨੌਕਰੀ ਲੱਗਣ ਉਪਰੰਤ ਵਾਪਸ ਕਰ ਦਿੱਤਾ।

ਇਸ ਕਰਜ਼ੇ ਤੋਂ ਇਲਾਵਾ ਲੜਕਿਆਂ ਨੂੰ ਘਰ ਤੋਂ ਬਹੁਤ ਮਾਇਕ ਅਤੇ ਇਖ਼ਲਾਕੀ ਸਹਾਰਾ ਸੀ। ਦੋਵੇਂ ਪੁੱਤਰ ਸਾਡੇ ਨਾਲ ਹੀ ਰਹਿੰਦੇ ਸੀ ਅਤੇ ਉਹਨਾਂ ਨੂੰ ਗਰਮੀ ਸਰਦੀ ਠੰਡ ਮੀਂਹ ਆਦਿ ਵਿਚ ਅਸੀਂ ਯੂਨੀਵਰਸਿਟੀ ਛੱਡ ਕੇ ਅਤੇ ਲੈ ਕੇ ਆਉਂਦੇ ਸੀ। ਜਦੋਂ 1999 ਵਿਚ ਗੁਰਜੀਤ ਪੜ੍ਹਣ ਲਈ ਕੈਨੇਡਾ ਗਿਆ ਅਸੀਂ ਉਸ ਨੂੰ ਪੂਰਾ ਘਰ ਕਿਰਾਏ 'ਤੇ ਲੈ ਕੇ ਦਿੱਤਾ । ਅਸੀਂ ਉਸ ਨੂੰ ਇਕ ਕਾਰ ਵੀ ਦਿੱਤੀ ਜੋ ਉਸ ਨੇ ਬਹੁਤ ਸਾਲ ਵਰਤੀ।

ਸਾਡਾ ਸਮਾਜਿਕ ਜੀਵਨ ਮੈਡੀਸਨ ਸ਼ਹਿਰ ਵਿਚ ਬਹੁਚ ਚੰਗਾ ਸੀ। ਮੈਡੀਸਨ ਵਿਚ ਇਕ ਗੁਰਦੁਆਰਾ ਬਣਾਉਣ ਵਿਚ ਸਾਡਾ ਵਿਸ਼ੇਸ਼ ਹੱਥ ਸੀ। ਅਸੀਂ ਮਿਲਵਾਕੀ ਤੋਂ ਸ਼ਿਕਾਗੋ ਆਪਣੇ ਦੋਸਤ ਤੇ ਰਿਸ਼ਤੇਦਾਰਾਂ ਨੂੰ ਅਕਸਰ ਮਿਲਣ ਜਾਂਦੇ ਸੀ। ਕਈ ਵਾਰ ਸਟੋਰ ਰਾਤ ਨੂੰ ਨੌਂ ਵਜੇ ਬੰਦ ਕਰਕੇ, ਮੈਡੀਸਨ ਤੋਂ ਸ਼ਿਕਾਗੋ ਚਲੇ ਜਾਂਦੇ ਸੀ। ਸ਼ਿਕਾਗੋ ਮੈਡੀਸਨ ਤੋਂ ਦੋ ਸੌ ਮੀਲ ਸੀ ਅਤੇ ਤਿੰਨ ਘੰਟੇ ਇਕ ਪਾਸੇ ਲੱਗਦੇ ਸਨ। ਸ਼ਿਕਾਗੋ ਮੁਸ਼ਿਕਲ ਨਾਲ ਅੱਧੀ ਰਾਤ ਨੂੰ ਪਹੁੰਚਦੇ ਸੀ। ਅਸੀਂ ਮੈਡੀਸਨ ਵਾਲਾ ਸਟੋਰ ਵੀ ਖੋਲ੍ਹਣਾ ਹੁੰਦਾ ਸੀ, ਇਸ ਲਈ ਸਵੇਰੇ ਦੋ ਵਜੇ ਵਾਪਸ ਚੱਲਣਾ ਜ਼ਰੂਰੀ ਹੁੰਦਾ

ਸੀ। ਜਦੋਂ ਮੈਡੀਸਨ ਪਹੁੰਚਦੇ ਸੀ ਤਾਂ ਤਕਰੀਬਨ 5 ਵੱਜ ਜਾਂਦੇ ਸਨ। ਉਹ ਸਟੋਰ ਖੋਲ੍ਹਣ ਦਾ ਸਮਾਂ ਸੀ। ਗੁਰਮੀਤ ਹੀ ਜਿਆਦਾ ਗੱਡੀ ਚਲਾਉਂਦਾ ਸੀ। ਸਾਨੂੰ ਬਜ਼ੁਰਗਾਂ ਨੂੰ ਸਟੋਰ ਖੋਲ੍ਹਣ ਦਾ ਫਿਕਰ ਹੁੰਦਾ ਸੀ। ਸਾਨੂੰ ਇਹ ਵੀ ਮਹਿਸੂਸ ਹੁੰਦਾ ਸੀ ਕਿ ਤਕਰੀਬਨ ਸਾਰੀ ਰਾਤ ਗੁਰਮੀਤ ਨੇ ਹੀ ਕਾਰ ਚਲਾਈ ਹੈ। ਸਾਡੇ ਵਿਚ ਇੰਨੀ ਸ਼ਕਤੀ ਨਹੀਂ ਹੁੰਦੀ ਸੀ ਕਿ ਅਸੀਂ ਸਟੋਰ ਖੋਲ੍ਹ ਸਕੀਏ।ਸਾਨੂੰ ਇਹ ਸੋਚਣਾ ਵੀ ਮੁਸ਼ਿਕਲ ਲੱਗਦਾ ਸੀ ਕਿ ਸਟੋਰ ਕੌਣ ਖੋਲ੍ਹੇਗਾ। ਜਦੋਂ ਗੁਰਮੀਤ ਇਹ ਕਹਿ ਦਿੰਦਾ ਕਿ ਸਟੋਰ ਉਹੀ ਖੋਲ੍ਹੇਗਾ ਤਾਂ ਸਾਨੂੰ ਬੜੀ ਖੁਸ਼ੀ ਅਤੇ ਸੰਤੁਸ਼ਟੀ ਹੁੰਦੀ ਅਤੇ ਮਨ ਵਿਚੋਂ ਆਪਣੇ ਪੁੱਤਰ ਲਈ ਅਸੀਸ ਹੀ ਨਿਕਲਦੀ ਸੀ ਜੋ ਕਿ ਦੱਸਣ ਤੋਂ ਪਰੇ ਹੈ।

# ਤੀਜਾ ਕਾਰੋਬਾਰ

22 ਫਰਵਰੀ 1998 ਨੂੰ ਅਖ਼ਬਾਰ ਵਿਚ ਐਪਲਟਨ ਦੇ ਸ਼ਹਿਰ ਵਿਚ ਇਕ ਪੈਟਰੋਲ ਪੰਪ ਦੀ ਵਿਕਰੀ ਦਾ ਇਸ਼ਤਿਹਾਰ ਆਇਆ। ਗੁਰਮੀਤ ਨੇ ਪੈਟਰੋਲ ਪੰਪ ਦੇ ਮਾਲਕ, ਡੇਲ ਨਾਲ ਗੱਲ ਕੀਤੀ ਅਤੇ ਮੈਨੂੰ ਦੱਸਿਆ। ਮੈਂ ਵੀ ਮਾਲਕ ਨਾਲ ਪੈਟਰੋਲ ਪੰਪ ਦੀਆਂ ਸੇਲਜ਼ ਆਦਿ ਬਾਰੇ ਵਿਸਥਾਰ ਨਾਲ ਗੱਲ ਕੀਤੀ। ਉਸ ਨੇ ਪੈਟਰੋਲ ਪੰਪ ਦੀ ਕੀਮਤ 2,57,000 ਡਾਲਰ ਦੱਸੀ। ਜਦੋਂ ਮੈਂ ਪੈਟਰੋਲ ਪੰਪ ਦੇ ਮਾਲਕ ਡੇਲ ਨਾਲ ਗੱਲਾਂ ਕਰ ਰਿਹਾ ਸੀ ਤਾਂ ਉਸ ਦਾ ਪਹਿਲਾ ਸਵਾਲ ਸੀ ਕਿ ਇਹ ਵਪਾਰ ਗੋਰਿਆਂ ਦੇ ਇਲਾਕੇ ਵਿਚ ਹੈ ਕੀ ਤੁਸੀਂ ਗੋਰਿਆਂ ਦੇ ਇਲਾਕੇ ਵਿਚ ਕੰਮ ਕਰ ਲਵੋਗੇ? ਮੈਂ ਉਸ ਨੂੰ ਉਤਰ ਦਿੱਤਾ ਕਿ ਅਸੀਂ ਗੋਰਿਆਂ ਦੇ ਇਲਾਕੇ ਵਿਚ ਦੋ ਵਪਾਰ ਕਾਮਯਾਬੀ ਨਾਲ ਕਰ ਚੁੱਕੇ ਹਾਂ। ਉਸ ਦਾ ਦੂਸਰਾ ਪ੍ਰਸ਼ਨ ਸੀ, "ਕੀ ਤੁਹਾਨੂੰ ਬੈਂਕ ਲੋਨ ਦੇ ਦੇਵੇਗਾ?" ਉਸ ਨੇ ਸਾਨੂੰ ਇਹ ਵੀ ਦੱਸਿਆਂ ਕਿ ਉਹ ਐੱਮ ਐਂਡ ਆਈ ਬੈਂਕ ਨਾਲ ਡੀਲ ਕਰਦਾ ਹੈ, ਜੋ ਬਹੁਤ ਵੱਡਾ ਬੈਂਕ ਹੈ। ਮੈਂ ਡੇਲ ਨੂੰ ਦੱਸਿਆ ਕਿ ਅਸੀਂ ਐੱਮ ਐਂਡ ਆਈ ਬੈਂਕ ਨਾਲ ਹੀ ਦਸੰਬਰ 1994 ਤੋਂ ਵਰਤ ਰਹੇ ਹਾਂ। ਸਾਡੇ ਉਹਨਾਂ ਨਾਲ ਬਹੁਤ ਚੰਗੇ ਸਬੰਧ ਹਨ। ਇਸ ਤੋਂ ਇਲਾਵਾ ਮੈਂ ਡੇਲ ਨੂੰ ਦੱਸਿਆ ਕਿ ਸਾਡਾ ਉਧਾਰ ਦਾ ਰਿਕਾਰਡ ਬਹੁਤ ਚੰਗਾ ਹੈ ਅਤੇ ਬੈਂਕ ਤੋਂ ਲੋਨ ਲੈਣਾ ਸਾਡੇ ਲਈ ਕੋਈ ਸਮੱਸਿਆ ਨਹੀਂ ਹੈ।

ਉਸ ਦੇ ਨਾਲ ਸਮਾਂ ਮਿੱਥ ਕੇ ਅਗਲੇ ਦਿਨ ਮੈਂ ਤੇ ਗੁਰਮੀਤ, ਐਪਲਟਨ ਪਹੁੰਚ ਗਏ। ਡੇਲ ਨੇ ਸਾਨੂੰ ਮੀਟਿੰਗ ਲਈ ਆਪਣੇ ਘਰ ਹੀ ਬੁਲਾਇਆ ਸੀ। ਉਸ ਦਾ ਘਰ ਵਿਕਰੀ ਵਾਲੇ ਗੈਸ ਸਟੇਸ਼ਨ ਦੇ ਨਜ਼ਦੀਕ ਹੀ ਸੀ। ਉਸ ਨੂੰ ਮਿਲਣ ਤੋਂ ਪਹਿਲਾਂ ਮੈਂ ਤੇਂ ਮੇਰਾ ਪੁੱਤਰ ਗੈਸ ਸਟੇਸ਼ਨ ਨੂੰ ਦੇਖਣ ਗਏ। ਇਹ ਨਿਊ ਬੈਰੀ ਸਟਰੀਟ ਉਤੇ ਸਥਿਤ ਸੀ ਤੇ ਇੱਕ ਏਕੜ ਥਾਂ ਉਤੇ ਬਣਿਆ ਹੋਇਆ ਸੀ। ਗੈਸ ਸਟੇਸ਼ਨ ਆਦਿ ਦੀ ਵਿਕਰੀ ਦੀ ਗੱਲ ਪਹਿਲਾਂ ਹੀ ਮੈਂ ਮਾਲਕ ਨਾਲ ਕਰ ਲਈ ਸੀ। ਤਕਰੀਬਨ 11 ਵਜੇ ਅਸੀਂ ਮਾਲਕ ਤੇ ਉਸ ਦੀ ਪਤਨੀ ਨੂੰ ਉਹਨਾਂ ਦੇ ਘਰ ਹੀ ਮਿਲੇ। ਮਾਲਕ ਲੰਬਾ ਉਚਾ ਤੱਕੜਾ ਗੋਰਾ ਸੀ। ਉਹ ਤਕਰੀਬਨ 60 ਕੁ ਸਾਲ ਦੀ ਉਮਰ ਦਾ ਲੱਗਦਾ ਸੀ। ਉਹ ਬਹੁਤ ਮਿਹਨਤੀ ਇਨਸਾਨ ਸੀ ਅਤੇ ਸਰੀਰਿਕ ਤੌਰ ਤੇ ਬਹੁਤ ਮਜ਼ਬੂਤ ਸੀ। ਉਸ ਨੇ ਸਾਨੂੰ ਦੱਸਿਆ ਕਿ ਸਾਰਾ ਜੀਵਨ ਹੀ ਉਸ ਨੇ ਲੱਕੜ ਦਾ ਕੰਮ ਕੀਤਾ ਹੈ ਅਤੇ ਕਿੱਲਾਂ ਠੋਕੀਆਂ ਹਨ। ਉਸ ਨੇ ਇਹ ਵੀ ਦੱਸਿਆ ਕਿ ਇਹ ਗੈਸ ਸਟੇਸ਼ਨ ਉਸ ਦਾ ਪਹਿਲਾ ਅਤੇ ਆਖਰੀ ਵਪਾਰ ਸੀ। ਇੰਨੇ ਵਿਚ ਉਸ ਦੀ ਪਤਨੀ ਵੀ ਆ ਗਈ। ਪਤਨੀ ਸ਼ਹਿਰਣ ਗੋਰੀ ਲੱਗਦੀ ਸੀ ਤੇ ਉਹ ਸਟੋਰ ਦਾ ਹਿਸਾਬ

ਕਿਤਾਬ ਦੇਖਦੀ ਸੀ। ਡੇਲ ਤਿੰਨ ਗੋਰੀਆਂ ਕਾਮਿਆਂ ਦੀ ਮਦਦ ਨਾਲ ਸਟੋਰ ਨੂੰ ਚਲਾਉਂਦਾ ਸੀ। ਡੇਲ ਇਹਨਾਂ ਕੁੜੀਆਂ ਤੇ ਇੰਨਾ ਇਤਬਾਰ ਕਰਦਾ ਸੀ ਕਿ ਆਪਣਾ ਕੰਮ ਪੂਰਾ ਕਰਨ ਤੋਂ ਬਾਅਦ ਉਹ ਕਦੇ ਗੈਸ ਸਟੇਸ਼ਨ ਤੇ ਗੇੜਾ ਵੀ ਨਹੀਂ ਮਾਰਦਾ ਸੀ। ਪਿੱਛੇ ਜਿਹੇ ਉਸ ਦੇ ਵਪਾਰ ਤੇ ਬਹੁਤ ਚੋਰੀਆਂ ਹੋਈਆਂ ਅਤੇ ਡੇਲ ਦਾ ਦਿਲ ਟੁੱਟ ਗਿਆ। ਗੱਲਾਂ ਕਰਦਿਆਂ ਮੈਂ ਡੇਲ ਨੂੰ ਪੁੱਛਿਆ ਕਿ ਪਤੀ-ਪਤਨੀ ਵਿਚੋਂ ਕੌਣ ਫ਼ੈਸਲਾ ਕਰੇਗਾ? ਡੇਲ ਨੇ ਕਿਹਾ ਕਿ ਅਸੀਂ ਦੋਵੇਂ ਰਲ ਕੇ ਵਿਚਾਰ ਕਰਦੇ ਹਾਂ ਅਤੇ ਮੈਂ ਫ਼ੈਸਲਾ ਕਰਦਾ ਹਾਂ। ਮੈਂ ਡੇਲ ਨੂੰ ਪੁੱਛਿਆ ਕਿ ਸਟੋਰ ਦੀ ਆਖ਼ਰੀ ਕੀਮਤ ਕੀ ਹੈ, ਜਿਸ ਉਤੇ ਤੁਸੀਂ ਸਾਨੂੰ ਵਪਾਰ ਵੇਚੋਗੇ? ਉਸ ਨੇ ਕਿਹਾ ਕਿ ਉਸ ਦੀ ਆਖ਼ਰੀ ਕੀਮਤ ਢਾਈ ਲੱਖ ਡਾਲਰ ਹੈ। ਮੈਂ ਉਸ ਨੂੰ ਕਿਹਾ ਕਿ ਸਾਨੂੰ ਫ਼ੈਸਲਾ ਕਰਨ ਲਈ 24 ਘੰਟਿਆਂ ਦਾ ਸਮਾਂ ਚਾਹੀਦਾ ਹੈ। ਉਸ ਨੇ ਕਿਹਾ ਕਿ 24 ਘੰਟਿਆਂ ਵਿਚ ਕੀ ਹੋ ਜਾਵੇਗਾ। ਮੈਂ ਉਸ ਨੂੰ ਕਿਹਾ ਕਿ ਅਸੀਂ ਸੰਜੀਦਾ ਗਾਹਕ ਹਾਂ ਅਤੇ ਜੇ ਸਾਨੂੰ ਸਮਝ ਆਵੇ ਤਾਂ 24 ਘੰਟਿਆਂ ਦੇ ਅੰਦਰ-ਅੰਦਰ ਅਸੀਂ ਫ਼ੈਸਲਾ ਕਰਨ ਦੀ ਸਮਰੱਥਾ ਰੱਖਦੇ ਹਾਂ। ਅਗਲੇ ਦਿਨ ਤਕਰੀਬਨ 11 ਵਜੇ ਮੈਂ ਡੇਲ ਨੂੰ ਫੋਨ ਕੀਤਾ ਅਤੇ ਕਿਹਾ,“ ਰੱਬ ਨੂੰ ਹਾਜ਼ਰ ਨਾਜ਼ਰ ਸਮਝਦਿਆਂ ਮੈਂ ਢਾਈ ਲੱਖ ਡਾਲਰ ਦੀ ਪੇਸ਼ਕਸ਼ ਕਰਦਾ ਹਾਂ ਅਤੇ ਸੌਦਾ ਪੱਕਾ ਸਮਝਿਆ ਜਾਵੇ। ਸਾਡੇ ਲਈ ਕਰਜ਼ੇ ਦੀ ਕੋਈ ਸਮੱਸਿਆ ਨਹੀਂ ਹੈ। ਅਸੀਂ ਤੁਹਾਨੂੰ ਪੇਸ਼ਕਸ ਦੇ ਦਸਤਾਵੇਜ਼ ਦੋ ਦਿਨਾਂ ਵਿਚ ਭੇਜ ਦੇਵਾਂਗੇ। ਅਸੀਂ ਤੁਹਾਨੂੰ ਬਿਆਨੇ ਦੇ ਤੌਰ ਤੇ 5000 ਡਾਲਰ ਅੱਜ ਹੀ ਭੇਜ ਰਹੇ ਹਾਂ। ਜਦੋਂ ਤੁਸੀਂ ਪੇਸ਼ਕਸ਼ ਦੀ ਚਿੱਠੀ ਵਾਪਸ ਭੇਜ ਦਿਓਗੇ ਤਾਂ ਅਸੀਂ ਕਰਜੇ ਦੇ ਪੇਪਰ ਪਾ ਦੇਵਾਂਗੇ।” ਡੇਲ ਨੇ ਕਾਗਜੀ ਪੇਸ਼ਕਸ਼ ਮਨਜ਼ੂਰ ਕਰ ਲਈ ਅਤੇ ਸਾਨੂੰ ਕਾਗਜ਼ ਦਸਤਖਤ ਕਰਕੇ ਭੇਜ ਦਿੱਤੇ। ਡੇਲ ਗੈਸ ਸਪਲਾਈ ਯੂ.ਐੱਸ ਆਇਲ ਕੰਪਨੀ ਤੋਂ ਲੈਂਦਾ ਸੀ ਜੋ ਐਪਲਟਨ ਇਲਾਕੇ ਦਾ ਬਹੁਤ ਵੱਡਾ ਥੋਕ ਫਰੋਸ਼ ਸੀ। ਯੂ.ਐੱਸ ਆਇਲ ਕੰਪਨੀ ਦੇ ਥੋਕ ਫਰੋਸ਼ ਹੋਣ ਤੋਂ ਇਲਾਵਾ ਆਪਣੇ 30 ਸਟੋਰ ਵੀ ਸਨ। ਯੂ.ਐੱਸ ਆਇਲ ਕੰਪਨੀ ਨੇ ਤੇਲ ਦੀ ਸਪਲਾਈ ਲਈ ਕੋਈ ਬੈਂਕ ਦੀ ਗਾਰੰਟੀ ਆਦਿ ਮੰਗੀ। ਸ. ਬਚਨ ਸਿੰਘ ਗਿੱਲ ਜੋ ਸਾਡੇ ਦੋਸਤ ਅਤੇ ਰਿਸ਼ਤੇਦਾਰ ਸਨ, ਯੂ.ਐੱਸ. ਆਇਲ ਕੰਪਨੀ ਨੂੰ ਜਾਣਦੇ ਸਨ, ਉਹਨਾਂ ਨੇ ਸਾਡੀ ਲਿਖਤੀ ਗਾਰੰਟੀ ਦੇ ਦਿੱਤੀ।

ਮੈਡੀਸਨ ਦੇ ਐੱਮ ਐਂਡ ਆਈ ਬੈਂਕ ਦੇ ਸੀਨੀਅਰ ਅਫ਼ਸਰ, ਗਾਡਵਿਨ ਆਮਾਗਾਸ਼ੀ ਨੇ ਮਾਰਕ ਸਟਰ ਨੂੰ ਸਾਡੇ ਲਈ ਸਿਫਾਰਸ਼ ਭੇਜੀ। ਮਾਰਕ ਸਟਰ, ਐਪਲਟਨ ਦਾ ਬਹੁਤ ਵੱਡਾ ਬੈਂਕ ਅਫ਼ਸਰ ਸੀ, ਜੋ ਸਾਡੇ ਕੇਸ ਦਾ ਇੰਚਾਰਜ ਸੀ। ਮਿਥੇ ਸਮੇਂ ਦੇ ਦਿਨ ਐੱਮ ਐਂਡ ਆਈ ਬੈਂਕ ਐਪਲਟਨ ਵਿਖੇ ਸਾਡੀ ਇੰਟਰਵਿਊ ਹੋਈ। ਮੈਂ ਤੇ ਮੇਰੇ ਛੋਟੇ ਲੜਕੇ ਗੁਰਜੀਤ ਸਿੰਘ ਨੇ ਕਾਨਫਰੰਸ ਵਿਚ ਹਿੱਸਾ ਲਿਆ। ਮਾਰਕ ਸਟਰ ਨਾਲ ਕੁਝ ਹੋਰ ਬੈਂਕ ਅਫ਼ਸਰ ਵੀ ਆਏ ਸਨ। ਮੈਂ ਆਪਣੇ ਅਤੇ ਆਪਣੇ ਲੜਕੇ ਬਾਰੇ ਸੰਖੇਪ ਜਿਹਾ ਦੱਸਿਆ ਕਿ ਸਾਡਾ ਧਰਮ ਸਿੱਖ ਹੈ। ਇਸ ਲਈ

ਅਸੀਂ ਪੱਗਾਂ ਬੰਨ੍ਹੀਆਂ ਹੋਈਆਂ ਹਨ ਤੇ ਅਸੀਂ ਕੇਸ ਨਹੀਂ ਕਟਵਾਉਂਦੇ। ਅਸੀਂ ਇੰਡੀਆ ਤੋਂ 1992 ਵਿਚ ਅਮਰੀਕਾ ਆਏ ਸੀ। ਇਹ ਲੜਕਾ ਸਰਜਨ ਬਣਨ ਜਾ ਰਿਹਾ ਹੈ ਤੇ ਸਾਡੀ ਬਜ਼ੁਰਗੀ ਵਿਚ ਇਹ ਸਾਡੀ ਅਤੇ ਤੁਹਾਡੀ ਸਿਹਤ ਦਾ ਖਿਆਲ ਰੱਖੇਗਾ। ਦੂਸਰਾ ਲੜਕਾ, ਗੁਰਮੀਤ ਸਿੰਘ ਹੈ ਜੋ ਮੈਡੀਸਨ ਸਥਿਤ ਸਟੋਰ ਤੇ ਕੰਮ ਕਰ ਰਿਹਾ ਹੈ। ਉਸ ਦੀ ਵਿਦਿਆ ਵੀ ਅਮਰੀਕਾ ਦੀ ਹੈ ਤੇ ਉਹ ਵਿਦਿਅਕ ਤੌਰ ਤੇ ਇੰਜੀਨੀਅਰ ਹੈ। ਮਾਰਕ ਸਟਰ ਨੇ ਮੈਡੀਸਨ ਬੈਂਕ ਤੋਂ ਆਈ ਹੋਈ ਗੌਡਵਿਨ ਦੀ ਪੁਰਜ਼ੋਰ ਸਿਫਾਰਸ਼ ਦਾ ਜ਼ਿਕਰ ਕੀਤਾ। ਮੈਂ ਮਾਰਕ ਸਟਰ ਨੂੰ ਭਰੋਸਾ ਦਿਵਾਇਆ ਕਿ ਗੌਡਵਿਨ ਵਾਂਗ ਉਹ ਵੀ ਸਾਡੇ ਤੇ ਇਤਬਾਰ ਕਰੇਗਾ ਅਤੇ ਸਾਡਾ ਸਤਿਕਾਰ ਕਰੇਗਾ, ਕਿਉਂਕਿ ਸਾਡੇ ਲੈਣ ਦੇਣ ਵਿਚ ਸੁੱਚਤਾ ਹੈ। ਬੈਂਕ ਨੇ 8 ਪ੍ਰਤੀਸ਼ਤ ਵਿਆਜ ਉਤੇ ਸਾਨੂੰ ਕਰਜ਼ਾ ਦੇਣਾ ਮਨਜ਼ੂਰ ਕਰ ਲਿਆ। ਅਸੀਂ ਚੌਥਾ ਹਿੱਸਾ ਪਾਉਣਾ ਸੀ, ਜੋ ਕਿ 62,500 ਡਾਲਰ ਬਣਦੇ ਸਨ ਬੈਂਕ ਨੇ 75 ਪ੍ਰਤੀਸ਼ਤ ਕਰਜ਼ਾ ਦੇਣਾ ਸੀ। ਬੈਂਕ ਸਾਨੂੰ ਇਹ ਕਰਜ਼ਾ 15 ਸਾਲਾਂ ਲਈ ਦੇਣਾ ਚਾਹੁੰਦਾ ਸੀ, ਪਰ ਮੇਰੇ ਕਹਿਣ ਤੇ ਇਹ 12 ਸਾਲ ਲਈ ਕਰ ਦਿੱਤਾ ਗਿਆ।

ਪਹਿਲੇ ਦੋ ਵਪਾਰਾਂ ਵਿਚ ਵਿਕਰੇਤਾ ਨੇ ਸਾਨੂੰ ਸਟਾਕ ਦੇ ਪੈਸੇ ਦੇਣ ਲਈ ਸਮਾਂ ਦੇ ਦਿੱਤਾ ਸੀ, ਪਰ ਇਸ ਕੇਸ ਵਿਚ ਮਾਲਕ, ਡੇਲ ਅੜ ਗਿਆ ਅਤੇ ਉਸ ਨੇ ਕਿਹਾ ਕਿ ਉਹ ਸਾਰੀ ਦੀ ਸਾਰੀ ਰਕਮ ਰਜਿਸਟਰੀ ਤੋਂ ਪਹਿਲਾਂ ਲਵੇਗਾ। ਸਾਡੇ ਕੋਲ ਥੋੜ੍ਹੇ ਜਿਹੇ ਡਾਲਰ ਹੀ ਬਚੇ ਸਨ। ਸਾਨੂੰ ਦੂਜੇ ਵਪਾਰ ਵਿਚ ਵੜਨ ਲਈ ਲਗਪਗ 1 ਲੱਖ ਡਾਲਰ ਚਾਹੀਦਾ ਸੀ ਜਿਸ ਦਾ ਅਸੀਂ ਇਸ ਪ੍ਰਕਾਰ ਪ੍ਰਬੰਧ ਕੀਤਾ।

1 ਡਰੇਕ ਸਟਰੀਟ ਪ੍ਰਾਪਰਟੀ ਨੂੰ ਰਿਫਾਇਨੈਂਸ ਕਰਵਾ ਕੇ 30,000 ਹਜ਼ਾਰ ਡਾਲਰ ਕੱਢਿਆ।

2 ਕਰੈਡਿਟ ਕਾਰਡ ਲੋਨ 9500 ਡਾਲਰ

3 ਇਨਵੈਂਟਰੀ ਵੇਚੀ ਅਤੇ ਪੱਗੜੀ 20,000 ਡਾਲਰ

4 ਸ. ਬਚਨ ਸਿੰਘ ਰਿਸ਼ਤੇਦਾਰ ਤੋਂ 30,000 ਡਾਲਰ ਕਰਜ਼ਾ

6 ਸ. ਸਤਵੰਤ ਸਿੰਘ ਕਾਲੇਕਾ ਛੋਟਾ ਭਰਾ ਤੋਂ 10,000 ਡਾਲਰ ਦਾ ਕਰਜ਼ਾ

7 ਸ. ਮਹਿੰਦਰ ਸਿੰਘ ਮੰਡ, ਰਿਸ਼ਤੇਦਾਰ ਇੰਗਲੈਂਡ ਤੋਂ 10,000 ਡਾਲਰ ਦਾ ਕਰਜ਼ਾ

ਰਜਿਸਟਰੀ 1 ਅਪ੍ਰੈਲ 1998 ਨੂੰ ਹੋਈ। ਵਪਾਰ ਦੇ ਪਹਿਲੇ ਦਿਨ ਬਹੁਤ ਔਖੇ ਸਨ। ਮੈਂ ਤੇ ਮੇਰੀ ਪਤਨੀ ਨੇ ਸਾਰਾ ਵਪਾਰਕ ਪ੍ਰਬੰਧ ਕਰਨਾ ਹੁੰਦਾ ਸੀ। ਸਟੋਰ ਸਵੇਰੇ 4 ਵਜੇ ਖੁਲ੍ਹਦਾ ਸੀ ਤੇ ਰਾਤ 10 ਵਜੇ ਬੰਦ ਹੁੰਦਾ ਸੀ। ਇਹ ਵਪਾਰ ਕਾਗਜ਼ ਦੇ ਕਾਰਖਨਿਆਂ ਦੇ ਗੁਆਂਢ ਵਿਚ ਸੀ। ਪਹਿਲੀ ਵਾਰ ਅਸੀਂ ਕੋਈ ਗਾਹਕ 100 ਡਾਲਰ ਦੇ ਨੋਟ ਨਾਲ ਦੇਖਿਆ। ਮੇਰੇ ਵੱਡੇ ਪੁੱਤਰ ਨੇ ਆਪਣੀ ਪੜ੍ਹਾਈ 17 ਮਈ 1998 ਨੂੰ ਪੂਰੀ ਕੀਤੀ। ਉਹ ਵੀ ਐਪਲਟਨ ਆ ਗਿਆ ਤੇ ਸਾਡੀ ਵਪਾਰ ਵਿਚ ਮਦਦ ਕਰਨੀ ਸ਼ੁਰੂ ਕਰ ਦਿੱਤੀ। ਮੈਂ ਤੇ ਮੇਰੀ ਪਤਨੀ ਸੋਚ ਹੀ ਰਹੇ ਸੀ ਕਿ ਉਹ ਆਪਣੀ ਵਿਦਿਆ

ਨਾਲ ਸੰਬਧਿਤ ਹੀ ਕੋਈ ਨੌਕਰੀ ਜਾਂ ਵਪਾਰ ਕਰੇਗਾ। ਪਰ ਉਸ ਦੀ ਇੱਛਾ ਇਹੀ ਕੰਮ ਕਰਨ ਦੀ ਸੀ ਜਿਸ ਵਿਚ ਅਸੀਂ ਪਹਿਲਾਂ ਤੋਂ ਹੀ ਹਾਂ। ਅਸੀਂ ਵੀ ਖੁਸ਼ ਸੀ। ਅਸੀਂ ਵੀ ਵਪਾਰ ਨੂੰ ਚਲਾਉਣ ਲਈ ਇੱਕ ਕੰਪਨੀ ਬਣਾਈ ਜਿਸ ਦਾ ਨਾਮ ਸੀ ਕਾਲੇਕਾ ਇੰਟਰਪ੍ਰਾਈਜਜ਼ ਐਲ ਐਲ ਸੀ । ਇਸ ਦੇ ਚਾਰ ਮੈਂਬਰ ਇਸ ਪ੍ਰਕਾਰ ਸਨ।

ਮੈਂ ਤੇ ਮੇਰੀ ਪਤਨੀ 70 ਪ੍ਰਤੀਸ਼ਤ ਹਿੱਸਾ, ਗੁਰਮੀਤ 15 ਪ੍ਰਤੀਸ਼ਤ ਹਿੱਸਾ ਅਤੇ ਗੁਰਜੀਤ 15 ਪ੍ਰਤੀਸ਼ਤ ਹਿੱਸਾ।

ਵੱਡੇ ਪੁੱਤਰ ਨੂੰ ਵਪਾਰ ਕਰਨ ਦਾ ਪਹਿਲਾਂ ਹੀ ਕਾਫ਼ੀ ਤਜ਼ਰਬਾ ਹੋ ਚੁੱਕਾ ਸੀ। 10 ਜੂਨ 1998 ਨੂੰ ਮੈਂ ਤੇ ਮੇਰੀ ਪਤਨੀ ਪੰਜ ਸਾਲਾਂ ਦੀ ਛੁੱਟੀ ਖਤਮ ਕਰਕੇ ਭਾਰਤ ਲਈ ਰਵਾਨਾ ਹੋ ਗਏ। ਗੁਰਮੀਤ ਸਿੰਘ ਜੋ ਕਿ ਬਹੁਤ ਇਮਾਨਦਾਰੀ ਨਾਲ ਵਪਾਰ ਚਲਾ ਰਿਹਾ ਸੀ, ਨੂੰ ਮੈਂ ਕਿਹਾ ਕਿ ਅਸੀਂ 50,000 ਡਾਲਰ ਤਾਂ ਰਿਸ਼ਤੇਦਾਰਾਂ ਤੋਂ ਉਧਾਰ ਲਿਆ ਹੈ ਅਤੇ ਆਪਣੇ ਉਤੇ ਕਾਫ਼ੀ ਕਰਜ਼ਾ ਹੈ। ਉਸ ਨੇ ਰਿਸ਼ਤੇਦਾਰਾਂ ਦਾ ਕਰਜ਼ਾ ਤਕਰੀਬਨ 6 ਮਹੀਨਿਆਂ ਵਿਚ ਹੀ ਮੋੜ ਦਿੱਤਾ ਅਤੇ ਉਹ ਛੇਤੀ ਹੀ ਪੂਰੀ ਤਰ੍ਹਾਂ ਕਾਮਯਾਬ ਵਪਾਰੀ ਬਣ ਗਿਆ ਸੀ। ਕੁਝ ਦਿਨਾਂ ਬਾਅਦ ਗੁਰਜੀਤ ਸਿੰਘ ਵੀ ਮੈਡੀਸਨ ਤੋਂ  ਆ ਗਿਆ। ਉਹ ਵੀ ਅਲੱਗ-ਅਲੱਗ ਹਸਪਤਾਲਾਂ ਵਿਚ ਵਲੰਟੀਅਰ ਦੀ ਸੇਵਾ ਕਰਨ ਤੋਂ ਇਲਾਵਾ ਗੁਰਮੀਤ ਸਿੰਘ ਨੂੰ ਵਪਾਰ ਵਿਚ ਮਦਦ ਕਰਦਾ ਸੀ। ਅਸੀਂ ਬਹੁਤ ਘੱਟ ਕਰਮਚਾਰੀ ਰੱਖੇ ਹੋਏ ਸਨ।  ਇਹ ਵਪਾਰ ਉਸ ਨੇ ਸਾਢੇ ਕੁ ਤਿੰਨ ਸਾਲ ਚਲਾਇਆ। ਇਸ ਪੈਟਰੋਲ ਪੰਪ ਦੀ ਸੇਲ ਤਕਰੀਬਨ 1500 ਗੈਲਨ ਰੋਜਾਨਾ ਸੀ। ਇਸ ਦੇ ਸਟੋਰ ਅੰਦਰਲੀ ਸੇਲ ਤਕਰੀਬਨ 1,000 ਡਾਲਰ ਰੋਜ਼ ਦੀ ਸੀ। ਸਟੋਰ ਦੀ ਅੰਦਰਲੀ ਸੇਲ ਤਕਰੀਬਨ 25 ਪ੍ਰਤੀਸ਼ਤ ਮੁਨਾਫ਼ੇ ਤੇ ਹੁੰਦੀ ਸੀ। ਪੈਟਰੋਲ ਦੀਆਂ ਕੀਮਤਾਂ ਵਿਚ ਮੁਕਾਬਲਾ ਬਹੁਤ ਸੀ ਫਿਰ ਵੀ ਪੈਟਰੋਲ ਆਦਿਕ ਤੋਂ 8 ਤੋਂ 10 ਪ੍ਰਤੀਸ਼ਤ ਮੁਨਾਫ਼ਾ ਆ ਹੀ ਜਾਂਦਾ ਸੀ। ਇਹ ਸਾਡਾ ਪਹਿਲਾ ਚੰਗਾ ਵਪਾਰ ਸੀ ਜਿਸ ਨੇ ਸਾਡੀ ਆਰਥਿਕ ਹਾਲਤ ਨੂੰ ਸਥਿਰ ਕਰ ਦਿੱਤਾ। ਅਸੀਂ ਇਸ ਵਪਾਰ ਤੋਂ ਅੱਗੇ ਵੀ ਬਹੁਤ ਵਧੇ। ਜਦੋਂ ਅਸੀਂ ਭਾਰਤ ਵਾਪਸ ਆ ਰਹੇ ਸੀ ਤਾਂ ਗੁਰਮੀਤ ਸਿੰਘ ਨੇ ਸਾਨੂੰ 10,000 ਹਜਾਰ ਡਾਲਰ ਦਿਤੇ, ਕਿਉਂਕ ਭਾਰਤ ਵਿਚ ਸਾਡੇ ਕੋਲ ਕੁਝ ਵੀ ਨਹੀਂ ਸੀ। ਸੰਨ 2000 ਵਿਚ ਅਸੀਂ ਪਟਿਆਲੇ ਘਰ ਬਣਾਇਆ ਜਿਸ ਵਿਚ ਇਸ ਵਪਾਰ ਦੀ ਆਮਦਨ ਦਾ ਬਹੁਤ ਵੱਡਾ ਆਰਥਿਕ ਯੋਗਦਾਨ ਸੀ। 2001 ਵਿਚ ਗੁਰਮੀਤ ਸਿੰਘ ਨੇ ਇਸ ਵਪਾਰ ਨੂੰ ਕਿਰਾਏ ਤੇ ਚੜ੍ਹਾ ਦਿੱਤਾ ਤੇ ਫੰਡੂਲਾਕ ਸ਼ਹਿਰ ਵਿਚ ਇੱਕ ਹੋਰ ਗੈਸ ਸਟੇਸ਼ਨ ਖ਼ਰੀਦ ਲਿਆ।

# ਚੌਥਾ ਕਾਰੋਬਾਰ ਤੇ 9/11

ਪੰਜ ਸਾਲ ਦੀ ਛੁੱਟੀ ਕੱਟਣ ਉਪਰੰਤ ਜੁਲਾਈ 1998 ਵਿਚ ਮੈਂ ਪਟਿਆਲਾ ਵਿਖੇ ਉਪ ਆਬਕਾਰੀ ਤੇ ਕਰ ਕਮਿਸ਼ਨਰ (ਅਪੀਲਾਂ) ਜੁਆਇਨ ਕੀਤੀ। ਤਕਰੀਬਨ ਇਕ ਮਹੀਨੇ ਪਿੱਛੋਂ ਸੁਪਰੀਮ ਕੋਰਟ ਆਫ ਇੰਡੀਆ ਦਿੱਲੀ ਚਲਦੇ ਸਿਨੀਓਰਟੀ ਕੇਸ ਦਾ ਫ਼ੈਸਲਾ ਮੇਰੇ ਪੱਖ ਵਿਚ ਹੋ ਗਿਆ। ਇਸ ਕਰਕੇ ਮੈਨੂੰ ਤਰੱਕੀ ਦੇ ਕੇ ਸਿੱਧਾ ਐਡੀਸ਼ਨਲ ਆਬਕਾਰੀ ਕਰ ਕਮਿਸ਼ਨਰ ਬਣਾ ਦਿੱਤਾ ਗਿਆ। ਮੇਰੀ ਪਤਨੀ ਨੇ ਵੀ ਆਪਣੀ ਡਿਊਟੀ ਪਟਿਆਲੇ ਵਿਖੇ ਹੀ ਜੁਆਇਨ ਕਰ ਲਈ ਸੀ। ਅਸੀਂ ਆਪਣਾ ਮਕਾਨ ਲਾਲ ਬਾਗ, ਪਟਿਆਲੇ ਵਿਖੇ 1994 ਵਿਚ ਵੇਚ ਦਿੱਤਾ ਸੀ, ਇਸ ਲਈ ਮੇਰੇ ਤੇ ਮੇਰੀ ਪਤਨੀ ਕੋਲ ਰਹਿਣ ਲਈ ਕੋਈ ਥਾਂ ਨਹੀਂ ਸੀ। ਅਸੀਂ ਢਾਈ ਕੁ ਸਾਲ ਮੇਰੇ ਸੱਸ ਸਹੁਰਾ ਨਾਲ ਹੀ ਰਹੇ। ਸਤੰਬਰ 1998 ਨੂੰ ਮੇਰੇ ਵੱਡੇ ਲੜਕੇ ਦੇ ਵਿਆਹ ਲਈ ਅਸੀਂ ਇਸ਼ਤਿਹਾਰ ਦਿੱਤਾ। ਉਹ 25 ਸਾਲ ਦਾ ਹੋ ਗਿਆ ਸੀ ਅਤੇ ਵਪਾਰ ਵਿਚ ਚੰਗਾ ਸਥਾਪਿਤ ਹੋ ਗਿਆ ਸੀ। ਉਸ ਦੀ ਇੱਛਾ ਡਾਕਟਰ ਲੜਕੀ ਨਾਲ ਵਿਆਹ ਕਰਵਾਉਣ ਦੀ ਸੀ। ਏਨੇ ਨੂੰ ਪਟਿਆਲੇ ਦਾ ਇੱਕ ਚੰਗਾ ਪੜ੍ਹਿਆ ਲਿਖਿਆ ਪਰਿਵਾਰ ਸਾਨੂੰ ਮਿਲਿਆ। ਸੰਨ 1999 ਵਿਚ ਮੰਗਣਾ ਹੋ ਗਿਆ ਤੇ 8 ਅਪ੍ਰੈਲ 2000 ਨੂੰ ਵਿਆਹ ਹੋ ਗਿਆ।

ਸੰਨ 1999 ਵਿਚ ਮੇਰੇ ਸਾਲਾ ਸਾਹਿਬ, ਕਰਨਲ ਸਤਿੰਦਰ ਸਿੰਘ ਨੇ ਆਪਣੀ ਲੜਕੀ ਦਾ ਵਿਆਹ ਰੱਖ ਲਿਆ। ਇਸ ਕੋਲ ਪਟਿਆਲੇ ਦੋ ਖਾਲੀ ਪਲਾਟ ਸਨ, ਜਿਹਨਾਂ ਨੂੰ ਉਹ ਵੇਚਣਾ ਚਾਹੁੰਦੇ ਸੀ। ਉਸ ਨੇ ਮੈਨੂੰ ਇਸ ਸਬੰਧੀ ਬੇਨਤੀ ਕੀਤੀ। ਦੋਵਾਂ ਵਿਚੋਂ ਇੱਕ ਪਲਾਟ ਜੋ ਮੇਰੇ ਸਹੁਰਾ ਸਾਹਿਬ ਦੇ ਘਰ ਨਾਲ ਲੱਗਦਾ ਸੀ ਸਾਨੂੰ ਸੂਤ ਬੈਠਦਾ ਸੀ। ਅਸੀਂ 1999 ਵਿਚ ਇਹ ਪਲਾਟ ਮੁੱਲ ਲੈ ਕੇ ਮਾਰਚ 2000 ਤੱਕ ਇਹ ਘਰ ਬਣਾ ਲਿਆ। ਮੇਰੀ ਦਿਲੀ ਇੱਛਾ ਸੀ ਕਿ ਮੇਰੇ ਪੁੱਤਰ ਦਾ ਵਿਆਹ ਸਾਡੇ ਆਪਣੇ ਘਰ ਵਿਚ ਹੀ ਹੋਵੇ। ਮੇਰੇ ਵੱਡੇ ਪੁੱਤਰ ਗੁਰਮੀਤ ਸਿੰਘ ਨੇ ਇਸ ਮਕਾਨ ਨੂੰ ਬਣਾਉਣ ਵਿਚ ਮੇਰੀ ਕਾਫ਼ੀ ਆਰਥਿਕ ਮਦਦ ਕੀਤੀ। ਇਸ ਤੋਂ ਇਲਾਵਾ ਮੈਂ ਬੈਂਕ ਤੋਂ ਥੋੜ੍ਹਾ ਜਿਹਾ ਲੋਨ ਵੀ ਲੈ ਲਿਆ ਸੀ ਜੋ ਕਿ ਮੈਂ ਆਪਣੀ ਨੌਕਰੀ ਤੋਂ ਸੇਵਾ ਮੁਕਤ ਹੋਣ ਸਮੇਂ ਜਨਵਰੀ 2001 ਵਿਚ ਵਾਪਸ ਮੋੜ ਦਿੱਤਾ ਸੀ।

ਸਾਡੇ ਪੁੱਤਰ ਗੁਰਮੀਤ ਸਿੰਘ ਦਾ ਵਿਆਹ ਬੜੀ ਧੂਮਧਾਮ ਨਾਲ ਹੋਇਆ। ਵਿਆਹ ਦੇ ਤਿੰਨੋ ਪ੍ਰੋਗਰਾਮ ਸੰਗੀਤ, ਬਰਾਤ ਅਤੇ ਰਿਸੈਪਸ਼ਨ ਪਾਰਟੀ ਬਹੁਤ ਚੰਗੇ ਢੰਗ ਨਾਲ ਹੋਏ। ਰਿਸੈਪਸ਼ਨ ਪਾਰਟੀ ਵਿਚ 700 ਮਹਿਮਾਨ ਸ਼ਾਮਿਲ ਹੋਏ ਸਨ।

ਜਿਹੜੀ ਆਰਮੀ ਰੈਜੀਮੈਂਟ ਵਿਚ ਮੈਂ 1964 ਤੋਂ 1967 ਤੱਕ ਸੇਵਾ ਕੀਤੀ ਸੀ, ਉਹਨਾਂ ਨੇ ਆਪਣਾ ਬੈਂਡ ਇੱਕ ਹਫ਼ਤੇ ਲਈ ਭੇਜ ਦਿੱਤਾ ਸੀ। ਅਸੀਂ ਪੁਲਿਸ ਦਾ ਬੈਂਡ ਵੀ ਕਰ ਲਿਆ ਜੋ ਆਨੰਦ ਕਾਰਜ ਵੇਲੇ ਆਇਆ ਸੀ। ਮੇਰਾ ਛੋਟਾ ਲੜਕਾ ਗੁਰਜੀਤ ਸਿੰਘ ਵੀ ਕੈਨੇਡਾ ਤੋਂ ਵਿਆਹ ਵਿਚ ਸ਼ਾਮਿਲ ਹੋਣ ਲਈ ਆਇਆ ਸੀ।

ਜਨਵਰੀ 2001 ਵਿਚ ਮੈਂ ਪੰਜਾਬ ਸਰਕਾਰ ਦੀ ਨੌਕਰੀ ਤੋਂ ਸੇਵਾ ਮੁਕਤ ਹੋ ਗਿਆ। ਮੇਰੀ ਪਤਨੀ ਨੇ ਜੂਨ 2003 ਨੂੰ ਰਿਟਾਇਰ ਹੋਣਾ ਸੀ। ਮੈਂ ਰਾਜਿੰਦਰਾ ਕਲੱਬ ਦਾ ਬਹੁਤ ਪੁਰਾਣਾ ਮੈਂਬਰ ਸੀ ਅਤੇ ਕਲੱਬ ਵਿਚ ਮੇਰੀ ਬਹੁਤ ਇੱਜ਼ਤ ਸੀ। ਕੁਝ ਦੋਸਤਾਂ ਨੇ ਪਰੈਜੀਡੈਂਟ ਦੇ ਅਹੁਦੇ ਲਈ ਚੋਣਾਂ ਲੜਨ ਲਈ ਮੈਨੂੰ ਮਨਾ ਲਿਆ। ਮੈਂ ਚੋਣਾਂ ਲੜੀਆਂ ਅਤੇ ਬਹੁਤ ਵੱਡੇ ਅੰਤਰ ਨਾਲ ਜਿੱਤਿਆ। ਮੈਨੂੰ 1700 ਵਿਚੋਂ 1004 ਵੋਟਾਂ ਪਈਆਂ। ਇਹ ਤਕਰੀਬਨ ਸਤੰਬਰ 2001 ਦੀ ਗੱਲ ਹੈ।

ਏਨੇ ਨੂੰ ਅਮਰੀਕਾ ਵਿਚ ਇਕ ਹੋਰ ਅਣਸੁਖਾਵੀਂ ਘਟਨਾ ਵਾਪਰ ਗਈ। 11 ਸਤੰਬਰ 2001 ਨੂੰ ਮੁਸਲਿਮ ਉਗਰਵਾਦੀਆਂ ਵੱਲੋਂ ਅਮਰੀਕਾ ਦੇ ਸ਼ਹਿਰ, ਨਿਊਯਾਰਕ ਦੀਆਂ ਦੋ ਵੱਡੀਆਂ ਇਮਾਰਤਾਂ ਵਰਲਡ ਟ੍ਰੇਡ ਸੈਂਟਰ ਜਹਾਜ਼ ਨਾਲ ਉਡਾ ਦਿੱਤੀਆਂ। ਅਮਰੀਕਾ ਦੇ ਵਾਸੀ ਇਸ ਘਟਨਾ ਤੋਂ ਬਹੁਤ ਦੁੱਖ ਮਹਿਸੂਸ ਕਰਨ ਲੱਗੇ। ਅਮਰੀਕੀ ਲੋਕ ਮੁਸਲਮਾਨਾਂ ਨੂੰ ਨਫ਼ਰਤ ਕਰਨ ਲੱਗੇ। ਇਸ ਘਟਨਾ ਨੇ ਅਮਰੀਕਾ ਵਿਚ ਸਿੱਖਾਂ ਦਾ ਵੀ ਬਹੁਤ ਨੁਕਸਾਨ ਕੀਤਾ, ਕਿਉਂਕਿ ਅਮਰੀਕਾ ਦੇ ਲੋਕ ਸਿੱਖਾਂ ਨੂੰ ਮੁਸਲਮਾਨ ਹੀ ਸਮਝਦੇ ਸਨ।

ਅਕਤੂਬਰ 2001 ਵਿਚ ਮੇਰੇ ਲੜਕੇ ਗੁਰਮੀਤ ਨੇ ਫੰਡੂਲਾਕ ਸ਼ਹਿਰ ਵਿਚ ਚੌਥਾ ਵਪਾਰ ਖਰੀਦਿਆ। ਜਿਸ ਦੀ ਕੀਮਤ 3,62,000 ਡਾਲਰ ਸੀ। ਐਪਲਟਨ ਦਾ ਵਪਾਰ ਕਿਰਾਏ ਤੇ ਚੜਾਉਣ ਤੋਂ ਬਾਅਦ 40,000 ਡਾਲਰ ਪੱਗੜੀ ਮਿਲੀ ਅਤੇ ਕੁਝ ਇਨਵੈਂਟਰੀ ਦਾ ਪੈਸਾ ਵੀ ਆਇਆ। ਇਸ ਤੋਂ ਇਲਾਵਾ ਥੋੜ੍ਹੇ ਜਿਹੇ ਪੈਸੇ ਅਸੀਂ ਲੋਨ ਵਜੋਂ ਐੱਮ ਐਂਡ ਆਈ ਬੈਂਕ ਤੋਂ ਲਏ ਸਨ। ਮੇਰਾ ਲੜਕਾ ਸਾਨੂੰ ਰੋਜ਼ਾਨਾ ਫੋਨ ਕਰਕੇ ਦੱਸਦਾ ਸੀ ਕਿ ਅਮਰੀਕਾ ਵਿਚ ਕੀ ਹੋ ਰਿਹਾ ਹੈ ਅਤੇ ਵਪਾਰ ਕਿਵੇਂ ਚੱਲ ਰਿਹਾ ਹੈ। ਗੁਰਮੀਤ ਸਿੰਘ ਨੂੰ ਫੰਡੂਲਾਕ ਦੀ ਪੁਲਿਸ ਵਾਰ-ਵਾਰ ਚੈੱਕ ਕਰਦੀ ਸੀ। ਗੋਰੇ ਲੋਕ, ਉਸ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਣ ਲੱਗ ਪਏ ਸਨ। ਇਹੋ ਜਿਹੀਆਂ ਖਬਰਾਂ ਸੁਣ ਕੇ ਮੈਂ ਤੇ ਮੇਰੀ ਪਤਨੀ ਚਿੰਤਤ ਹੋ ਗਏ। ਮੈਂ ਪਹਿਲਾਂ ਹੀ ਜਨਵਰੀ ਵਿਚ ਰਿਟਾਇਰ ਹੋ ਚੁੱਕਾ ਸੀ, ਮੇਰੀ ਪਤਨੀ ਨੇ ਲਗਪਗ ਡੇਢ ਸਾਲ ਪਹਿਲਾਂ ਰਿਟਾਇਰਮੈਂਟ ਲੈ ਲਈ। ਅਸੀਂ ਦੋਵੇਂ 15 ਅਪ੍ਰੈਲ 2002 ਨੂੰ ਫਿਰ ਅਮਰੀਕਾ ਪਹੁੰਚ ਗਏ।

ਫੰਡੂਲਾਕ ਅਜੀਬ ਜਿਹਾ ਸ਼ਹਿਰ ਸੀ। ਓਸ਼ਕੋਸ਼ ਤੋਂ ਮਿਲਵਾਕੀ ਜਾਂਦਿਆਂ ਹਾਈਵੇਅ 41 ਤੋਂ 25 ਮੀਲ ਦੀ ਦੂਰੀ ਤੇ ਸੀ। ਫੰਡੂਲਾਕ ਫਰਾਂਸੀਸੀ ਨਾਮ ਹੈ। ਇਸ ਦਾ ਅਰਥ ਹੈ, ਝੀਲ ਦਾ ਕਿਨਾਰਾ। ਮੈਂ ਆਪਣੇ ਲੜਕੇ ਦੀ ਰੱਖਿਆ ਲਈ ਆਪਣਾ

ਜਿਆਦਾ ਸਮਾਂ ਵਪਾਰ ਵਿਚ ਹੀ ਲਗਾਉਂਦਾ ਸੀ। ਸ਼ਹਿਰ ਵਿਚ ਅਨੁਸ਼ਾਸਨ ਠੀਕ ਨਹੀਂ ਸੀ। ਇਸ ਦੌਰਾਨ ਇਕ ਘਟਨਾ ਵਾਪਰੀ। ਦੁਕਾਨ ਤੇ ਪੇਂਟ ਕਰਨ ਲਈ ਅਸੀਂ ਇੱਕ ਗੋਰਾ ਪੇਂਟਰ ਰੱਖ ਲਿਆ ਤੇ ਕੁਝ ਦਿਨਾਂ ਬਾਅਦ ਹੀ ਉਸ ਨੇ ਸਟੋਰ ਵਿਚ ਚੋਰੀ ਕਰ ਲਈ। ਅਸੀਂ ਚੋਰੀ ਦੀ ਰਿਪੋਰਟ ਪੁਲਿਸ ਨੂੰ ਕੀਤੀ ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਸਾਡੇ ਕੋਲ ਇੱਕ ਚਿੱਟੇ ਰੰਗ ਦੀ ਵੱਡੀ ਮਰਸਡੀ ਕਾਰ ਸੀ, ਜਿਸ ਦੀ ਪੁਲਿਸ ਵੱਲੋਂ ਥਾਂ-ਥਾਂ ਤੇ ਚੈਕਿੰਗ ਕੀਤੀ ਜਾਂਦੀ ਸੀ। ਪੁਲਿਸ ਦੇ ਇਹੋ ਜਿਹੇ ਵਰਤਾਰੇ ਨਾਲ ਇੱਕ ਦਿਨ ਮੈਂ ਹੌਂਸਲਾ ਕੀਤਾ ਤੇ ਸ਼ਹਿਰ ਦੇ ਮੇਅਰ ਨਾਲ ਟੈਲੀਫੋਨ ਤੇ ਗੱਲ ਕੀਤੀ। ਮੈਂ ਕਿਹਾ," ਸਰ, ਤੁਹਾਡੀ ਪੁਲਿਸ ਸਾਨੂੰ ਦਿਨ ਰਾਤ ਬੇ-ਵਜ੍ਹਾ ਹੈਰਾਨ ਪਰੇਸ਼ਾਨ ਕਰ ਰਹੀ ਹੈ, ਜੇ ਤੁਸੀਂ ਆਪਣੀ ਪੁਲਿਸ ਨੂੰ ਕਾਬੂ ਨਹੀਂ ਕਰਦੇ ਤਾਂ ਮੈਨੂੰ ਮਜੂਬਰ ਹੋ ਕੇ ਪ੍ਰੈਸ ਕਾਨਫਰੰਸ ਬੁਲਾਣੀ ਪਵੇਗੀ, ਜਿਸ ਵਿਚ ਸ਼ਹਿਰ ਦੀ ਪੁਲਿਸ ਦੀਆਂ ਸਾਰੀਆਂ ਵਧੀਕੀਆਂ ਬਾਰੇ ਗੱਲ ਕਰਾਂਗਾ।" ਅਜਿਹਾ ਕਰਨ ਤੇ ਪੁਲਿਸ ਵੱਲੋਂ ਕੀਤੀ ਜਾ ਰਹੀ ਪਰੇਸ਼ਾਨੀ ਬੰਦ ਹੋ ਗਈ।

**ਆਡਿਟ ਆਫ ਅਕਾਊਂਟਸ-** ਵਿਸਕਾਨਸਿਨ ਸਟੇਟ ਸੇਲ ਟੈਕਸ ਵਿਭਾਗ ਦਾ ਇੱਕ ਆਡਿਟਰ ਸਾਡੇ ਗੈਸ ਸਟੇਸ਼ਨ ਕੋਲ ਰਹਿੰਦਾ ਸੀ। ਆਡਿਟਰ ਸੋਚਦਾ ਸੀ ਕਿ ਅਸੀਂ ਪੈਟਰੋਲ ਤੇ ਟੈਕਸ ਇੱਕਠਾ ਨਹੀਂ ਕਰ ਰਹੇ। ਸਾਡੇ ਕੋਲ ਇੱਕ ਪੁਰਾਣੀ ਮਰਸਡਿਸ ਕਾਰ ਸੀ ਜਿਸ ਦੀ ਸ਼ਕਲ ਬਹੁਤ ਚੰਗੀ ਸੀ। ਅਸੀਂ ਇਹ 6500 ਡਾਲਰ ਵਿਚ ਕਿਸੇ ਅਮਰੀਕਨ ਡਾਕਟਰ ਤੋਂ ਖ਼ਰੀਦੀ ਸੀ। ਆਡਿਟਰ ਸ਼ਾਇਦ ਸੋਚਦਾ ਸੀ ਕਿ ਅਸੀਂ ਪੈਸੇ ਤਾਂ ਬਹੁਤ ਬਣਾ ਰਹੇ ਹਾਂ ਪਰ ਟੈਕਸ ਠੀਕ ਤਰ੍ਹਾਂ ਨਾਲ ਨਹੀਂ ਭਰ ਰਹੇ। ਮੇਰੇ ਪੁੱਤਰ ਨੇ ਆਡਿਟਰ ਨੂੰ ਦੱਸਿਆ ਕਿ ਪੈਟਰੋਲ 'ਤੇ ਟੈਕਸ ਤਾਂ ਥੋਕ ਫਰੋਸ਼ ਦੇ ਲੈਵਲ ਉਤੇ ਹੀ ਲੱਗ ਕੇ ਆਉਂਦਾ ਹੈ। ਸਾਡੇ ਲੈਵਲ ਤੇ ਸੇਲ ਟੈਕਸ ਨਹੀਂ ਲੱਗਣਾ ਸੀ ਅਤੇ ਨਾ ਹੀ ਦੇਣਾ ਸੀ। ਫਿਰ ਵੀ ਆਡਿਟਰ ਨੂੰ ਸੰਤੁਸ਼ਟੀ ਨਹੀਂ ਹੋਈ। ਅਸੀਂ ਆਡਿਟਰ ਨੂੰ ਕਿਹਾ ਕਿ ਇਹ ਸਾਡਾ ਚੌਥਾ ਵਪਾਰ ਹੈ ਪਹਿਲੇ ਦੋ ਵਪਾਰ ਸਟਾਊਟਨ ਅਤੇ ਮੈਡੀਸਨ, ਸਾਡੀ ਨਿੱਜੀ ਤੌਰ ਤੇ ਮਲਕੀਅਤ ਸੀ। ਐਪਲਟਨ ਅਤੇ ਫੰਡੂਲਾਕ ਦੇ ਕਾਰੋਬਾਰਾਂ ਦਾ ਮਾਲਕ ਇਕ ਕੰਪਨੀ ਹੈ ਜਿਸ ਦਾ ਨਾਮ,"ਕਾਲੇਕਾ ਇੰਟਰਪ੍ਰਾਈਜਜ਼ ਐਲ.ਐਲ.ਸੀ." ਹੈ। ਮੈਂ ਆਡਿਟਰ ਨੂੰ ਦੱਸਿਆ ਕਿ ਅਸੀਂ ਰੋਜ਼ਾਨਾ ਦਾ ਰਿਕਾਰਡ ਬਣਾਉਂਦੇ ਹਾਂ ਅਤੇ ਮਹੀਨਾਵਾਰ ਇੱਕਠਾ ਕਰਕੇ ਅਸੀਂ ਟੈਕਸ ਭਰਦੇ ਹਾਂ। ਅਸੀਂ ਕਿਹਾ ਕਿ ਉਹ ਜਿਹੜਾ ਮਰਜ਼ੀ ਮਹੀਨਾ ਅਤੇ ਵਪਾਰ ਚੁੱਕ ਲਵੇ । ਉਸ ਨੇ ਐਪਲਟਨ ਦਾ ਵਪਾਰ ਚੁੱਕ ਲਿਆ। ਅਸੀਂ ਸਾਰੇ ਰਿਕਾਰਡ ਦੇ ਦਿੱਤੇ ਜੋ ਉਸ ਨੇ ਸਾਡੇ ਸੀ.ਪੀ.ਏ. ਮਿਸਟਰ ਸਕਾਟ, ਦੇ ਦਫ਼ਤਰ ਵਿਚ ਬੈਠ ਕੇ ਦੇਖੇ। ਸਾਰਾ ਹਿਸਾਬ ਕਿਤਾਬ ਬਿਲਕੁਲ ਠੀਕ ਨਿਕਲਿਆ।

**ਵਪਾਰ ਵੇਚਣਾ-** ਇਹ ਵਪਾਰ ਇੱਕ ਏਕੜ ਵਿਚ ਬਣਿਆ ਹੋਇਆ ਸੀ। ਇਸ ਵਿਚ ਇੱਕ ਆਟੋਮੈਟਿਕ ਅਤੇ ਦੋ ਮੈਨਿਊਲ ਕਾਰ ਵਾਸ਼ ਸਨ। ਇਸ ਸਟੋਰ ਦੀ ਦਿੱਖ

ਬਹੁਤ ਹੀ ਸੁੰਦਰ ਸੀ। ਇਸ ਵਪਾਰ ਦਾ ਵਿਕਰੇਤਾ ਗੋਰਾ ਸੀ ਤੇ ਉਹ ਰਿਟਾਇਰ ਹੋ ਚੁੱਕਾ ਸੀ। ਉਸ ਨੇ ਵਪਾਰ ਨੂੰ 7 ਲੱਖ ਦੀ ਸੇਲ ਤੇ ਲਾਇਆ ਸੀ। ਜੋ ਸਾਨੂੰ 3,62,000 ਵਿਚ ਮਿਲ ਗਿਆ। ਮੈਂ ਤੇ ਮੇਰੇ ਪੁੱਤਰ ਗੁਰਮੀਤ ਨੇ ਸੋਚਿਆ ਕਿ ਅਸੀਂ ਇਹ ਵਪਾਰ ਕਾਫ਼ੀ ਚੰਗੇ ਮੁਨਾਫ਼ੇ 'ਤੇ ਵੇਚ ਸਕਦੇ ਹਾਂ। ਅਸੀਂ ਮਿਲਵਾਕੀ ਦੇ ਇੱਕ ਅਖਬਾਰ ਮਿਲਵਾਕੀ ਜਰਨਲ ਵਿਚ ਇਸ ਦੀ ਸੇਲ ਦਾ ਇੱਕ ਇਸ਼ਤਿਹਾਰ ਦਿੱਤਾ ਅਤੇ ਇਸ ਦੀ ਕੀਮਤ 5,15,000 ਰੱਖੀ। ਮਿਲਵਾਕੀ ਵਿੱਚ ਕਾਫ਼ੀ ਭਾਰਤੀ ਓਪਰੇਟਰ ਰਹਿੰਦੇ ਸਨ। ਸਾਡੇ ਕੋਲ ਮਿਲਵਾਕੀ ਦਾ ਇੱਕ ਗਾਹਕ ਆਇਆ। ਉਸ ਨੇ 4,90,000 ਡਾਲਰ ਦੀ ਆਫਰ ਦਿੱਤੀ, ਜੋ ਅਸੀਂ ਮਨਜ਼ੂਰ ਕਰ ਲਈ। ਗਾਹਕ ਇੱਕ ਮੁਸਲਮਾਨ ਵਿਅਕਤੀ ਸੀ ਅਤੇ ਉਹ ਮਿਹਨਤ ਕਰ ਸਕਦਾ ਸੀ। ਉਸ ਦੀ ਪਤਨੀ ਅਮਰੀਕਨ ਸੀ। ਮੈਂ ਉਸ ਨੂੰ ਭਰੋਸਾ ਦਿਵਾਇਆ ਕਿ ਮੈਂ ਉਸ ਨੂੰ ਕਰਜ਼ੇ ਲੈਣ ਲਈ ਮਦਦ ਕਰਾਂਗਾ। ਇਹ ਉਸ ਦਾ ਪਹਿਲਾ ਕਰਜ਼ਾ ਸੀ, ਬੈਂਕ ਪਹਿਲਾ ਕਰਜ਼ਾ ਦੇਣ ਲਈ ਬਹੁਤ ਝਿਜਕਦੇ ਸਨ। ਸਾਡਾ ਐੱਮ ਐਂਡ ਆਈ ਬੈਂਕ ਤੋਂ ਪਿਆਰੇ ਦੋਸਤ, ਮਾਰਕ ਸਟਰ ਨੇ ਉਸ ਨੂੰ ਲੋਨ ਦੇ ਦਿੱਤਾ। ਅਸੀਂ ਵਪਾਰ ਵਿਚ 1,28,000 ਡਾਲਰ ਦਾ ਲਾਭ ਪ੍ਰਾਪਤ ਕਰਕੇ 2003 ਵਿਚ ਇਸ ਵਪਾਰ ਵਿਚੋਂ ਨਿਕਲ ਆਏ।

**ਫੰਡੂਲਾਕ ਦਾ ਜੀਵਨ–** ਸਾਡੇ ਕੋਲ ਦੋ ਕਮਰਿਆਂ ਵਾਲਾ ਫਲੈਟ ਸੀ। ਇਹ ਡਿਲਕਸ ਫਲੈਟ ਸੀ। ਹੇਠਾਂ ਗੈਰੇਜ ਵਿਚ ਸਾਡੀਆਂ ਦੋ ਕਾਰਾਂ ਖੜ੍ਹ ਜਾਂਦੀਆਂ ਸਨ। ਉਪਰਲੀ ਮੰਜ਼ਿਲ ਤੇ ਬੈੱਡਰੂਮ ਡਾਇਨਿੰਗ ਤੇ ਰਸੋਈ ਸੀ। ਇਸ ਘਰ ਵਿਚ ਅਸੀਂ ਮਾਰਚ 2003 ਤੱਕ ਰਹੇ। ਇਥੇ ਸਾਡਾ ਕਿਸੇ ਪਰਿਵਾਰ ਨਾਲ ਕੋਈ ਸਮਾਜਿਕ ਲੈਣ ਦੇਣ ਨਹੀਂ ਸੀ। ਸਮਾਜਿਕ ਜੀਵਨ ਲਈ ਹਾਲੇ ਵੀ ਅਸੀਂ ਐਪਲਟਨ, ਮਿਲਵਾਕੀ, ਮੈਡੀਸਨ ਅਤੇ ਸ਼ਿਕਾਗੋ ਹੀ ਜਾਂਦੇ ਸੀ। ਜਨਵਰੀ 2003 ਵਿਚ ਸਾਨੂੰ ਪੌਲ ਸਿਪਲ ਤੋਂ ਟੈਲੀਫੋਨ ਰਾਹੀ ਯੂ.ਐੱਸ ਆਇਲ ਕੰਪਨੀ ਦਾ ਸੁਨੇਹਾ ਮਿਲਿਆ। ਪੌਲ ਸਿਪਲ, ਯੂ.ਐੱਸ. ਆਇਲ ਕੰਪਨੀ ਦਾ ਸੀਨੀਅਰ ਅਫ਼ਸਰ ਸੀ, ਜੋ ਉਹਨਾਂ ਦੀਆਂ ਪ੍ਰਾਪਰਟੀ ਦੀ ਸੇਲ ਆਦਿਕ ਦੀ ਨਿਗਰਾਨੀ ਕਰਦਾ ਸੀ। ਉਸ ਨੇ ਵਿਸਥਾਰ ਨਾਲ ਦੱਸਿਆ ਕਿ ਯੂ.ਐੱਸ. ਆਇਲ ਕੰਪਨੀ ਦੇ ਅਫ਼ਸਰ, ਹਾਈਵੇਅ 41 'ਤੇ ਓਸ਼ਕੋਸ਼ ਸ਼ਹਿਰ ਵਿਚ ਤੁਹਾਨੂੰ ਟਰੱਕ ਸਟਾਪ ਵੇਚਣ ਲਈ ਗੱਲਬਾਤ ਕਰਨਾ ਚਾਹੁੰਦੇ ਹਨ। ਇਹ ਸਾਡੇ ਲਈ ਬਹੁਤ ਵੱਡੀ ਖਬਰ ਸੀ। ਜਿਵੇਂ ਰੱਬ ਨੇ ਛੱਪੜ ਪਾੜ ਕੇ ਸਾਨੂੰ ਕੋਈ ਚੀਜ਼ ਦੇਣੀ ਹੋਵੇ। ਹੁਣ ਸਾਡੇ ਕੋਲ ਫੰਡ ਵੀ ਕਾਫ਼ੀ ਸੀ ਅਤੇ ਵਪਾਰ ਚਲਾਉਣ ਦਾ ਤਜ਼ਰਬਾ ਵੀ ਸੀ। ਮੈਂ ਤੇ ਮੇਰੀ ਪਤਨੀ ਆਪਣੀਆਂ ਭਾਰਤੀ ਨੌਕਰੀਆਂ ਤੋਂ ਸੇਵਾ ਮੁਕਤ ਹੋ ਕੇ ਵਿਹਲੇ ਹੋ ਚੁੱਕੇ ਸੀ। ਸਾਡੇ ਵਿਚ ਅਮਰੀਕਾ ਕੁਝ ਸਾਲ ਹੋਰ ਮਿਹਨਤ ਕਰਨ ਦੀ ਇੱਛਾ ਵੀ ਸੀ। ਇੱਕ ਪੁੱਤਰ ਵਿਆਹੁਣ ਦੀ ਸਾਨੂੰ ਖੁਸ਼ੀ ਵੀ ਸੀ। ਅਸੀਂ ਹੁਣ ਤੱਕ ਪਟਿਆਲੇ ਵਿਚ ਆਪਣੇ ਲਈ ਇੱਕ ਘਰ ਵੀ ਬਣਾ ਲਿਆ ਸੀ।

ਹੁਣ ਤੱਕ ਯੂ.ਐੱਸ. ਆਇਲ ਕੰਪਨੀ ਵੀ ਸਾਨੂੰ ਬਹੁਤ ਚੰਗੀ ਤਰ੍ਹਾਂ ਜਾਣ ਚੁੱਕੀ ਸੀ। ਉਹਨਾਂ ਦੇ ਕਰੈਡਿਟ ਅਫ਼ਸਰ, ਕੈਵਿਨ ਡੋਜ, ਨੂੰ ਸਾਡੇ ਪ੍ਰਤੀ ਵਿਸ਼ੇਸ਼ ਸਤਿਕਾਰ ਸੀ। ਫਰਵਰੀ ਵਿਚ ਅਸੀਂ ਯੂ.ਐੱਸ ਆਇਲ ਕੰਪਨੀ ਦੇ ਵੱਡੇ ਅਫ਼ਸਰਾਂ ਨੂੰ ਮਿਲਣਾ ਸੀ। ਇਸ ਤੋਂ ਪਹਿਲਾਂ ਅਸੀਂ ਆਪਣੇ ਲੈਵਲ ਤੇ ਟਰੱਕ ਸਟਾਪ ਨੂੰ ਦੋ ਤਿੰਨ ਵਾਰ ਦੇਖਿਆ। ਗੁਰਮੀਤ ਨੂੰ ਇਹ ਬਹੁਤ ਵੱਡਾ ਵਪਾਰ ਲੱਗਦਾ ਸੀ। ਮੈਂ ਉਸ ਨੂੰ ਭਰੋਸਾ ਦਿਵਾਇਆ ਕਿ ਜੇ ਅਸੀਂ ਇਹ ਵਪਾਰ ਨਹੀਂ ਚਲਾ ਸਕਦੇ ਤਾਂ ਹੋਰ ਕੌਣ ਚਲਾਏਗਾ।

ਫਰਵਰੀ ਦੇ ਪਹਿਲੇ ਹਫ਼ਤੇ, ਮੈਂ ਤੇ ਵੱਡਾ ਪੁੱਤਰ ਗੁਰਮੀਤ ਸਿੰਘ ਯੂ.ਐੱਸ ਆਇਲ ਦੀ ਇੰਟਰਵਿਊ ਲਈ ਗਏ। ਕੰਪਨੀ ਨੇ ਸਾਨੂੰ ਬਹੁਤ ਸਤਿਕਾਰ ਨਾਲ ਸੰਬੋਧਨ ਕੀਤਾ। ਅਸੀਂ ਪਹਿਲਾਂ ਹੀ ਮਨ ਬਣਾ ਲਿਆ ਸੀ ਕਿ ਇਹ 10 ਏਕੜ ਵਿਚ ਫੈਲਿਆ ਹੋਇਆ ਕਾਰੋਬਾਰ ਚਲਾਉਣ ਲਈ ਸਾਨੂੰ ਮਿਹਨਤ ਤਾਂ ਬਹੁਤ ਕਰਨੀ ਪਵੇਗੀ ਪਰ ਕਾਮਯਾਬ ਅਸੀ ਜ਼ਰੂਰ  ਹੋਵਾਂਗੇ। ਮੀਟਿੰਗ ਵੇਲੇ ਮਿਸਟਰ ਬਿਲ, ਜੋ ਕਿ ਕੰਪਨੀ ਦੇ ਸੀਨੀਅਰ ਮੀਤ ਪ੍ਰਧਾਨ ਸਨ, ਨਾਲ ਕੀਮਤ ਤੇ ਗੱਲ ਹੋਈ। ਕੀਮਤ 14,50,000 ਡਾਲਰ ਸੀ। ਮੈਂ ਕਿਹਾ ਕਿ ਚੀਜ਼ ਤਾਂ ਤੁਹਾਡੀ ਇਸ ਨਾਲੋਂ ਵੀ ਜਿਆਦਾ ਹੈ ਪਰ ਸਾਡੇ ਕੋਲ ਪੈਸੇ ਘੱਟ ਹਨ। ਸਾਰੀ ਮੀਟਿੰਗ ਬੜੇ ਹੀ ਸੁਖਾਵੇ ਮਾਹੌਲ ਵਿਚ ਸ਼ੁਰੂ ਹੋਈ ਤੇ ਖਤਮ ਹੋਈ। ਮੀਟਿੰਗ ਖਤਮ ਹੋਣ ਤੋਂ ਪਹਿਲਾਂ ਮੈਂ ਸੀਨੀਅਰ ਵਾਈਸ ਪ੍ਰਧਾਨ ਨੂੰ ਬੇਨਤੀ ਕੀਤੀ ਲਗਪਗ ਦੋ ਲੱਖ ਦਾ ਸਟਾਕ ਹੈ। ਜੇ ਇਸ ਲਈ ਸਾਨੂੰ 1 ਮਹੀਨੇ ਦਾ ਸਮਾਂ ਦੇ ਦਿਓ ਤਾਂ ਬਹੁਤ ਮਿਹਰਬਾਨੀ ਹੋਵੇਗੀ। ਕੰਪਨੀ ਇਸ ਗੱਲ ਤੇ ਮੰਨ ਗਈ। ਇਹ ਸਾਡੇ ਲਈ ਬਹੁਤ ਰਾਹਤ ਵਾਲੀ ਗੱਲ ਸੀ। ਅਸੀਂ 14,50,000 ਦੀ ਕੀਮਤ ਲਈ ਮੰਨ ਗਏ। ਹੁਣ ਸਾਡੀ ਤਿੰਨ ਜਣਿਆਂ ਦੀ ਟੀਮ ਇੱਕ ਵੱਡੇ ਕਾਰੋਬਾਰ ਨੂੰ ਚਲਾਉਣ ਦੀ ਸਮਰਥਾ ਰੱਖਦੀ ਸੀ। ਗੁਰਮੀਤ ਦੀ ਪਤਨੀ ਜਿਸ ਦਾ ਸੁਭਾਅ  ਬਹੁਤ ਚੰਗਾ ਹੈ। ਉਹ ਵੀ ਸਲਾਹ ਮਸ਼ਵਰੇ ਵਿਚ ਪੂਰੀ ਦਿਲਚਸਪੀ ਰੱਖਦੀ ਸੀ। ਉਹ ਵਪਾਰ ਚਲਾਉਣ ਵਿਚ ਵੀ ਮਦਦ ਕਰਦੀ ਸੀ। ਉਸ ਨੇ ਵਪਾਰ ਦੇ ਸਾਰੇ ਖੇਤਰ ਜਲਦੀ ਹੀ ਪਰਪੱਕ ਕਰ ਲਏ। ਉਸ ਦਾ ਗਾਹਕਾਂ ਪ੍ਰਤੀ ਵਰਤਾਉ ਵੀ ਬਹੁਤ ਚੰਗਾ ਸੀ।

ਉਹ ਡਾਕਟਰੀ ਦੀ ਪ੍ਰੀਖਿਆ ਦੀ ਤਿਆਰੀ ਕਰ ਰਹੀ ਸੀ। ਅਸੀਂ ਚਾਰੇ ਜੀਅ ਇਕੋਂ ਹੀ ਛੱਤ ਹੇਠਾਂ ਰਹਿੰਦੇ ਸੀ। ਸਾਡੇ ਹੌਂਸਲੇ ਬੁਲੰਦ ਸਨ।

# ਪੰਜਵਾਂ ਵਪਾਰ
# ਟਰੱਕ ਸਟਾਪ 2003-2012

ਮਾਰਚ 2003 ਦਾ ਮਹੀਨਾ ਬਹੁਤ ਹੀ ਰੁਝੇਵਿਆਂ ਭਰਿਆ ਸੀ, ਕਿਉਂਕਿ ਇਸ ਵਾਰ ਸਾਨੂੰ ਐੱਮ.ਐਂਡ.ਆਈ.ਬੈਂਕ ਤੋਂ ਬਹੁਤ ਵੱਡਾ ਲੋਨ ਚਾਹੀਦਾ ਸੀ। ਪਹਿਲੇ ਕਾਰੋਬਾਰਾਂ ਨਾਲੋਂ ਇਸ ਵਪਾਰ ਦੀ ਕੀਮਤ ਵੀ ਬਹੁਤ ਵੱਧ ਸੀ।ਮੈਡੀਸਨ ਵਾਲੇ ਵਪਾਰ ਵਿਚ ਅਸੀਂ 30% ਤੋਂ ਵੱਧ ਵੀ ਡਾਊਨ ਪੇਮੈਂਟ ਦਿੱਤੀ। ਤੀਸਰੇ ਵਪਾਰ ਐਪਲਟਨ ਵਿਚ ਅਸੀਂ 25% ਡਾਊਨ ਪੇਮੈਂਟ ਕੀਤੀ। ਇਸ ਵਾਰ ਸਾਡੇ ਕੋਲ ਟਰੱਕ ਸਟਾਪ ਦੀ ਕੀਮਤ ਦਾ ਸਿਰਫ 8% ਹੀ ਸੀ ਜੋ ਅਸੀਂ ਦੇ ਸਕਦੇ ਸੀ। ਮੈਂ ਤੇ ਮੇਰੇ ਲੜਕੇ ਗੁਰਮੀਤ ਸਿੰਘ ਨੇ ਪ੍ਰੋਜੈਕਟ ਬਣਾਇਆ ਜਿਸ ਦਾ ਆਧਾਰ ਟਰੱਕ ਸਟਾਪ ਦੀ ਪਿਛਲੇ ਸਾਲ (2002) ਦੀ ਆਮਦਨੀ ਦੇ ਆਧਾਰ ਤੇ ਹੋਇਆ ਕੁਲ ਮੁਨਾਫ਼ਾ 5 ਲੱਖ 32 ਹਜ਼ਾਰ ਡਾਲਰ ਸੀ। ਅਮਰੀਕਾ ਵਿੱਚ ਵਿਤੀ ਸਾਲ ਜਨਵਰੀ ਤੋਂ ਦਸੰਬਰ ਤਕ ਦਾ ਹੁੰਦਾ ਹੈ। ਦੂਜੇ ਖ਼ਰਚਿਆਂ ਵਿੱਚ ਤਨਖਾਹਾਂ ਤੋਂ ਇਲਾਵਾ ਅਸੀਂ ਅਦਲਾ-ਬਦਲੀ ਨਹੀਂ ਸੀ ਕਰ ਸਕਦੇ। ਇਹ ਵਪਾਰ ਨੂੰ ਚਲਾਉਣ ਵਾਲੀ ਯੂ ਐੱਸ ਆਇਲ ਕੰਪਨੀ, ਅਮਰੀਕਾ ਦੀਆਂ ਵੱਡੀਆਂ ਤੇਲ ਕੰਪਨੀਆਂ ਵਿਚੋਂ ਇੱਕ ਸੀ। ਇਹ ਕੰਪਨੀ ਕਿਸੇ ਕਾਰੋਬਾਰ ਨੂੰ ਚਲਾਉਣ ਵਾਸਤੇ ਵਿਸਥਾਰਪੂਰਵਕ ਪ੍ਰਬੰਧ ਬਣਿਆ ਹੁੰਦਾ ਹੈ। ਜਿਸ ਵਿਚ ਇੱਕ ਮੈਨੇਜਰ, ਛੋਟਾ ਮੈਨੇਜਰ ਅਤੇ ਹੋਰ ਕਰਮਚਾਰੀ ਕੰਮ ਕਰਨ ਵਾਲੇ ਹੁੰਦੇ ਹਨ। ਇਸ ਕੰਪਨੀ ਦਾ ਤਨਖਾਹਾਂ ਦਾ ਖ਼ਰਚਾ ਲਗਪਗ 2 ਲੱਖ ਡਾਲਰ ਤੋਂ ਵੱਧ ਦਾ ਸੀ। ਕਰਮਚਾਰੀਆਂ ਦੇ ਤਨਖਾਹਾਂ ਦੇ ਖ਼ਰਚੇ ਉੱਤੇ ਕੰਪਨੀ ਦੇ ਮਾਲਕ ਨੂੰ ਹੋਰ ਟੈਕਸ ਵੀ ਦੇਣਾ ਪੈਂਦਾ ਹੈ। ਸਾਡੀ ਬੈਂਕ ਦੀ ਕਿਸ਼ਤ ਲਗਪਗ 12 ਹਜ਼ਾਰ ਡਾਲਰ ਮਹੀਨਾ ਬਣਦੀ ਸੀ। ਦੂਜੇ ਸ਼ਬਦਾਂ ਵਿਚ ਸਾਡੀ ਬੈਂਕ ਨੂੰ ਸਾਲਾਨਾ ਲਗਪਗ ਡੇਢ ਲੱਖ ਡਾਲਰ ਦੀ ਅਦਾਇਗੀ ਬਣਦੀ ਸੀ। ਅਸੀਂ ਇੰਟਰਵਿਊ ਵਾਲੇ ਦਿਨ ਬੈਂਕ ਦੇ ਸੀਨੀਅਰ ਅਫ਼ਸਰ, ਮਾਰਕ ਸਟਰ ਕੋਲ ਪ੍ਰੋਜੈਕਸ਼ਨ ਬਣਾ ਕੇ ਲੈ ਗਏ। ਮੈਂ ਤੇ ਮੇਰਾ ਪੁੱਤਰ ਗੁਰਮੀਤ ਸਿੰਘ ਨੇ ਮਾਰਕ ਸਟਰ ਨੂੰ ਸਮਝਾਇਆ ਕਿ ਮੈਂ, ਮੇਰੀ ਪਤਨੀ ਜਸਮਿੰਦਰ ਕੌਰ ਅਤੇ ਮੇਰਾ ਵੱਡਾ ਪੁੱਤਰ ਗੁਰਮੀਤ ਹਫ਼ਤੇ ਦੇ ਸੱਤੋ ਦਿਨ ਹੀ ਕੰਮ ਕਰਾਂਗੇ। ਅਸੀਂ ਆਪਣੀ ਮਦਦ ਲਈ 24 ਘੰਟਿਆਂ ਵਾਸਤੇ ਗੋਰੇ ਕਾਮੇ, ਕੈਸ਼ ਰਜਿਸਟਰ ਤੇ ਰੱਖਾਂਗੇ। ਉਹਨਾਂ ਦਿਨਾਂ ਵਿਚ ਚੰਗਾ ਕਾਮਾ 7 ਡਾਲਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਮਿਲ ਜਾਂਦਾ ਸੀ। ਇਸ ਤਰ੍ਹਾਂ ਅਸੀਂ ਕਾਮਿਆਂ ਦੀ ਤਨਖਾਹ ਦਾ ਖ਼ਰਚਾ ਲਗਪਗ 60,000 ਡਾਲਰ ਸਾਲ ਦਾ ਦਿਖਾਇਆ। ਸਾਡੇ ਰੋਜ਼ਾਨਾ ਘਰ ਦੇ ਖ਼ਰਚਿਆਂ ਨੂੰ ਚਲਾਉਣ

ਲਈ ਐਪਲਟਨ ਦੇ ਵਪਾਰ ਤੋਂ 3200 ਡਾਲਰ ਕਿਰਾਇਆ ਵੀ ਆਉਂਦਾ ਸੀ, ਜੋ ਸਾਡੇ ਸਾਦੇ ਜੀਵਨ ਦੇ ਨਿਰਬਾਹ ਲਈ ਕਾਫ਼ੀ ਸੀ। ਕੁਝ ਆਮਦਨ ਸਾਨੂੰ ਮੈਡੀਸਨ ਵਾਲੇ ਸਟੋਰ ਤੋਂ ਵੀ ਆਉਂਦੀ ਸੀ।

ਟਰੱਕ ਸਟਾਪ, ਆਪਣੇ ਹੀ ਕਿਸਮ ਦਾ ਕਾਰੋਬਾਰ ਸੀ ਅਤੇ ਹੁਣ ਤੱਕ ਦੇ ਸਾਰੇ ਕਾਰੋਬਾਰਾਂ ਨਾਲੋਂ ਵੱਡਾ ਸੀ, ਜੋ ਅਸੀਂ 1 ਅਪ੍ਰੈਲ 2003 ਤੋਂ ਚਲਾਉਣਾ ਸੀ। ਅਸੀਂ ਯੂ.ਐੱਸ ਆਇਲ ਕੰਪਨੀ ਦੇ ਮਾਲਕ ਨੂੰ ਕਿਹਾ ਕਿ ਕੁਝ ਦਿਨਾਂ ਲਈ ਸਾਨੂੰ ਕੁਝ ਕਾਮੇ ਦੇ ਦਿਓ ਤਾਂ ਜੋ ਸਾਨੂੰ ਵਪਾਰ ਦੀ ਵਾਕਫ਼ੀ ਹੋ ਜਾਵੇ। ਮਾਰਕ ਸਟਰ ਜੋ ਬੈਂਕ ਦਾ ਸੀਨੀਅਰ ਅਫ਼ਸਰ ਸੀ, ਨੂੰ ਉਮੀਦ ਸੀ ਕਿ ਅਸੀਂ ਕਾਮਯਾਬ ਜ਼ਰੂਰ ਹੋਵਾਂਗੇ। ਉਸ ਨੇ ਸਾਡੀ ਕਾਮਯਾਬੀ ਐਪਲਟਨ ਅਤੇ ਫੰਡੂਲਾਕ ਦੇ ਵਪਾਰਾਂ ਵਿਚ ਦੇਖ ਲਈ ਸੀ। ਉਸ ਨੇ ਸਾਨੂੰ ਦੱਸਿਆ ਕਿ ਉਹ ਇੰਨਾਂ ਵੱਡਾ ਕਰਜ਼ਾ ਏਨੀ ਘੱਟ ਡਾਊਨ ਪੇਮੈਂਟ ਤੇ ਨਹੀਂ ਦੇ ਸਕਦੇ। ਇਸ ਕਰਕੇ ਉਹਨਾਂ ਦੇ ਬੈਂਕ ਨੂੰ ਫੈਡਰਲ ਗੌਰਮਿੰਟ ਦੀ ਸਹਾਇਤਾ ਲੈਣੀ ਪਵੇਗੀ। ਫੈਡਰਲ ਗੌਰਮਿੰਟ, ਸਮਾਲ ਬਿਜ਼ਨਸ ਐਡਮਿਨੀਸਟ੍ਰੇਸ਼ਨ ਲੋਨ ਉੱਤੇ ਬੈਂਕ ਨੂੰ ਗਾਰੰਟੀ ਦਿੰਦੀ ਹੈ ਅਤੇ ਇਸ ਗਾਰੰਟੀ ਦਾ 3% ਲੋਨ ਲੈਣ ਵਾਲੇ ਤੋਂ ਚਾਰਜ ਕਰਦੀ ਹੈ। ਇਸ ਨਾਲ ਬੈਂਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ। ਸਾਡੇ ਕੋਲ ਕਰਜ਼ੇ ਲਈ ਕੁੱਲ ਕੀਮਤ ਦਾ ਲਗਪਗ 8% ਹੀ ਨਕਦ ਤਿਆਰ ਸੀ। ਮਾਰਕ ਸਟਰ ਨੇ ਸਾਨੂੰ ਆਖਿਆ ਕਿ ਕੀਮਤ ਦਾ ਘੱਟ ਤੋਂ ਘੱਟ 10% ਪੈਸਾ ਸਾਨੂੰ ਦੇਣਾ ਪਵੇਗਾ। ਇਸ ਤੋਂ ਇਲਾਵਾ ਯੂ.ਐੱਸ ਆਇਲ ਕੰਪਨੀ ਨੇ ਸਾਡੇ ਤੋਂ ਇੱਕ ਲੱਖ ਡਾਲਰ ਦਾ ਲੈਟਰ ਆਫ ਕਰੈਡਿਟ ਵੀ ਮੰਗਿਆ। ਇਹ ਲੈਟਰ ਆਫ ਕਰੈਡਿਟ ਜੋ ਬੈਂਕ ਨੇ ਯੂ.ਐੱਸ ਆਇਲ ਕੰਪਨੀ ਨੂੰ ਦੇਣਾ ਸੀ, ਉਹ ਵੀ ਇੱਕ ਲੱਖ ਡਾਲਰ ਦਾ ਕਰਜ਼ਾ ਹੀ ਸੀ। ਅਸੀਂ 1,78,000 ਡਾਲਰ ਦੇ ਸਟਾਕ ਦੇ ਪੈਸੇ ਵੀ ਯੂ.ਐੱਸ ਆਇਲ ਕੰਪਨੀ ਨੂੰ ਇਕ ਮਹੀਨੇ ਵਿਚ ਦੇਣੇ ਸਨ। ਸਾਡੇ ਸਾਧਨ ਬਹੁਤ ਸੀਮਤ ਸਨ ਅਤੇ ਧਨ ਦਾ ਪ੍ਰਬੰਧ ਕਰਨਾ ਔਖਾ ਸੀ ਪਰ ਫਿਰ ਵੀ ਅਸੀਂ ਹੌਂਸਲਾ ਨਹੀਂ ਛੱਡਿਆ। ਇਹ ਪ੍ਰਬੰਧ ਅਸੀਂ ਕਿਵੇਂ ਕੀਤਾ, ਵਿਸਥਾਰ ਇਸ ਪ੍ਰਕਾਰ ਹੈ :-

1. ਅਸੀਂ ਮੇਰੇ ਛੋਟੇ ਭਰਾ ਸਤਵੰਤ ਸਿੰਘ ਤੋਂ 20,000 ਡਾਲਰ ਦੋ ਮਹੀਨਿਆਂ ਲਈ ਉਧਾਰ ਮੰਗੇ। ਇਸ ਪਰਸਨਲ ਲੋਨ ਨਾਲ ਅਸੀਂ ਬੈਂਕ ਨੂੰ ਡਾਊਨ ਪੇਮੈਂਟ ਦਾ ਹਿੱਸਾ 1,50,000 ਡਾਲਰ ਦੇ ਸਕੇ। ਬਾਕੀ ਸਾਰਾ ਬੈਂਕ ਦਾ ਹੀ ਕਰਜ਼ਾ ਸੀ। ਬੈਂਕ ਦਾ ਪਹਿਲਾ ਕਰਜ਼ਾ 13 ਲੱਖ ਡਾਲਰ ਸੀ ਜੋ 7% ਵਿਆਜ ਨਾਲ ਬਾਰ੍ਹਾਂ ਸਾਲਾਂ ਵਿਚ ਮੋੜਨਾ ਸੀ।

2. ਜੋ ਲੈਟਰ ਆਫ ਕਰੈਡਿਟ ਬੈਂਕ ਨੇ ਯੂ.ਐੱਸ ਆਇਲ ਕੰਪਨੀ ਨੂੰ ਦੇਣਾ ਸੀ ਉਹ ਵੀ ਕਰਜ਼ਾ ਹੀ ਸੀ। ਇਹ ਲੈਟਰ ਆਫ ਕਰੈਡਿਟ ਹਰ ਸਾਲ ਰਿਨਿਊ ਹੁੰਦਾ ਹੈ ਤੇ ਇਸ ਦਾ ਵੀ ਵਿਆਜ ਕਰਜ਼ਦਾਰ ਨੂੰ ਭਰਨਾ ਪੈਂਦਾ ਹੈ।

3. ਬੈਂਕ ਨੇ 3% ਗਾਰੰਟੀ ਦਾ ਪੈਸਾ ਵੀ ਗੌਰਮਿੰਟ ਨੂੰ ਦਿੱਤਾ ਅਤੇ ਸਾਡੇ

ਕਰਜ਼ੇ ਦੀ ਕੀਮਤ ਵਿਚ ਜੋੜ ਦਿੱਤਾ। ਸੋ ਹੁਣ ਸਾਡਾ ਸਾਰਾ ਕਰਜ਼ਾ 14 ਲੱਖ 40 ਹਜ਼ਾਰ ਬਣ ਗਿਆ ਸੀ। ਕਰਜ਼ਾ ਮਨਜ਼ੂਰ ਹੋ ਗਿਆ। ਸਾਰੀਆਂ ਫਾਰਮੈਲਟੀਆਂ ਪੂਰੀਆਂ ਹੋ ਕੇ 1 ਅਪ੍ਰੈਲ 2003 ਨੂੰ ਅਸੀਂ ਨਵਾਂ ਵਪਾਰ ਸ਼ੁਰੂ ਕੀਤਾ।

ਸਾਡੇ ਕੋਲ ਯੂ.ਐਸ ਆਇਲ ਕੰਪਨੀ ਦਾ ਸਟਾਫ਼ ਹੀ ਕੰਮ ਕਰ ਰਿਹਾ ਸੀ। ਸਾਡੇ ਕੋਲ ਗੈਸ ਤੇ ਡੀਜ਼ਲ ਦਾ ਸਟਾਕ ਤਿੰਨ ਦਿਨਾਂ ਤੱਕ ਦਾ ਪਿਆ ਸੀ। ਸਾਨੂੰ ਗਰੋਸਰੀ ਆਦਿ ਦੇ ਥੋਕ ਫਰੋਸ਼ ਜਾਣਦੇ ਸਨ, ਸਾਡਾ ਹਿਸਾਬ ਤਕਰੀਬਨ ਸੱਤ ਕੁ ਦਿਨਾਂ ਵਿਚ ਸੈੱਟ ਹੋ ਗਿਆ। ਬੀਅਰ ਤੇ ਲਿਕਰ ਦੀਆਂ ਕੰਪਨੀਆਂ ਵੀ ਸਾਨੂੰ ਜਾਣਦੀਆਂ ਸਨ। ਇਸ ਵਪਾਰ ਤੱਕ ਪਹੁੰਚਣ ਲਈ ਸਾਨੂੰ ਕਾਫ਼ੀ ਮਿਹਨਤ ਅਤੇ ਸੰਜਮ ਤੋਂ ਕੰਮ ਲੈਣਾ ਪਿਆ। ਮੇਰੀ ਪਤਨੀ ਦਾ ਰਿਟਾਇਮੈਂਟ ਦਾ ਮਿਲਿਆ ਹੋਇਆ ਪੈਸਾ ਪਟਿਆਲੇ ਹੀ ਪਿਆ ਸੀ। ਪਟਿਆਲੇ ਵਿਖੇ ਅਸੀਂ ਨਵਾਂ ਮਕਾਨ ਬਣਾ ਲਿਆ ਸੀ, ਜਿਸ ਦੀ ਸਾਨੂੰ ਬਹੁਤ ਤਸੱਲੀ ਸੀ। ਪਟਿਆਲਾ ਸ਼ਹਿਰ ਜਿਥੇ ਸਾਡੀਆਂ ਚਾਰ ਪੀੜੀਆਂ ਰਹੀਆਂ ਹਨ, ਨਾਲ ਸਾਡੀਆਂ ਬਹੁਤ ਯਾਦਾਂ ਜੁੜੀਆਂ ਸਨ। ਸਾਡਾ ਘਰ, ਮੇਰੇ ਸਹੁਰਾ ਸਾਹਿਬ ਦੇ ਗੁਆਂਢ ਵਿਚ ਸੀ ਤੇ ਸਾਡੇ ਮਕਾਨਾਂ ਵਿਚਾਲੇ ਕੋਈ ਦੀਵਾਰ ਨਹੀਂ ਸੀ। ਇਸ ਕਰਕੇ ਰਿਸ਼ਤੇਦਾਰ ਸਾਡੀ ਗ਼ੈਰਹਾਜ਼ਰੀ ਵਿਚ ਸਾਡੇ ਘਰ ਦੀ ਦੇਖਭਾਲ ਕਰ ਰਹੇ ਸਨ। ਅਸੀਂ ਭਾਰਤ ਤੋਂ ਜਾਂਦੇ ਹੋਏ 1992 ਵਿਚ ਆਪਣੀ ਸਾਰੀ ਜ਼ਮੀਨ ਵੇਚ ਚੁੱਕੇ ਸੀ। ਅਸੀਂ ਜ਼ਮੀਨ ਦਾ ਨਾ ਹੋਣਾ ਵੀ ਬਹੁਤ ਮਹਿਸੂਸ ਕਰਦੇ ਸੀ।ਪਰ ਹੁਣ ਕੁਝ ਵੀ ਨਹੀਂ ਸੀ ਹੋ ਸਕਦਾ ਕਿਉਂਕਿ 1992 ਤੋਂ ਬਾਅਦ ਹੁਣ ਦੇ ਸਮੇਂ ਵਿਚ ਜ਼ਮੀਨ ਬਹੁਤ ਮਹਿੰਗੀ ਹੋ ਗਈ ਸੀ। ਇਸ ਤੋਂ ਇਲਾਵਾ ਵੀ, ਅਸੀਂ ਆਪਣੇ ਆਪ ਨੂੰ ਸਮਝਾਇਆ ਕਿ ਜੇ ਹੁਣ ਸਾਡੇ ਕੋਲ ਜ਼ਮੀਨ ਵੀ ਹੁੰਦੀ ਤਾਂ ਇਸ ਦੀ ਦੇਖਭਾਲ ਕਰਨੀ ਬਹੁਤ ਮੁਸ਼ਕਿਲ ਹੋਣੀ ਸੀ।

ਪਹਿਲੀ ਅਪ੍ਰੈਲ 2003 ਨੂੰ ਅਸੀਂ ਵਪਾਰ ਬੜੇ ਚਾਅ ਮਲਾਰ ਨਾਲ ਸ਼ੁਰੂ ਕੀਤਾ। ਕਾਰੋਬਾਰ ਦੀਆਂ ਲੋੜਾਂ ਸਾਨੂੰ ਪਹਿਲਾਂ ਹੀ ਪਤਾ ਸੀ। ਸਿਰਫ਼ ਇਕੋ ਫ਼ਰਕ ਸੀ ਕਿ ਇਸ ਵਪਾਰ ਦਾ ਸਾਇਜ਼ ਬਹੁਤ ਵੱਡਾ ਸੀ। 10 ਏਕੜ ਜ਼ਮੀਨ ਵਿੱਚੋਂ 6 ਏਕੜ ਜ਼ਮੀਨ ਪੂਰੀ ਤਰ੍ਹਾਂ ਡਿਵੈਲਪ ਸੀ। 54 ਟਰੱਕਾਂ ਵਾਸਤੇ ਤੇ 58 ਕਾਰਾਂ ਲਈ ਪਾਰਕਿੰਗ ਬਣੀ ਹੋਈ ਸੀ। ਟਰੱਕਾਂ ਤੇ ਕਾਰਾਂ ਵਾਸਤੇ ਅਲੱਗ-ਅਲੱਗ ਕੈਨੋਪੀਆਂ ਬਣੀਆਂ ਹੋਈਆਂ ਸਨ। 8 ਕਾਰਾਂ ਇਕੋਂ ਸਮੇਂ ਪੈਟਰੋਲ ਪੁਆ ਸਕਦੀਆਂ ਸਨ। ਤਿੰਨ ਜਾਂ ਚਾਰ ਟਰੱਕ ਇੱਕੋ ਸਮੇਂ ਵਿਚ ਡੀਜ਼ਲ ਪੁਆ ਸਕਦੇ ਸਨ। ਕਾਰਾਂ ਦਾ ਸੈਕਸ਼ਨ ਟਰੱਕ ਸਟਾਪ ਵੜਦੇ ਹੀ ਆਉਂਦਾ ਸੀ। ਟਰੱਕਾਂ ਦਾ ਸੈਕਸ਼ਨ ਬਹੁਤ ਪਿੱਛੇ ਹੱਟ ਕੇ ਸੀ। ਦੋਵਾਂ ਕਾਰਾਂ ਤੇ ਡੀਜ਼ਲ ਸੈਕਸ਼ਨ ਵਿਚਾਲੇ 5 ਹਜ਼ਾਰ ਮੁਰੱਬਾ ਫੁੱਟ ਦਾ ਸਟੋਰ ਸੀ। ਜਿਸ ਦਾ ਇੱਕ ਦਰਵਾਜ਼ਾ ਕਾਰਾਂ ਵਾਲੇ ਸੈਕਸ਼ਨ ਵੱਲ ਖੁਲ੍ਹਦਾ ਸੀ ਤੇ ਇੱਕ ਡੀਜ਼ਲ ਵੱਲ ਖੁੱਲ੍ਹਦਾ ਸੀ। ਦੋਵੇਂ ਪਾਸੇ ਕਰੈਡਿਟ ਕਾਰਡ ਦੀਆਂ ਸੁਵਿਧਾਵਾਂ ਸਨ।

ਜੂਨ 2003 ਵਿਚ ਮੈਨੂੰ ਤੇ ਮੇਰੀ ਪਤਨੀ ਨੂੰ ਛੋਟੇ ਲੜਕੇ ਗੁਰਜੀਤ ਸਿੰਘ ਦੇ

ਵਿਆਹ ਲਈ ਭਾਰਤ ਆਉਣਾ ਪਿਆ। ਛੋਟਾ ਲੜਕਾ ਗੁਰਜੀਤ ਜਿਸ ਨੇ ਮੈਮੋਰੀਅਲ ਯੂਨੀਵਰਸਿਟੀ ਨਿਊ ਫਾਊਂਡ ਲੈਂਡ, ਕੈਨੇਡਾ ਤੋਂ ਐੱਮ ਡੀ ਕਰ ਲਈ ਸੀ ਅਤੇ ਉਸ ਨੂੰ ਰੈਸੀਡੈਂਸੀ ਵਾਸਤੇ ਜਿਊਇਸ਼ ਹਸਪਤਾਲ, ਸਿਨਸਿਨਾਟੀ ਸ਼ਹਿਰ, ਓਹਾਇਓ ਸਟੇਟ, ਅਮਰੀਕਾ ਵਿਖੇ ਦਾਖ਼ਲਾ ਮਿਲ ਗਿਆ। ਅਸੀਂ ਪਹਿਲਾਂ ਹੀ ਪੰਜਾਬ ਦੇ ਕੁਝ ਪਰਿਵਾਰਾਂ ਨਾਲ ਗੱਲ ਚਲਾਈ ਹੋਈ ਸੀ। ਸਾਡਾ ਲੜਕਾ ਚਾਹੇ ਡਾਕਟਰ ਸੀ, ਪਰ ਉਹ ਡਾਕਟਰ ਲੜਕੀ ਨਾਲ ਵਿਆਹ ਨਹੀਂ ਕਰਵਾਉਣਾ ਚਾਹੁੰਦਾ ਸੀ। ਉਸ ਦੀ ਦਿਲਚਸਪੀ ਲੜਕੀ ਦੀ ਸੁੰਦਰਤਾ ਵੱਲ ਸੀ। ਭਾਰਤ ਆ ਕੇ ਅਸੀਂ ਕੁਝ ਪਰਿਵਾਰਾਂ ਨਾਲ ਗੱਲ ਕੀਤੀ। ਅੰਮ੍ਰਿਤਸਰ ਸ਼ਹਿਰ ਦੇ ਇਕ ਡਾਕਟਰ ਪਰਿਵਾਰ ਦੀ ਲੜਕੀ ਜੋ ਖੁਦ ਵੀ ਡਾਕਟਰ ਸੀ ਦੇ ਨਾਲ ਉਸ ਦਾ ਵਿਆਹ ਹੋ ਗਿਆ। 4 ਦਿਨਾਂ ਦੇ ਨੋਟਿਸ ਤੇ ਇਹ ਵਿਆਹ 14 ਜੂਨ 2003 ਨੂੰ ਸਾਰੇ ਰੀਤੀ ਰਿਵਾਜਾਂ ਨਾਲ ਸੰਪੂਰਨ ਹੋ ਗਿਆ। ਗੁਰਜੀਤ ਸਿੰਘ 18 ਜੂਨ 2003 ਨੂੰ ਵਾਪਸ ਅਮਰੀਕਾ ਚਲਾ ਗਿਆ। ਵੱਡੇ ਪੁੱਤਰ ਗੁਰਮੀਤ ਸਿੰਘ ਦਾ ਵਿਆਹ ਤੇ ਆਉਣਾ ਸਾਨੂੰ ਮੁਸ਼ਕਿਲ ਜਿਹਾ ਲੱਗ ਰਿਹਾ ਸੀ। ਇਸ ਨਵੇਂ ਵਪਾਰ ਟਰੱਕ ਸਟਾਪ ਵਿਚ ਕੈਸ਼ ਫਲੋਅ ਬਹੁਤ ਸੀ ਤੇ ਚੰਗੇ ਦਿਨਾਂ ਵਿਚ ਇਸ ਦੀ ਸੇਲ 50,000 ਡਾਲਰ ਸੀ। ਮੈਂ ਦਿਲ ਤੇ ਪੱਥਰ ਰੱਖ ਕੇ ਆਪਣੇ ਵੱਡੇ ਪੁੱਤਰ ਨੂੰ ਸੁਝਾਓ ਦਿੱਤਾ ਕਿ ਉਹ ਵਿਆਹ ਤੇ ਨਾ ਹੀ ਆਵੇ। ਵਿਆਹ ਬੜੇ ਅਰਮਾਨਾਂ ਨਾਲ ਹੋਇਆ।

ਇਸ ਕਾਰੋਬਾਰ ਨੇ ਸਾਨੂੰ ਆਰਥਿਕ ਸਥਿਰਤਾ ਹੀ ਨਹੀਂ ਦਿੱਤੀ ਬਲਕਿ ਸਾਡਾ ਸਮਾਜਿਕ ਰੁਤਬਾ ਵੀ ਉੱਚਾ ਕੀਤਾ। ਜਦੋਂ ਵੀ ਅਸੀਂ ਮਿਲਵਾਕੀ ਮੇਰੇ ਭਰਾਵਾਂ ਸਤਵੰਤ ਸਿੰਘ (ਸ਼ਹੀਦ) ਅਤੇ ਗੁਰਵੰਤ ਸਿੰਘ ਨੂੰ ਮਿਲਣ ਜਾਂਦੇ ਸੀ, ਉਹ ਸਾਨੂੰ ਇਸ ਤਰ੍ਹਾਂ ਹੀ ਮਿਲਾਉਂਦੇ ਸੀ ਕਿ ਇਹਨਾਂ ਦਾ ਆਸ਼ਕਾਸ਼ ਵਿਚ ਹਾਈਵੇਅ 41 ਤੇ ਟਰੱਕ ਸਟਾਪ ਹੈ। ਜਨਵਰੀ 2007 ਵਿਚ ਮੈਂ ਅਮਰੀਕਾ ਦੇ ਵਪਾਰ ਤੋਂ ਵੀ ਰਿਟਾਇਰ ਹੋ ਗਿਆ। ਉਸ ਸਮੇਂ ਤੱਕ ਮੇਰੇ ਵੱਡੇ ਪੁੱਤਰ ਗੁਰਮੀਤ ਸਿੰਘ ਨੂੰ ਵਪਾਰ ਕਰਨ ਦਾ ਬਹੁਤ ਤਜ਼ਰਬਾ ਹੋ ਚੁੱਕਾ ਸੀ। ਉਹ ਟਰੱਕ ਸਟਾਪ ਖੁਦ ਚਲਾ ਰਿਹਾ ਸੀ ਤੇ ਦੂਜੇ ਕਾਰੋਬਾਰਾਂ ਦੀ ਨਿਗਰਾਨੀ ਵੀ ਕਰ ਰਿਹਾ ਸੀ। ਉਸ ਨੇ ਇਸ ਵਪਾਰ ਨੂੰ ਬਹੁਤ ਸਾਲ ਕਾਫ਼ੀ ਮੁਨਾਫ਼ੇ ਨਾਲ ਚਲਾਇਆ।

ਉਸ ਨੇ ਇਹ ਵਪਾਰ ਜੁਲਾਈ 2012 ਵਿਚ 18 ਲੱਖ ਡਾਲਰ ਵਿਚ ਵੇਚ ਦਿੱਤਾ। ਬੈਂਕ ਦੀਆਂ ਸਾਰੀਆਂ ਅਦਾਇਗੀਆਂ ਅਦਾ ਕਰਕੇ ਮੇਰੇ ਲੜਕੇ ਨੂੰ 9 ਲੱਖ ਡਾਲਰ ਨਕਦ ਬਚਿਆ। ਉਸ ਨੇ ਇਹ ਸਾਰੀ ਨਗਦੀ ਇੱਕ ਆਫਿਸ ਕੰਪਲੈਕਸ 22 ਲੱਖ ਡਾਲਰ ਵਿਚ ਖ਼ਰੀਦਣ ਵਿਚ ਲਾ ਦਿੱਤੀ। ਇਸ ਆਫਿਸ ਕੰਪਲੈਕਸ ਦੀ ਬਿਲਡਿੰਗ ਦਾ ਕਿਰਾਇਆ 35 ਹਜ਼ਾਰ ਡਾਲਰ ਪ੍ਰਤੀ ਮਹੀਨਾ ਹੈ। ਇਹ ਆਫਿਸ ਬਿਲਡਿੰਗ, ਜੋ ਮੁਢ ਵਿਚ 47 ਲੱਖ ਡਾਲਰ ਨਾਲ ਬਣੀ ਸੀ, ਇਹ ਗੁਰਮੀਤ ਸਿੰਘ ਲਈ ਅਮਰੀਕਨ ਆਰਿਥਕ ਮੰਦਵਾੜੇ ਦਾ ਕਾਫ਼ੀ ਵੱਡਾ ਤੋਹਫ਼ਾ ਹੈ।

# 11 ਏਕੜ ਦਾ ਘਰ ਅਤੇ ਤਿੰਨ ਵਪਾਰ 2005

ਹੁਣ ਤੱਕ ਸਾਡੇ ਕੋਲ ਤਿੰਨ ਵਪਾਰ ਸਨ ਜਿਸ ਦਾ ਅਸੀਂ ਪ੍ਰਬੰਧ ਕਰ ਰਹੇ ਸੀ। ਮੈਂ ਤੇ ਮੇਰਾ ਵੱਡਾ ਲੜਕਾ ਗੁਰਮੀਤ ਸਿੰਘ ਸਿੱਧੇ ਤੌਰ ਤੇ ਟਰੱਕ ਸਟਾਪ ਚਲਾ ਰਹੇ ਸੀ। ਦੂਜਾ ਵਪਾਰ ਐਪਲਟਨ ਵਿਖੇ ਕਿਰਾਏ ਤੇ ਦਿੱਤਾ ਹੋਇਆ ਸੀ ਜਿਸ ਦਾ ਕਿਰਾਇਆ 3200 ਡਾਲਰ ਪ੍ਰਤੀ ਮਹੀਨਾ ਆ ਰਿਹਾ ਸੀ। ਇਹ ਕਿਰਾਏਦਾਰ ਕਾਫ਼ੀ ਜ਼ਿੰਮੇਵਾਰ ਸੀ ਤੇ ਕਾਰੋਬਾਰ ਇਸ ਤਰੀਕੇ ਨਾਲ ਚਲਾ ਰਿਹਾ ਸੀ ਕਿ ਉਸ ਨੂੰ ਵੀ ਕਮਾਈ ਆ ਰਹੀ ਸੀ ਤੇ ਸਾਨੂੰ ਵੀ ਠੀਕ ਕਿਰਾਇਆ ਆ ਰਿਹਾ ਸੀ। ਤੀਜਾ ਵਪਾਰ ਮੈਡੀਸਨ ਵਿਖੇ ਸੀ ਜੋ ਕਿ 1336 ਡਰੇਕ ਸਟਰੀਟ ਤੇ ਸਥਿਤ ਸੀ। ਜਿਸ ਦਾ ਨਾਮ ਸਟਾਪ ਐਂਡ ਸ਼ਾਪ ਸੀ। ਪਹਿਲਾ ਕਿਰਾਏਦਾਰ ਸ. ਟਹਿਲ ਸਿੰਘ, ਜੋ ਕਰੀਬ ਦੋ ਸਾਲ ਵਿਚ ਹੀ ਇਹ ਕਾਰੋਬਾਰ ਛੱਡ ਗਿਆ ਸੀ। ਸ. ਟਹਿਲ ਸਿੰਘ ਤੋਂ ਬਾਅਦ ਇਹ ਵਪਾਰ ਕਿਸੇ ਹੋਰ ਭਾਰਤੀ ਵਿਅਕਤੀ ਨੂੰ ਦਿੱਤਾ ਗਿਆ। ਨਵਾਂ ਕਿਰਾਏਦਾਰ ਹਰਿਆਣੇ ਦੇ ਡੀ.ਐੱਸ.ਪੀ ਦਾ ਲੜਕਾ ਸੀ। ਅਸੀਂ ਇਹ ਕਾਰੋਬਾਰ ਤੇ ਬਿਲਡਿੰਗ ਵੇਚਣਾ ਚਾਹੁੰਦੇ ਸੀ। ਅਸੀਂ ਕਈ ਖ਼ਰੀਦਦਾਰਾਂ ਨੂੰ ਇਹ ਕਾਰੋਬਾਰ ਦਿਖਾਇਆ। ਕਿਰਾਏਦਾਰ ਨੇ ਖ਼ਰੀਦਦਾਰਾਂ ਨੂੰ ਇਹ ਵਪਾਰ ਖ਼ਰੀਦਣ ਤੋਂ ਵਰਜਿਆ। 2003 ਵਿਚ ਅਸੀਂ ਇਸ ਕਿਰਾਏਦਾਰ ਨੂੰ ਕੱਢ ਦਿੱਤਾ ਤੇ ਇਹ ਬਿਲਡਿੰਗ ਤੇ ਵਪਾਰ ਸੇਲ ਤੇ ਲਗਾ ਦਿੱਤਾ। ਮੱਧ ਜੁਲਾਈ 2004 ਵਿਚ ਮੈਂ ਵਾਹਿਗੁਰੂ ਜੀ ਨੂੰ ਅਰਦਾਸ ਕੀਤੀ ਕਿ ਸਾਡੀ ਇਸ ਵਪਾਰ ਤੋਂ ਜਾਨ ਛੁਡਾ ਦਿਓ। ਅਗਲੇ ਦਿਨ ਮੈਨੂੰ ਮੈਡੀਸਨ ਸ਼ਹਿਰ ਰਹਿੰਦੇ ਇੱਕ ਯਹੂਦੀ ਦਾ ਟੈਲੀਫੋਨ ਆਇਆ। ਸੌਦਾ ਟੈਲੀਫੋਨ ਤੇ ਹੀ ਹੋ ਗਿਆ। ਵਪਾਰ ਤੇ ਬਿਲਡਿੰਗ 1,86,000 ਦੀ ਵਿਕਣੀ ਤੈਅ ਹੋ ਗਈ। ਇਸ ਖ਼ਰੀਦਦਾਰ ਨੇ ਸਾਨੂੰ 5,000 ਡਾਲਰ ਦਾ ਚੈੱਕ ਵੀ ਭੇਜ ਦਿੱਤਾ। ਸਤੰਬਰ 2004 ਵਿਚ ਅਸੀਂ ਇਹ ਵਪਾਰ 1,86,000 ਡਾਲਰ ਵਿਚ ਵੇਚ ਦਿੱਤਾ। ਅਸੀਂ ਇਹ ਵਪਾਰ ਅਤੇ ਬਿਲਡਿੰਗ 1994 ਵਿਚ 1,30,000 ਹਜ਼ਾਰ ਵਿਚ ਲਿਆ ਸੀ। ਕਰਜ਼ੇ ਦੀ ਅਦਾਇਗੀ ਤੇ ਹੋਰ ਖ਼ਰਚੇ ਕੱਢ ਕੇ ਸਾਨੂੰ ਇਸ ਵਿਕਰੀ ਵਿਚੋਂ 1 ਲੱਖ ਡਾਲਰ ਬਚਿਆ।

ਮੈਂ ਫਿਰ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਜਾ ਕੇ ਅਰਦਾਸ ਕੀਤੀ ਕਿ ਸਾਡਾ ਇਹ ਪੈਸਾ ਲਗਵਾ ਦਿਓ। ਹੁਣ ਤੱਕ ਸਾਨੂੰ ਵਪਾਰ ਕਰਨ, ਖ਼ਰੀਦਣ ਅਤੇ ਵੇਚਣ ਦੀ ਜੁਗਤੀ ਆ ਗਈ ਸੀ। ਮੈਂ ਬਾਬਾ ਜੀ ਦੇ ਕਮਰੇ ਵਿਚ ਗਿਆ ਤੇ ਮਰੀ ਹੋਈ

ਜਾਇਦਾਦ ਵੇਚਣ ਲਈ ਸਾਡੀ ਮਦਦ ਦਾ ਸ਼ੁਕਰਾਨਾ ਕੀਤਾ, ਨਾਲ ਹੀ ਮੈਂ ਅਰਦਾਸ ਕੀਤੀ ਕਿ ਜੋ ਇਕ ਲੱਖ ਡਾਲਰ ਤੁਸੀਂ ਬਖਸ਼ਿਆ ਹੈ ਉਸ ਨੂੰ ਕਿਤੇ ਚੰਗੀ ਥਾਂ ਲਗਵਾ ਦਿਓ। ਮੈਨੂੰ ਤਿੰਨ ਟਿਊਬ ਲਾਈਟਾਂ ਦਿਖਾਈ ਦਿੱਤੀਆਂ, ਦੋ ਵੱਡੀਆਂ ਤੇ ਇੱਕ ਛੋਟੀ। ਅਰਦਾਸ ਵਪਾਰ ਲਈ ਸੀ, ਮੈਂ ਆਪਣੇ ਪੁੱਤਰਾਂ ਨੂੰ ਦੱਸਿਆ ਕਿ ਪ੍ਰਮੇਸ਼ਰ ਜੀ ਸਾਨੂੰ ਆਉਣ ਵਾਲੇ ਸਾਲ 2005 ਵਿਚ ਤਿੰਨ ਕਾਰੋਬਾਰ ਦੇਣਗੇ।

ਮਾਰਚ 2003 ਵਿਚ ਫੰਡੂਲਾਕ ਛੱਡ ਕੇ ਅਸੀਂ ਓਸ਼ਕੋਸ਼ ਤਿੰਨ ਬੈਡ ਰੂਮ ਵਾਲੇ ਮਕਾਨ ਵਿਚ 900 ਡਾਲਰ ਕਿਰਾਏ ਦੇ ਕੇ ਰਹਿ ਰਹੇ ਸੀ। ਇਹ ਮਕਾਨ ਟਰੱਕ ਸਟਾਪ ਤੋਂ ਤਕਰੀਬਨ 4 ਕਿਲੋਮੀਟਰ ਦੂਰ ਸੀ। 10 ਕੁ ਮਿੰਟਾਂ ਵਿਚ ਅਸੀਂ ਟਰੱਕ ਸਟਾਪ ਪਹੁੰਚ ਜਾਂਦੇ ਸੀ। ਮੈਡੀਸਨ ਦੇ ਵਪਾਰ ਵਿਕਣ ਤੋਂ ਬਾਅਦ ਸਾਡਾ ਰੱਬ ਤੇ ਗੁਰੂ ਉਤੇ ਹੋਰ ਵਿਸ਼ਵਾਸ ਵੱਧ ਗਿਆ। ਸਤੰਬਰ 2004 ਵਿਚ ਅਸੀਂ ਕਿਸੇ ਮਕਾਨ ਦਾ ਇਸ਼ਤਿਹਾਰ ਦੇਖਿਆ। ਹੁਣ ਤੱਕ ਅਸੀਂ ਇਹ ਸੋਚਣ ਲੱਗ ਪਏ ਸੀ ਕਿ ਅਸੀਂ ਵਪਾਰਕ ਤੌਰ ਤੇ ਸਥਾਪਤ ਹੋ ਗਏ ਹਾਂ ਤੇ ਸਾਨੂੰ ਚੰਗੇ ਮਕਾਨ ਦੀ ਲੋੜ ਹੈ, ਜਿਥੇ ਅਸੀਂ ਰਹਿ ਸਕੀਏ। ਅਪ੍ਰੈਲ 1998 ਵਿਚ ਮੈਡੀਸਨ ਸ਼ਹਿਰ ਛੱਡਣ ਤੋਂ ਬਾਅਦ ਅਸੀਂ ਕਿਰਾਏ ਦੇ ਅਪਾਰਟਮੈਂਟਾਂ ਵਿਚ ਹੀ ਰਹਿ ਰਹੇ ਸੀ। 2003 ਵਿਚ ਟਰੱਕ ਸਟਾਪ ਲੈਣ ਨਾਲ ਸਾਡਾ ਸਮਾਜਿਕ ਪੱਧਰ ਕਾਫ਼ੀ ਅੱਛਾ ਹੋ ਗਿਆ। ਮੈਡੀਸਨ ਦਾ ਮਕਾਨ ਜੋ 1995 ਵਿਚ ਖ਼ਰੀਦਿਆ ਸੀ, 2001 ਵਿਚ ਵੇਚ ਦਿੱਤਾ। ਮੈਡੀਸਨ ਦਾ ਘਰ ਵੈਸੇ ਵੀ ਲੋੜੀਂਦਾ ਨਹੀਂ ਸੀ ਕਿਉਂਕਿ ਅਸੀਂ ਮੈਡੀਸਨ 1998 ਵਿਚ ਛੱਡ ਚੁੱਕੇ ਸੀ। ਮੈਡੀਸਨ ਦਾ ਘਰ 1995 ਤੋਂ ਲੈ ਕੇ 2001 ਤੱਕ ਅਸੀਂ ਰੱਖਿਆ ਅਤੇ ਨਾਲ ਹੀ ਇਹ ਸਿੱਖਿਆ ਕਿ ਘਰ ਉਦੋਂ ਹੀ ਲੈਣਾ ਚਾਹੀਦਾ ਹੈ ਜਦੋਂ ਇਨਸਾਨ ਪੂਰੀ ਤਰ੍ਹਾਂ ਸਥਾਪਤ ਹੋ ਜਾਵੇ।

ਟਰੱਕ ਸਟਾਪ ਤੋਂ ਪੰਜ ਮੀਲ ਦੀ ਦੂਰੀ ਤੇ ਇੱਕ ਬਹੁਤ ਅੱਛਾ ਘਰ ਸੇਲ ਤੇ ਲੱਗਾ ਹੋਇਆ ਸੀ। ਇਹ ਘਰ ਨੀਨਾ ਸ਼ਹਿਰ ਵਿਚ ਸੀ। ਇਸ ਦਾ ਇਸ਼ਤਿਹਾਰ ਇੱਕ ਅਖ਼ਬਾਰ ਵਿਚ ਆਇਆ ਸੀ। ਇਹ ਬਹੁਤ ਸ਼ਾਨਦਾਰ ਘਰ ਸੀ ਤੇ ਬਹੁਤ ਵੱਡੇ ਕਾਰੋਬਾਰੀ ਨੇ ਬਣਾਇਆ ਸੀ। ਇਹ ਘਰ 11 ਏਕੜ ਵਿਚ ਫੈਲਿਆ ਹੋਇਆ ਸੀ। ਘਰ ਵਿਚ 5 ਬੈਡ ਰੂਮ ਸਨ ਅਤੇ ਇੱਕ ਬਹੁਤ ਵੱਡੀ ਬੇਸਮੈਂਟ ਤੋਂ ਇਲਾਵਾ ਤਿੰਨ ਕਾਰਾਂ ਦੇ ਗੈਰਾਜ ਵੀ ਸਨ। ਮਕਾਨ ਮਾਲਕ ਨੂੰ ਘੋੜਿਆਂ ਦਾ ਬਹੁਤ ਸ਼ੌਕ ਸੀ। ਇਸ ਲਈ ਉਸ ਨੇ ਘੋੜਿਆਂ ਲਈ ਬਾਰਨ ਵੀ ਬਣਾਇਆ ਹੋਇਆ ਸੀ ਜਿਸ ਵਿਚ 6 ਘੋੜੇ ਰੱਖੇ ਹੋਏ ਸਨ। ਘਰ ਦੇ ਆਲੇ ਦੁਆਲੇ 5 ਏਕੜ ਥਾਂ ਵਿਚ ਲਾਅਨ ਬਣਿਆ ਹੋਇਆ ਸੀ। ਇਸ ਤੋਂ ਇਲਾਵਾ 18 ਥਾਵਾਂ ਫੁੱਲਾਂ ਲਈ ਬਣੀਆਂ ਹੋਈਆਂ ਸਨ।

ਮੁੱਖ ਸੜਕ ਤੋਂ ਘਰ ਤਕਰੀਬਨ 200 ਫੁੱਟ ਦੂਰ ਸੀ। ਸਰਕਾਰੀ ਸੜਕ ਤੋਂ ਘਰ ਅਤੇ ਬਾਰਨ ਨੂੰ ਜੋੜਣ ਲਈ ਮਕਾਨ ਮਾਲਕ ਨੇ ਆਪਣੀਆਂ ਦੋ ਸੜਕਾਂ ਬਣਾਈਆਂ ਹੋਈਆਂ ਸਨ। ਬਾਰਨ ਘਰ ਦੇ ਉਤਰ ਪੂਰਵ ਵਿਚ ਸਥਿਤ ਸੀ ਤੇ ਘਰ ਤੋਂ

ਤਕਰੀਬਨ 150 ਫੁੱਟ ਦੂਰ ਸੀ। ਘਰ ਤੇ ਬਾਰਨ ਦੀ ਹੱਦਬੰਦੀ ਦੱਸਣ ਲਈ ਚੀਲ ਤੇ ਫਰ ਦੇ ਦਰਖਤ ਲਗਾ ਕੇ ਦੋਵਾਂ ਨੂੰ ਅਲੱਗ ਅਲੱਗ ਕੀਤਾ ਹੋਇਆ ਸੀ। ਬਾਰਨ ਦਾ ਇਲਾਕਾ ਲਗਪਗ 2500 ਫੁੱਟ ਦਾ ਸੀ। ਬਾਰਨ ਵਿਚ ਇੱਕ 1200 ਫੁੱਟ ਦਾ ਹਾਲ ਵੀ ਸੀ ਜਿਥੇ ਘੋੜਿਆਂ ਨੂੰ ਨਵਾਉਣ ਦਾ ਪ੍ਰਬੰਧ ਵੀ ਸੀ। ਇਸ ਤੋਂ ਇਲਾਵਾ ਬਾਰਨ ਵਿਚ ਦੋ ਹੋਰ ਕਮਰੇ ਵੀ ਸੀ ਜਿਥੇ ਘੋੜਿਆਂ ਦਾ ਸਮਾਨ ਸਟੋਰ ਹੁੰਦਾ ਸੀ ਅਤੇ ਦਫ਼ਤਰ ਸੀ। ਪੰਜ ਏਕੜ ਲਾਅਨ ਤੋਂ ਇਲਾਵਾ ਛੇ ਏਕੜ ਖਾਲੀ ਜ਼ਮੀਨ ਵੀ ਸੀ ਜੋ ਕਿ ਘੋੜਿਆਂ ਦੀ ਚਰਾਂਦ ਲਈ ਵਰਤੀ ਜਾਂਦੀ ਸੀ।

ਹਰ ਪੱਖੋਂ ਇਹ ਘਰ ਵੱਡਾ ਅਤੇ ਸੰਪੂਰਨ ਸੀ। ਘਰ ਦੇਖਣ ਤੇ ਸਾਨੂੰ ਇਹੀ ਮਹਿਸੂਸ ਹੋਇਆ ਕਿ 6 ਕੁ ਲੱਖ ਡਾਲਰ ਦੀ ਕੀਮਤ ਜੋ ਮਾਲਕ ਮਕਾਨ ਮੰਗ ਰਿਹਾ ਸੀ, ਜੋ ਸਾਡੀ ਪਹੁੰਚ ਤੋਂ ਬਹੁਤ ਵੱਧ ਸੀ। ਝਿਜਕਦੇ ਹੋਏ ਅਸੀਂ ਸਾਰੇ ਪਰਿਵਾਰ ਨੇ ਇਹ ਮਕਾਨ ਦੇਖਿਆ। ਅਸੀਂ ਇਹੀ ਸੋਚ ਰਹੇ ਸੀ ਕਿ ਇਸ ਮਕਾਨ ਦਾ ਇਕੱਲਾ ਪ੍ਰਾਪਰਟੀ ਟੈਕਸ ਹੀ ਸਾਡੇ ਹੁਣ ਦੇ ਕਿਰਾਏ ਨਾਲੋਂ ਵੱਧ ਹੋਵੇਗਾ। ਅਸੀਂ ਪ੍ਰਾਪਰਟੀ ਡੀਲਰ ਨੂੰ ਸੁਝਾਓ ਦਿੱਤਾ ਕਿ ਇਹ ਪ੍ਰਾਪਰਟੀ ਨੂੰ ਦੋ ਹਿਸਿਆਂ ਵਿਚ ਵੰਡਵਾ ਦੇਵੇ। ਸਾਨੂੰ ਘਰ ਅਤੇ ਪੰਜ ਕੁ ਏਕੜ ਲਾਅਨ ਹੀ ਚਾਹੀਦਾ ਸੀ। ਮਕਾਨ ਮਾਲਕ ਬਾਕੀ ਦੀ ਜ਼ਮੀਨ ਅਤੇ ਬਾਰਨ ਨੂੰ ਅਲੱਗ-ਅਲੱਗ ਵੇਚ ਸਕਦਾ ਸੀ। ਵੰਡ ਲਈ ਨਗਰ ਪਾਲਿਕਾ ਨੇ ਮਨਜ਼ੂਰੀ ਦੇ ਦਿੱਤੀ, ਪਰ ਇਹ ਫ਼ੈਸਲਾ ਕਰ ਦਿੱਤਾ ਕਿ ਮੇਨ ਗੇਟ ਇੱਕੋ ਹੀ ਰਹੇਗਾ। ਮੇਨ ਮਕਾਨ ਦੀ ਕੀਮਤ ਉਹਨਾਂ ਨੇ 3,65,000 ਰੱਖੀ ਤੇ ਬਾਰਨ ਬਾਰੇ ਸੋਚਣ ਲੱਗੇ ਕਿ ਡੇਢ ਲੱਖ ਦਾ ਵੇਚ ਦੇਣਗੇ। ਅਸੀਂ ਦੁਬਾਰਾ ਘਰ ਦੇਖਿਆ। ਉਸ ਦਿਨ ਕੁਝ ਕਿਸਾਨ ਵੀ ਬਾਰਨ ਨੂੰ ਦੇਖਣ ਆਏ ਹੋਏ ਸਨ। ਮੈਂ ਵੱਡੇ ਪੁਤਰ ਨੂੰ ਸਲਾਹ ਦਿੱਤੀ ਕਿ ਜੇ ਦੋ ਹਿੱਸੇਦਾਰ ਸਾਰੀ ਪ੍ਰਾਪਰਟੀ ਨੂੰ ਖ਼ਰੀਦਣਗੇ ਤਾਂ ਇਸ ਵਿਚ ਪ੍ਰਾਈਵੇਸੀ ਦੀ ਸਮੱਸਿਆ ਬਣੀ ਰਹੇਗੀ। ਸਾਨੂੰ ਸਾਰੀ ਪ੍ਰਾਪਰਟੀ ਮਾਫ਼ਕ ਆਉਂਦੀ ਸੀ, ਕਿਉਂਕਿ ਸਾਡਾ ਪਿਛੋਕੜ ਜ਼ਿਮੀਂਦਾਰਾ ਸੀ, ਇਸ ਲਈ ਅਸੀਂ ਬਾਰਨ ਨੂੰ ਸਮਝਦੇ ਸੀ। ਅਸੀਂ ਵਪਾਰ ਵੀ ਕਰ ਰਹੇ ਸੀ ਅਤੇ ਅਸੀਂ ਪੜ੍ਹੇ ਲਿਖੇ ਵੀ ਸੀ, ਅਸੀਂ ਇਹੋ ਜਿਹੇ ਘਰ ਵਿਚ ਰਹਿਣ ਦੇ ਹੱਕਦਾਰ ਵੀ ਸੀ। ਅਸੀਂ ਸਾਰੀ ਪ੍ਰਾਪਰਟੀ 4,85,000 ਡਾਲਰ ਵਿਚ ਖ਼ਰੀਦ ਲਈ ਅਤੇ 65,000 ਡਾਲਰ ਡਾਊਨ ਪੇਮੈਂਟ ਕਰ ਦਿੱਤੀ। 9 ਮਈ 2005 ਵਿਚ ਸਾਡੇ ਨਵੇਂ ਮਕਾਨ ਦੀ ਰਜਿਸਟਰੀ ਹੋ ਗਈ।

**ਤਿੰਨ ਵਪਾਰ ਖ਼ਰੀਦਣਾ, 2005**

ਦਸੰਬਰ 2004 ਵਿਚ ਇੱਕ ਨੇੜੇ ਦਾ ਰਿਸ਼ਤੇਦਾਰ ਜੋ ਕਿ ਮਿਲਵਾਕੀ ਸ਼ਹਿਰ ਵਿਚ ਰਹਿੰਦਾ ਸੀ, ਨੇ ਸਾਡੇ ਨਜ਼ਦੀਕ ਇੱਕ ਗੈਸ ਸਟੇਸ਼ਨ ਵੇਚਣਾ ਸੀ। ਉਸ ਨੇ ਸਾਨੂੰ ਗੈਸ ਸਟੇਸ਼ਨ ਦੀ ਵਿਕਰੀ ਲਈ ਮਦਦ ਮੰਗੀ। ਇਹ ਛੋਟਾ ਜਿਹਾ ਗੈਸ ਸਟੇਸ਼ਨ ਸੀ। ਅਸੀਂ ਸੋਚਿਆ ਕਿ ਕਿਉਂ ਨਾ ਅਸੀਂ ਹੀ ਖ਼ਰੀਦ ਲਈਏ। ਅਸੀਂ

ਇਹ ਗੈਸ ਸਟੇਸ਼ਨ 19 ਜਨਵਰੀ 2005 ਨੂੰ 1,25,000 ਡਾਲਰ ਵਿਚ ਖ਼ਰੀਦ ਲਿਆ।

ਯੂ.ਐੱਸ ਕੰਪਨੀ ਜੋ ਇਲਾਕੇ ਦੀ ਬਹੁਤ ਵੱਡੀ ਥੋਕ ਫਰੋਸ਼ ਸੀ, ਉਹਨਾਂ ਕੋਲ ਕਾਫ਼ੀ ਗੈਸ ਸਟੇਸ਼ਨ ਇਲਾਕੇ ਵਿਚ ਸਨ। ਉਹਨਾਂ ਨੇ ਸਾਨੂੰ ਫਰਵਰੀ 2005 ਵਿਚ ਫੰਡੂਲਾਕ ਸ਼ਹਿਰ ਵਿਚ ਇਕ ਗੈਸ ਸਟੇਸ਼ਨ ਵੇਚਣ ਦੀ ਗੱਲ ਕੀਤੀ। ਇਹ ਵਪਾਰ ਯੂ.ਐੱਸ ਆਇਲ ਕੰਪਨੀ ਨੇ ਵੀ ਹਾਲੇ ਖ਼ਰੀਦਣਾ ਸੀ ਤੇ ਅੱਗੇ ਵੇਚਣਾ ਸੀ। ਯੂ ਐੱਸ ਆਇਲ ਕੰਪਨੀ ਵਾਲੇ ਸਾਡਾ ਬਹੁਤ ਸਤਿਕਾਰ ਕਰਦੇ ਸਨ। ਮੈਂ ਤੇ ਮੇਰੇ ਵੱਡੇ ਲੜਕੇ ਗੁਰਮੀਤ ਨੇ ਦੋ ਤਿੰਨ ਵਾਰ ਇਹ ਥਾਂ ਦੇਖੀ। ਹਾਈਵੇਅ 41 ਦੇ ਨਜ਼ਦੀਕ ਇਹ ਗੈਸ ਸਟੇਸ਼ਨ ਇੱਕ ਬਹੁਤ ਵੱਡੇ ਮਾਲ ਵਿਚ ਸਥਿਤ ਸੀ। ਇਸ ਗੈਸ ਸਟੇਸ਼ਨ ਨਾਲ ਇੱਕ ਆਟੋਮੈਟਿਕ ਕਾਰ ਵਾਸ਼ ਵੀ ਸੀ। ਅਸੀਂ ਸੋਚ ਕੇ ਮਨ ਬਣਾਇਆ ਕਿ ਇਹੋ ਜਿਹਾ ਗੈਸ ਸਟੇਸ਼ਨ ਅਸੀਂ ਆਰਾਮ ਨਾਲ 4000 ਡਾਲਰ ਕਿਰਾਏ ਤੇ ਚੜ੍ਹਾ ਸਕਦੇ ਹਾਂ। ਕੁਝ ਇਸ ਤਰ੍ਹਾਂ ਦਾ ਭਾਣਾ ਹੋਇਆ ਕਿ ਇਹ ਗੈਸ ਸਟੇਸ਼ਨ ਸਾਨੂੰ ਨਾ ਮਿਲਿਆ। ਕੰਪਨੀ ਨੇ ਕਿਸੇ ਹੋਰ ਗੈਸ ਸਟੇਸ਼ਨ ਦੇ ਮਾਲਕ ਨੂੰ ਮਾਰਚ 2005 ਵਿਚ ਵੇਚ ਦਿੱਤਾ।

ਮਾਰਚ 2005 ਵਿਚ ਹੀ ਯੂ.ਐੱਸ ਆਇਲ ਕੰਪਨੀ ਦਾ ਇੱਕ ਅਫਸਰ, ਜੈਫ ਸਾਨੂੰ ਟਰੱਕ ਸਟਾਪ ਤੇ ਮਿਲਣ ਆਇਆ। ਮੈਂ ਜੈਫ ਨੂੰ ਕਿਹਾ ਕਿ ਮੈਨੂੰ ਯੂ.ਐੱਸ ਆਇਲ ਕੰਪਨੀ ਬਾਰੇ ਬਹੁਤ ਮਾੜਾ ਇੰਪਰੈਸ਼ਨ ਹੈ। ਉਸ ਨੇ ਮੇਰੇ ਤੋਂ ਸਾਰੀ ਵਿਥਿਆ ਪੁੱਛੀ। ਮੈਂ ਫੰਡੂਲਾਕ ਵਪਾਰ ਦੀ ਸਾਰੀ ਗੱਲ ਸੰਖੇਪ ਵਿਚ ਸੁਣਾਈ। ਮੈਂ ਜੈਫ ਨੂੰ ਕਿਹਾ ਕਿ, ਕੀ ਤੁਸੀ ਬਿਲ ਨੂੰ ਮੇਰਾ ਸੁਨੇਹਾ ਦੇ ਸਕਦੇ ਹੋ। ਬਿਲ ਕੰਪਨੀ ਦਾ ਉਪ-ਪ੍ਰਧਾਨ ਸੀ। ਮੈਂ ਉਸ ਨੂੰ ਕਿਹਾ ਕਿ ਉਸ ਨੇ ਸੁਨੇਹਾ ਇੰਨ-ਬਿੰਨ ਉਸੇ ਤਰ੍ਹਾਂ ਹੀ ਦੇਣਾ ਹੈ, ਜਿਸ ਤਰ੍ਹਾਂ ਮੈਂ ਕਹਾਂਗਾ, ਇਸ ਵਿਚ ਕੋਈ ਅੱਖ਼ਰ ਤੋੜਨਾ ਮਰੋੜਨਾ ਨਹੀਂ ਹੈ। ਮੈਂ ਕਿਹਾ,"ਬਿਲ ਨੂੰ ਕਹਿਣਾ, ਕੈਪਟਨ ਸਾਹਿਬ ਕਹਿੰਦੇ ਹਨ ਕਿ ਤੁਸੀਂ ਬਹੁਤ ਕਮੀਨੇ ਹੋ। ਤੁਸੀਂ ਫੰਡੂਲਾਕ ਦਾ ਵਪਾਰ ਮੈਨੂੰ ਵੇਚਣ ਦਾ ਵਾਅਦਾ ਕੀਤਾ ਅਤੇ ਕਿਸੇ ਹੋਰ ਨੂੰ ਦੇ ਦਿੱਤਾ।" ਦੋ ਕੁ ਦਿਨਾਂ ਦੇ ਸਮੇਂ ਵਿਚ ਹੀ ਪੌਲ ਸਿਪਲ ਨੇ ਜੋ ਕਿ ਉਹਨਾਂ ਦੀ ਜਾਇਦਾਦ ਦੀ ਵੇਚ ਖ਼ਰੀਦ ਕਰਦਾ ਸੀ, ਇੱਕ ਲਿਖਤੀ ਪ੍ਰਸਤਾਵ ਮੇਰੇ ਕੋਲ ਲੈ ਕੇ ਆਇਆ। ਇਹ ਪ੍ਰਸਤਾਵ ਯੂ.ਐੱਸ. ਆਇਲ ਕੰਪਨੀ ਦੇ ਤਿੰਨ ਗੈਸ ਸਟੇਸ਼ਨ ਵੇਚਣ ਲਈ ਸੀ। ਇੱਕ ਗੈਸ ਸਟੇਸ਼ਨ ਐਪਲਟਨ ਸ਼ਹਿਰ ਵਿਚ ਕਾਲਜ ਰੋਡ ਉਤੇ ਸੀ। ਦੂਜਾ ਗੈਸ ਸਟੇਸ਼ਨ ਐਪਲਟਨ ਸ਼ਹਿਰ ਦੇ ਵੱਡੇ ਮਾਲ ਵਿਚ ਸੀ ਅਤੇ ਤੀਜਾ ਗੈਸ ਸਟੇਸ਼ਨ ਮੇਨ ਰੋਡ, ਨੀਨਾ ਵਿਚ ਸੀ। ਮੈਂ ਗੁਰਮੀਤ ਸਿੰਘ ਨੂੰ ਯੂ.ਐੱਸ.ਆਇਲ ਕੰਪਨੀ ਨਾਲ ਸਮਾਂ ਲੈਣ ਲਈ ਕਿਹਾ। ਉਸ ਨੇ ਮੈਨੂੰ ਦੱਸਿਆ ਕਿ ਸਾਡੇ ਕੋਲ ਕੋਈ ਫੰਡਜ਼ ਨਹੀਂ ਹਨ। ਮੈਂ ਉਸ ਨੂੰ ਭਰੋਸਾ ਦਵਾਇਆ ਕਿ ਮੇਰੇ ਦਿਮਾਗ ਵਿਚ ਕੁਝ ਸੁਝਾਓ ਹਨ। ਯੂ.ਐੱਸ ਆਇਲ ਕੰਪਨੀ ਤੋਂ ਸਮਾਂ ਲੈ ਲਿਆ ਗਿਆ। ਮੈਂ ਤੇ ਮੇਰਾ

ਲੜਕਾ ਬਿਲ ਦੇ ਦਫ਼ਤਰ ਵਿਚ ਮਾਰਚ 2005 ਨੂੰ ਪਹੁੰਚ ਗਏ। ਗੱਲ ਸ਼ੁਰੂ ਕਰਦਿਆਂ ਮੈਂ ਕਿਹਾ,"ਸ਼ਾਇਦ ਅਸੀਂ ਕੱਪੜੇ ਲੱਤੇ ਕਰਕੇ ਅਤੇ ਗੱਲਾਂ ਬਾਤਾਂ ਕਰਕੇ ਅਮੀਰ ਲੱਗਦੇ ਹੋਵਾਂਗੇ। ਅਵੱਸ਼ ਅਸੀਂ ਬੜੇ ਇਮਾਨਦਾਰ ਲੋਕ ਹਾਂ। ਅਮੀਰ ਬਣਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ। ਮੈਂ ਵੱਖ-ਵੱਖ ਸੁਝਾਓ ਦਿੱਤੇ ਕਿ ਕਿਸ ਤਰ੍ਹਾਂ ਸਾਡੀ ਮਦਦ ਹੋ ਸਕਦੀ ਹੈ।" ਗੱਲਬਾਤ 45 ਕੁ ਮਿੰਟ ਚਲਦੀ ਰਹੀ। ਸਾਨੂੰ ਪਤਾ ਸੀ ਕਿ ਘੱਟੋ-ਘੱਟ 15-20% ਡਾਊਨ ਪੇਮੈਂਟ ਤੋਂ ਬਿਨਾਂ ਕੋਈ ਬੈਂਕ ਸਾਨੂੰ ਲੋਨ ਨਹੀਂ ਦੇਵੇਗਾ। ਮੈਂ ਬਿਲ ਨੂੰ ਸਲਾਹ ਦਿੱਤੀ ਕਿ ਉਹ ਸਾਨੂੰ ਵਪਾਰ ਲੈਂਡ ਕੰਟਰੈਕਟ ਤੇ ਦੇ ਦੇਵੇ। ਮੈਂ ਇਹ ਵੀ ਸੁਝਾਓ ਦਿੱਤਾ ਕਿ ਜਦੋਂ ਨਵਾਂ ਅਕਾਊਂਟ ਸ਼ੁਰੂ ਕਰੀਦਾ ਹੈ ਤਾਂ ਬ੍ਰਿਟਿਸ਼ ਪੈਟਰੋਲੀਅਮ ਇੱਕ ਪੈਸਾ ਪ੍ਰਤੀ ਗੈਲਨ ਗੈਸ ਸਟੇਸ਼ਨ ਨੂੰ ਦਿੰਦੀ ਹੈ ਜੋ ਕਮਿਸ਼ਨ ਥੋਕ ਫਰੋਸ਼ ਰਾਹੀਂ ਆਉਂਦਾ ਹੈ। ਮੈਂ ਬਿਲ ਨੂੰ ਕਿਹਾ ਕਿ ਇਹ ਸਾਰੀ ਰਾਸ਼ੀ ਉਹ ਆਪਣੇ ਕੋਲ ਰੱਖ ਲਵੇ ਅਤੇ ਇਸ ਨੂੰ ਡਾਊਨ ਪੇਮੈਂਟ ਸਮਝ ਲਵੇ।

ਯੂ.ਐੱਸ ਆਇਲ ਕੰਪਨੀ ਵਿਚ ਇੱਕ ਕਰੈਡਿਟ ਅਫ਼ਸਰ ਕੰਮ ਕਰਦਾ ਸੀ ਜਿਸ ਦਾ ਨਾਮ ਕੈਵਿਨ ਡੋਜ ਸੀ। ਉਹ ਬਹੁਤ ਇਮਾਨਦਾਰ ਵਿਅਕਤੀ ਸੀ। ਉਹ ਵੀ ਮੀਟਿੰਗ ਵਿਚ ਸ਼ਾਮਿਲ ਸੀ। ਉਹ ਮੇਰੇ ਤੇ ਮੇਰੇ ਪਰਿਵਾਰ ਤੇ ਬਹੁਤ ਵਿਸ਼ਵਾਸ ਕਰਦਾ ਸੀ। ਉਸ ਨੇ ਪਹਿਲਾਂ ਹੀ ਸਾਨੂੰ ਕਹਿ ਦਿੱਤਾ ਸੀ ਕਿ ਜਦ ਵੀ ਕੰਪਨੀ ਕੋਈ ਪ੍ਰਾਪਰਟੀ ਵੇਚੇਗੀ ਤਾਂ ਸਭ ਤੋਂ ਪਹਿਲਾਂ ਸਾਡੇ ਪਰਿਵਾਰ ਨਾਲ ਗੱਲ ਕਰੇਗੀ। ਸਾਰੀ ਗੱਲਬਾਤ ਖਤਮ ਹੋਈ ਤੇ ਕੁਝ ਵੀ ਫ਼ੈਸਲਾ ਨਾ ਹੋਇਆ।

ਮੀਟਿੰਗ ਤੋਂ ਪਿਛੋਂ ਬਿੱਲ ਨੇ ਆਪਣੇ ਅਫ਼ਸਰ ਕੈਵਿਨ ਡੋਜ ਨੂੰ ਕਿਹਾ,"ਜੇ ਤੁਸੀਂ ਕਹਿੰਦੇ ਹੋ ਕਿ ਕੈਪਟਨ ਸਿੰਘ ਚੰਗਾ, ਇਮਾਨਦਾਰ ਅਤੇ ਭਰੋਸੇਯੋਗ ਆਦਮੀ ਹੈ ਤਾਂ ਅਸੀਂ ਉਹਨਾਂ ਨੂੰ ਤਿੰਨ ਲੱਖ ਡਾਲਰ ਪਰਨੋਟ ਦੇ ਵਿਰੁੱਧ ਦੇ ਸਕਦੇ ਹਾਂ।" ਇਹ ਪੈਸਾ ਉਹ ਬੈਂਕ ਨੂੰ ਦੇ ਸਕਦੇ ਹਨ ਤੇ ਕਰਜ਼ਾ ਲੈ ਸਕਦੇ ਹਨ। ਇਹ ਸੁਨੇਹਾ ਸਾਨੂੰ ਦਿੱਤਾ ਗਿਆ। ਅਜਿਹੀ ਮਦਦ ਨਾਲ ਲੋਨ ਦੀ ਕੋਈ ਸਮੱਸਿਆ ਨਹੀਂ ਸੀ। ਕਾਲਜ ਰੋਡ ਐਪਲਟਨ ਦੇ ਵਪਾਰ ਵਿਚ ਇੱਕ ਹੋਰ ਬਦਲਾਵ ਆ ਗਿਆ। ਉਸ ਦੇ ਸਾਹਮਣੇ ਇੱਕ ਏਕੜ ਪਲਾਟ ਸੀ ਜੋ ਇੱਕ ਹੋਰ ਪੈਟਰੋਲ ਕੰਪਨੀ ਨੇ ਖ਼ਰੀਦ ਲਿਆ ਸੀ। ਇਹ ਕੰਪਨੀ ਦਾ ਨਾਮ 'ਕੁਇਕ ਟਰਿਪ' ਸੀ। ਅਸੀਂ ਕਾਲਜ ਰੋਡ ਐਪਲਟਨ ਦੇ ਗੈਸ ਸਟੇਸ਼ਨ ਨੂੰ ਖ਼ਰੀਦਣ ਦਾ ਵਿਚਾਰ ਛੱਡ ਦਿੱਤਾ। ਅਸੀਂ ਯੂ.ਐੱਸ ਆਇਲ ਕੰਪਨੀ ਨੂੰ ਕਿਹਾ ਕਿ ਉਹ 3 ਲੱਖ ਦੀ ਜਗ੍ਹਾ 1,50,000 ਲੱਖ ਡਾਲਰ ਵਿਚ ਸਾਨੂੰ ਪਰਨੋਟ ਦੇ ਵਿਰੁੱਧ ਦੇ ਦੇਣ, ਅਸੀਂ 7% ਵਿਆਜ ਦੇਣ ਨੂੰ ਤਿਆਰ ਹਾਂ। 15 ਜੁਲਾਈ 2005 ਨੂੰ ਰਜਿਸਟਰੀ ਹੋ ਗਈ ਅਤੇ ਦੋਵੇਂ ਵਪਾਰ ਇੱਕ ਪੈਸਾ ਜੇਬ ਵਿਚੋਂ ਪਾਉਣ ਤੋਂ ਬਿਨਾਂ ਹੀ ਲੈ ਲਏ। ਸਾਡੀ ਬੇਨਤੀ ਪ੍ਰਵਾਨ ਕਰਦੇ ਹੋਏ, ਬਿਲ ਸਾਨੂੰ ਸਾਰੇ ਸਟਾਕ ਦੀ ਅਦਾਇਗੀ ਦੀ ਕੀਮਤ 30 ਦਿਨਾਂ ਵਿਚ ਦੇਣ ਲਈ ਸਹਿਮਤ ਹੋ ਗਿਆ। ਅਸੀਂ

ਸਿਰਫ਼ 427 ਡਾਲਰ ਇਕ ਵਕੀਲ ਨੂੰ ਦਿੱਤੇ। ਮਾਰਕ ਸਟਰ ਜਿਸ ਨੇ ਸਾਨੂੰ ਕਰਜ਼ਾ ਦੇਣਾ ਸੀ, ਇਹ ਯੂ.ਐੱਸ ਆਇਲ ਕੰਪਨੀ ਦੇ ਪੈਸੇ ਟਰਾਂਸਫਰ ਹੋਏ ਦੇਖ ਕੇ ਬਹੁਤ ਹੈਰਾਨ ਹੋਇਆ ਤੇ ਮੈਨੂੰ ਪੁਛਣ ਲੱਗਾ ਕਿ ਕੈਪਟਨ ਸਾਹਿਬ ਇਹ ਕੀ ਸੌਦਾ ਹੋਇਆ? ਮੈਂ ਮਾਰਕ ਸਟਰ ਨੂੰ ਦੱਸਿਆ,"ਜਦੋਂ ਰੱਬ ਵਿਚਾਲੇ ਹੋਵੇ ਤਾਂ ਕਿਸੇ ਵੀ ਸੌਦੇ ਵਿਚ ਚਮਤਕਾਰ ਹੋ ਜਾਂਦਾ ਹੈ। ਇਹ ਵੀ ਚਮਤਕਾਰ ਹੀ ਹੈ।" ਮਾਰਕ ਸਟਰ ਨੇ ਮੈਨੂੰ ਕੁਝ ਪੈਸੇ ਜੇਬ ਵਿਚੋਂ ਪਾਉਣ ਲਈ ਕਿਹਾ। ਮੈਂ ਮਾਰਕ ਸਟਰ ਨੂੰ ਕਿਹਾ ਕਿ ਬੈਂਕ ਨੂੰ ਕਾਫ਼ੀ ਡਾਊਨ ਪੇਮੈਂਟ ਆ ਗਈ ਹੈ ਇਸ ਤੇ ਮੈਂ ਮਾਰਕ ਸਟਰ ਨੂੰ ਇਹ ਵੀ ਕਿਹਾ ਕਿ ਕੀ ਉਸ ਨੂੰ ਈਰਖਾ ਹੋ ਰਹੀ ਹੈ। ਕੁਝ ਮਹੀਨਿਆਂ ਬਾਅਦ ਅਸੀਂ ਮਾਲ ਰੋਡ ਵਾਲਾ ਵਪਾਰ 2 ਲੱਖ ਡਾਲਰ ਦੇ ਮੁਨਾਫ਼ੇ ਨਾਲ ਵੇਚ ਦਿੱਤਾ। ਅਸੀਂ 90 ਹਜ਼ਾਰ ਡਾਲਰ ਲੋਨ ਯੂ.ਐੱਸ ਆਇਲ ਕੰਪਨੀ ਨੂੰ ਮੋੜ ਦਿੱਤਾ। ਮੇਨ ਰੋਡ ਨੀਨਾ, ਵਾਲਾ ਸਟੋਰ ਅਸੀਂ ਇੱਕ ਭਾਰਤੀ ਓਪਰੇਟਰ ਨੂੰ 54,00 ਡਾਲਰ ਪ੍ਰਤੀ ਮਹੀਨੇ ਉਤੇ ਕਿਰਾਏ ਉਤੇ ਦੇ ਦਿਤਾ, ਨਾਲ ਹੀ ਉਸ ਦੀ ਗੁਡਵਿਲ ਦੀ ਕੀਮਤ 30,000 ਪੱਗੜੀ ਪ੍ਰਾਪਤ ਕੀਤੀ। ਤੀਜਾ ਵਪਾਰ ਜੋ ਲਿਟਲ ਸ਼ੂਟ ਦਾ ਸੀ, ਅਸੀਂ ਚਲਾਉਣ ਦੀ ਕੋਸ਼ਿਸ਼ ਕੀਤੀ। ਉਸ ਦੀ ਆਮਦਨੀ ਘੱਟ ਸੀ ਤੇ ਖ਼ਰਚਾ ਵੱਧ। ਉਹ ਵਪਾਰ ਬੰਦ ਕਰਕੇ ਅਸੀਂ ਸੇਲ 'ਤੇ ਲਗਾ ਦਿੱਤਾ।

# 2008 ਤੋਂ 2013 ਅਮਰੀਕਾ ਵਿਚ ਆਰਥਿਕ ਮੰਦਵਾੜੇ ਦਾ ਸਮਾਂ

## ਐਪਲਟਨ ਗੈਸ ਸਟੇਸ਼ਨ ਦੀ ਵਿਕਰੀ

ਸਾਡੇ ਕੋਲ 2811, ਨਿਊਬੈਰੀ ਸਟਰੀਟ ਐਪਲਟਨ ਵਿਖੇ ਇੱਕ ਪੈਟਰੋਲ ਪੰਪ ਸੀ ਜੋ ਅਸੀਂ ਅਪ੍ਰੈਲ 1998 ਵਿਚ ਖ਼ਰੀਦਿਆ ਸੀ। 2001 ਵਿਚ ਇਕ ਭਾਰਤੀ ਆਯੁਰਵੈਦਿਕ ਡਾਕਟਰ, ਸ਼੍ਰੀ ਗੋਇਲ ਨੂੰ ਕਿਰਾਏ ਤੇ ਦੇ ਦਿੱਤਾ ਸੀ। ਪਹਿਲੇ ਪੰਜ ਕੁ ਸਾਲ ਕਿਰਾਏਦਾਰ ਦਾ ਹਿਸਾਬ ਕਿਤਾਬ ਬਿਲਕੁਲ ਠੀਕ ਰਿਹਾ। 2007 ਵਿਚ ਉਸ ਨੇ ਚਲਾਕੀ ਕਰਨੀ ਸ਼ੁਰੂ ਕਰ ਦਿੱਤੀ। ਮੈਂ ਜਨਵਰੀ 2007 ਵਿਚ ਵਪਾਰ ਤੋਂ ਸੇਵਾ ਮੁਕਤ ਹੋ ਗਿਆ ਸੀ ਅਤੇ ਗੁਰਮੀਤ ਟਰੱਕ ਸਟਾਪ ਤੋਂ ਇਲਾਵਾ ਹੋਰ ਕਾਰੋਬਾਰਾਂ ਵਿਚ ਰੁੱਝਿਆ ਹੋਇਆ ਸੀ। ਕਿਰਾਏਦਾਰ ਨੇ ਸੋਚਿਆ ਕਿ ਅਸੀਂ ਤੰਗ ਆ ਕੇ ਇਹ ਵਪਾਰ ਡੇਢ ਜਾਂ ਦੋ ਲੱਖ ਤੱਕ ਵੇਚ ਦੇਵਾਂਗੇ। ਉਸ ਨੇ ਇਹ ਵੀ ਸੋਚਿਆ ਕਿ ਉਹ 15-20 ਦਿਨ ਵਪਾਰ ਬੰਦ ਕਰ ਦੇਵੇਗਾ ਤੇ ਕਿਰਾਇਆ ਵੀ ਬੰਦ ਕਰ ਦੇਵੇਗਾ। ਸਾਡੇ ਸਾਧਨਾਂ ਤੋਂ ਸਾਨੂੰ ਸਾਰਾ ਕੁਝ ਪਤਾ ਲੱਗਣ ਤੇ ਮੈਂ ਤੁਰੰਤ ਕੁਝ ਦਿਨਾਂ ਲਈ ਐਪਲਟਨ ਵਪਾਰ ਤੇ ਹੀ ਰਿਹਾ। ਸਾਰੀ ਇਮਾਰਤ ਅੰਦਰੋ ਬਾਹਰੋਂ ਪੇਂਟ ਕਰ ਦਿੱਤੀ। ਇਮਾਰਤ ਦੇ ਪਾਰਕਿੰਗ ਵਾਲੀ ਜਗ੍ਹਾ ਉਤੇ ਲੁਕ ਵਿਛਾ ਦਿੱਤੀ। ਕਿਰਾਏਦਾਰ ਨੇ ਸਾਡੇ ਵਰਤਾਵੇ ਵਿਚ ਕੁਝ ਫ਼ਰਕ ਮਹਿਸੂਸ ਕੀਤਾ। ਮੈਂ ਉਸ ਨੂੰ ਦੱਸਿਆ ਕਿ ਅਸੀਂ ਇਮਾਰਤ ਤੇ ਪ੍ਰਾਪਰਟੀ ਇਸ ਲਈ ਸਜਾ ਰਹੇ ਹਾਂ ਕਿਉਂਕਿ ਅਸੀਂ ਇਸ ਨੂੰ ਵੇਚਣ ਤੇ ਲਾ ਰਹੇ ਹਾਂ, ਤੇ ਇਸ ਨੂੰ ਕੋਈ ਵੀ ਖ਼ਰੀਦ ਸਕਦਾ ਹੈ। ਉਸ ਨੇ ਡਰ ਕੇ ਸਾਨੂੰ 3,70,000 ਡਾਲਰ ਦੀ ਪੇਸ਼ਕਸ਼ ਦਿੱਤੀ ਤੇ ਇਹ ਗੈਸ ਸਟੇਸ਼ਨ ਸਤੰਬਰ 2008 ਵਿਚ ਵਿੱਕ ਗਿਆ।

ਮੈਂ ਗੁਰਮੀਤ ਸਿੰਘ ਨੂੰ ਸਲਾਹ ਦਿੱਤੀ ਕਿ ਆਰਥਿਕ ਮੰਦਾ ਆ ਰਿਹਾ ਹੈ ਅਤੇ ਸਾਨੂੰ ਇਹ ਪੈਸਾ ਮੰਦੀ ਆਰਥਿਕਤਾ ਦਾ ਮੁਕਾਬਲਾ ਕਰਨ ਲਈ ਆਪਣੇ ਕੋਲ ਨਕਦ ਹੀ ਰੱਖਣਾ ਚਾਹੀਦਾ ਹੈ। ਟਰੱਕ ਸਟਾਪ ਉਤੇ ਵੀ ਸਾਨੂੰ ਆਰਥਿਕ ਮੰਦਾ ਦਿਖਾਈ ਦੇਣ ਲੱਗਾ। ਅਮਰੀਕਨ ਲੋਕਾਂ ਦਾ ਸੈਰ ਸਪਾਟਾ ਹੀ, ਅਮਰੀਕਾ ਦੀ ਆਰਥਿਕਤਾ ਦੀ ਜਾਨ ਸੀ। ਉਹਨਾਂ ਦੇ ਇਸ ਰੁਝਾਨ ਕਰਕੇ ਹੀ ਹੋਟਲ, ਮੋਟਲ ਅਤੇ ਰੈਸਟੋਰੈਂਟ ਚਲਦੇ ਸਨ। ਉਹਨਾਂ ਦੇ ਤੁਰਨ ਫਿਰਨ ਨਾਲ ਹੀ ਲੋਕ ਪੈਟਰੋਲ ਆਦਿ ਵੱਧ ਪੁਆਉਂਦੇ ਸਨ ਤੇ ਸਾਰੇ ਦੇਸ਼ ਵਿਚ ਵੱਖ-ਵੱਖ ਥਾਵਾਂ ਤੇ ਘੁੰਮਦੇ ਸਨ। ਮੰਦਵਾੜਾ ਆਉਣ ਨਾਲ ਬਜ਼ਾਰਾਂ ਦੀ ਰੌਣਕ ਘਟਣ ਲੱਗ ਪਈ। ਸਭ ਤੋਂ ਜ਼ਿਆਦਾ ਆਰਥਿਕ ਮੰਦੀ ਦਾ ਨੁਕਸਾਨ ਪ੍ਰਾਪਰਟੀ ਵਪਾਰ ਨੂੰ ਹੋਇਆ। ਅਮਰੀਕਾ ਵਿਚ ਅਮੀਰ ਲੋਕ ਦੋ

ਜਾਂ ਤਿੰਨ ਘਰ ਜ਼ਰੂਰ ਲੈਂਦੇ ਸਨ ਤਾਂ ਕਿ ਮੌਸਮ ਅਨੁਸਾਰ ਉਹਨਾਂ ਮਕਾਨਾਂ ਦੀ ਵਰਤੋਂ ਕੀਤੀ ਜਾ ਸਕੇ। ਇਹੋ ਆਦਤਾਂ ਨੂੰ ਦੇਖ ਕੇ ਅਮਰੀਕਾ ਦਾ ਪ੍ਰਾਪਰਟੀ ਵਪਾਰ ਬਹੁਤ ਵੱਧ ਰਿਹਾ ਸੀ ਤੇ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਮਕਾਨ ਬਣਦੇ ਸਨ। ਬੈਂਕਾ ਨੇ ਪ੍ਰਾਪਰਟੀ ਵਪਾਰ ਲਈ 100% ਕਰਜ਼ਾ ਦੇਣਾ ਸ਼ੁਰੂ ਕਰ ਦਿੱਤਾ। ਜਦੋਂ ਮਕਾਨਾਂ ਦੀ ਮੰਗ ਨਾ ਰਹੀ ਤਾਂ ਪ੍ਰਾਪਰਟੀ ਕੰਮ-ਕਾਰ ਫੇਲ੍ਹ ਹੋ ਗਿਆ। ਪ੍ਰਾਪਰਟੀ ਵਿਚ 100% ਪੈਸਾ ਹੀ ਬੈਂਕਾ ਦਾ ਸੀ ਲਗਪਗ 1000 ਬੈਂਕ ਦਿਨਾਂ ਵਿਚ ਹੀ ਫੇਲ੍ਹ ਹੋ ਗਏ। ਪੈਟਰੋਲ ਪੰਪਾਂ ਦੀ ਸੇਲ 10 ਤੋਂ 15% ਘੱਟ ਗਈ। ਵੱਡੇ ਮੋਟਲ ਕਿਉਂਕਿ ਮਹਿੰਗੇ ਸਨ, ਇਹਨਾਂ ਦੇ ਕਮਰੇ ਕਾਫ਼ੀ ਮਹਿੰਗੇ ਕਿਰਾਏ ਤੇ ਚੜ੍ਹਦੇ ਸਨ, ਉਕਾ ਹੀ ਫੇਲ੍ਹ ਹੋ ਗਏ। ਦਰਮਿਆਨੇ ਮੋਟਲਾਂ ਨੂੰ ਬਹੁਤ ਸੱਟ ਵੱਜੀ ਤੇ ਉਹਨਾਂ ਦੀਆਂ ਵਿਕਰੀਆਂ 25 ਤੋਂ 30% ਘਟ ਗਈਆਂ। ਮੈਂ ਆਪਣੇ ਪੁੱਤਰ ਨੂੰ ਕਿਹਾ ਕਿ ਇਹ ਅਮਰੀਕਾ ਖ਼ਰੀਦਦਾਰਾਂ ਦੀ ਮੰਡੀ ਬਣ ਜਾਏਗਾ। ਮੇਰਾ ਪੁੱਤਰ ਸਮਝਦਾ ਸੀ ਕਿ ਜੇ ਅਸੀਂ ਪੈਸੇ ਆਪਣੇ ਕੋਲ ਰੱਖਦੇ ਹਾਂ ਤਾਂ ਨਿਊ ਬੈਰੀ ਵਾਲੇ ਪੈਟਰੋਲ ਪੰਪ ਉਤੇ ਕਾਫ਼ੀ ਕੈਪੀਟਲ ਗੇਨ ਟੈਕਸ ਲੱਗ ਜਾਏਗਾ। ਅਜਿਹਾ ਕਰਨ ਤੇ ਪਰਿਵਾਰ ਦੀ ਸੋਚ ਇਹ ਬਣੀ ਕਿ ਅਸੀਂ ਇਸ ਪੈਸੇ ਨਾਲ ਹੋਰ ਵਪਾਰ ਲਵਾਂਗੇ।

**ਸ਼ਰਾਬ ਦੇ ਸਟੋਰ ਦੀ ਖ਼ਰੀਦਦਾਰੀ-**

ਨੀਨਾ ਸ਼ਹਿਰ ਵਿਚ ਇੱਕ ਬਹੁਤ ਵੱਡਾ ਲਿਕਰ ਸਟੋਰ ਸੀ ਜੋ ਸਾਡੇ ਨੀਨਾ ਸ਼ਹਿਰ ਵਾਲੇ ਗੈਸ ਸਟੇਸ਼ਨ ਤੋਂ ਸੌ ਗਜ਼ ਦੀ ਦੂਰੀ ਤੇ ਸੀ। ਇਹ ਵਪਾਰ ਤੇ ਪ੍ਰਾਪਰਟੀ ਸਾਨੂੰ 4 ਲੱਖ ਡਾਲਰ ਵਿਚ ਮਿਲ ਗਈ। ਇਸ ਬਿਲਡਿੰਗ ਦੀ ਮਾਲਕ ਇੱਕ ਬੁੱਢੀ ਗੋਰੀ ਸੀ ਅਤੇ ਉਸ ਦਾ ਲਿਕਰ ਸਟੋਰ ਉਸ ਦੇ ਧੀ-ਜਵਾਈ ਚਲਾ ਰਹੇ ਸਨ, ਤੇ ਬਿਲਡਿੰਗ ਦਾ ਕਿਰਾਇਆ ਉਹ ਇਸ ਬਜ਼ੁਰਗ ਔਰਤ ਨੂੰ ਦੇ ਦਿੰਦੇ ਸਨ। ਅਸੀਂ ਸੋਚਿਆ ਕਿ ਸਾਡੇ ਪੈਸੇ ਵੀ ਲੱਗ ਜਾਣਗੇ ਤੇ ਅਸੀਂ ਬਿਲਡਿੰਗ ਤੇ ਵਪਾਰ ਦੇ ਮਾਲਕ ਅਸੀਂ ਹੋਵਾਂਗੇ ਅਤੇ ਬਜ਼ੁਗਰ ਔਰਤ ਦੇ ਧੀ-ਜਵਾਈ ਸਾਡੇ ਲਈ ਕਿਰਾਏ ਉਤੇ ਲਿਕਰ ਸਟੋਰ ਚਲਾਉਣਗੇ। ਸਾਡੇ ਕੋਲ ਕਾਫ਼ੀ ਨਕਦ ਪੈਸੇ ਸਨ, ਸਾਨੂੰ ਥੋੜ੍ਹਾ ਜਿਹਾ ਕਰਜ਼ਾ ਹੀ ਚਾਹੀਦਾ ਸੀ। ਏਨੇ ਵਿਚ ਇੱਕ ਹੋਰ ਬੈਂਕ, ਸਾਨੂੰ ਬਹੁਤ ਚਾਹੁਣ ਲੱਗਾ। ਉਸ ਬੈਂਕ ਦਾ ਨਾਮ ਸਿਟੀਜ਼ਨ ਬੈਂਕ ਸੀ। ਉਹ ਸਾਨੂੰ ਲਿਕਰ ਸਟੋਰ ਉਤੇ 5% ਵਿਆਜ ਤੇ ਕਰਜ਼ਾ ਦੇਣ ਲਈ ਤਿਆਰ ਹੋ ਗਿਆ। 5% ਵਿਆਜ ਉਸ ਸਮੇਂ ਦੇ ਹਾਲਾਤਾਂ ਅਨੁਸਾਰ ਬਹੁਤ ਘੱਟ ਸੀ।

ਇਸੇ ਸਮੇਂ ਇੱਕ ਹੋਰ ਅਣਸੁਖਾਵੀਂ ਘਟਨਾ ਵਾਪਰੀ। ਐਮ ਐਂਡ ਆਈ ਬੈਂਕ ਦੇ ਸੀਨੀਅਰ ਅਫ਼ਸਰ, ਮਾਰਕ ਸਟਰ ਇੱਕ ਹੋਰ ਭਾਰਤੀ ਦਾ ਬਹੁਤ ਸਤਿਕਾਰ ਕਰਦਾ ਸੀ। ਉਸ ਦਾ ਨਾਮ, ਮੁਨੀਸ਼ ਪਟੇਲ ਸੀ। ਉਸ ਕੋਲ ਕਾਫ਼ੀ ਮੋਟਲ ਅਤੇ ਗੈਸ ਸਟੇਸ਼ਨ ਸਨ। ਪਤਾ ਨਹੀਂ ਕਿਉਂ, ਮੁਨੀਸ਼ ਪਟੇਲ ਅਲੋਪ ਹੋ ਗਿਆ। ਐਮ.ਐਂਡ.ਆਈ. ਬੈਂਕ, ਸਾਰੇ ਭਾਰਤੀ ਗਾਹਕਾਂ ਤੇ ਸ਼ੱਕ ਕਰਨ ਲੱਗਾ ਪਿਆ।

ਅਸੀਂ ਸਿਟੀਜ਼ਨ ਬੈਂਕ ਤੋਂ ਕਰਜ਼ਾ ਲੈ ਕੇ ਸਮਝਿਆ ਕਿ ਅਸੀਂ ਮਾਰਕ ਸਟਰ ਉਤੇ ਹੋਰ ਵਜ਼ਨ ਨਹੀਂ ਪਾਉਣਾ ਚਾਹੁੰਦੇ।

ਇਸ 5% ਵਾਲੇ ਕਰਜ਼ੇ ਦਾ ਅਸੀਂ ਇਹ ਫਾਇਦਾ ਉਠਾਇਆ ਕਿ ਅਸੀਂ ਸਿਟੀਜ਼ਨ ਬੈਂਕ ਨਾਲ ਗੱਲ ਕੀਤੀ ਕਿ, ਕੀ ਤੁਸੀਂ ਸਾਡੇ ਸਾਰੇ ਕਰਜ਼ੇ ਇਸ ਵਿਆਜ ਤੇ ਟੇਕ ਓਵਰ ਕਰਨ ਲਈ ਤਿਆਰ ਹੋ? ਉਹ ਮੰਨ ਗਏ। ਇਸ ਮੌਕੇ ਦਾ ਫਾਇਦੇ ਉਠਾਉਂਦੇ ਹੋਏ ਮੈਂ ਐਮ.ਐਂਡ.ਆਈ. ਦੇ ਮਾਰਕ ਸਟਰ ਕੋਲ ਗਿਆ ਅਤੇ ਕਿਹਾ ਕਿ ਸਿਟੀਜ਼ਨ ਬੈਂਕ ਸਾਡੇ ਸਾਰੇ ਲੋਨ 5% ਵਿਆਜ ਤੇ ਟੇਕ ਓਵਰ ਕਰਨ ਲਈ ਤਿਆਰ ਹੈ। ਪਰ ਕਿਉਂਕਿ ਤੁਹਾਡੇ ਨਾਲ ਸਾਡੇ ਸਬੰਧ ਬਹੁਤ ਪੁਰਾਣੇ ਹਨ ਜੇ ਤੁਸੀਂ ਵੀ 5% ਲੋਨ ਦੇ ਉਤੇ ਸਾਡਾ ਪੁਰਾਣਾ ਕਰਜ਼ਾ ਲਵੋਗੇ ਤਾਂ ਅਸੀਂ ਤੁਹਾਡੇ ਨਾਲ ਹੀ ਚਲਾਂਗੇ। ਮਾਰਕ ਸਟਰ ਨੇ ਮੇਰੇ ਤੋਂ 10 ਮਿੰਟ ਮੰਗੇ ਤੇ ਆਪਣੇ ਬੌਸ ਤੋਂ ਹਾਂ ਕਰਵਾ ਲਈ। ਸਾਡਾ ਸਾਰਾ ਕਰਜ਼ਾ 5% ਵਿਆਜ ਤੇ ਹੀ ਹੋ ਗਿਆ। ਅਕਤੂਬਰ 2009 ਵਿਚ ਲਿਕਰ ਸਟੋਰ ਦੀ ਰਜਿਸਟਰੀ ਹੋ ਗਈ। ਲਿਕਰ ਸਟੋਰ ਨੂੰ ਪੁਰਾਣੇ ਮਾਲਕ ਦੀ ਧੀ ਤੇ ਜਵਾਈ ਚਲਾਉਣ ਲੱਗੇ। ਦੋ ਕੁ ਮਹੀਨਿਆਂ ਬਾਅਦ ਹੀ ਵਪਾਰ ਚਲਾ ਕੇ ਕਿਰਾਏਦਾਰਾਂ ਨੇ ਸਟੋਰ ਬੰਦ ਕਰ ਦਿੱਤਾ। ਵਪਾਰ ਬੰਦ ਰਹਿਣ ਨਾਲ ਵਪਾਰ ਦਾ ਮੁੱਲ ਤਾਂ ਘਟਦਾ ਹੀ ਹੈ ਪਰ ਪ੍ਰਾਪਰਟੀ ਦਾ ਮੁਲ ਵੀ ਘਟਦਾ ਹੈ। ਅਸੀਂ ਲਾਇਸੰਸ ਆਦਿ ਆਪਣੇ ਨਾਂ ਕਰਵਾ ਕੇ ਅਪ੍ਰੈਲ 2009 ਵਿਚ ਸਟੋਰ ਚਲਾਉਣਾ ਸ਼ੁਰੂ ਕਰ ਦਿੱਤਾ। ਕੁਝ ਮਹੀਨਿਆਂ ਬਾਅਦ ਸਾਨੂੰ ਇੱਕ ਕਿਰਾਏਦਾਰ ਲੱਭ ਗਿਆ ਤੇ ਅਸੀਂ ਇਸ ਕਿਰਾਏਦਾਰ ਨੂੰ ਹੀ ਇਹ ਵਪਾਰ 4 ਲੱਖ ਡਾਲਰ ਵਿਚ ਵੇਚ ਦਿੱਤਾ।

ਜਿਸ ਸਮੇਂ ਅਸੀਂ ਇਹ ਲਿਕਰ ਸਟੋਰ ਚਲਾ ਰਹੇ ਸੀ, ਸਾਨੂੰ ਵਿਸਕਾਨਸਿਨ ਸਟੇਟ, ਸੇਲ ਟੈਕਸ ਵਿਭਾਗ ਦੀ ਚਿੱਠੀ ਆਈ ਕਿ ਕਿਰਾਏਦਾਰਾਂ ਨੇ 25000 ਡਾਲਰ ਸੇਲ ਟੈਕਸ ਵਿਭਾਗ ਨੂੰ ਦੇਣਾ ਸੀ। ਉਹ ਵੀ ਸਾਨੂੰ ਹੀ ਭਰਨਾ ਪਿਆ। ਜਿਸ ਵਪਾਰ ਵਿਚ ਅਸੀਂ ਸੋਚਦੇ ਸੀ ਕਿ 4 ਲੱਖ ਦਾ ਲੈ ਕੇ 6 ਲੱਖ ਦਾ ਵੇਚ ਦਿਆਂਗੇ ਪਰ ਉਹ ਵਪਾਰ ਸਾਨੂੰ ਤਕਰੀਬਨ 25 ਹਜ਼ਾਰ ਤੋਂ 30 ਹਜ਼ਾਰ ਡਾਲਰ ਘਾਟੇ ਤੇ ਵੇਚਣਾ ਪਿਆ।

**ਮੋਟਲ ਖ਼ਰੀਦਣਾ**

ਸਾਡੇ ਨੇੜੇ ਹੀ ਇੱਕ ਰੈੱਡ ਗਰੇਨਾਈਟ ਨਾਮ ਦਾ ਸ਼ਹਿਰ ਹੈ, ਜਿੱਥੇ ਚਾਰ ਏਕੜ ਵਿਚ ਬਣੀ ਸੁੰਦਰ ਇਮਾਰਤ ਵਿਚ 41 ਕਮਰੇ ਬਣੇ ਹੋਏ ਸਨ। ਇਹ ਹਾਈਵੇਅ ਉਤੇ ਸੀ ਅਤੇ ਟਰੱਕ ਸਟਾਪ ਤੋਂ ਲਗਪਗ 35 ਮੀਲ ਦੂਰ ਸੀ। ਇਸ ਮੋਟਲ ਦੀ ਕਹਾਣੀ 25 ਸਾਲ ਪਿਛੇ ਚਲੀ ਜਾਂਦੀ ਹੈ, ਜਿਸ ਨੂੰ ਕਿਸੇ ਗੁਜਰਾਤੀ ਵਪਾਰੀ ਨੇ ਬਣਵਾਇਆ ਸੀ। ਉਸ ਕੋਲ ਅਮਰੀਕਾ ਵਿਚ 6 ਹੋਰ ਮੋਟਲ ਸਨ। ਇਹ ਬਿਲਡਿੰਗ ਤੇ ਪਲਾਟ ਸੰਪੂਰਨ ਹੋਣ ਤੱਕ ਉਸ ਦੇ 24 ਲੱਖ ਡਾਲਰ ਲੱਗੇ। ਸ਼ਹਿਰ ਦੀ ਸਰਕਾਰ ਨੇ ਇਸ ਦਾ ਬਹੁਤ ਚਾਓ ਕੀਤਾ ਤੇ ਤਿੰਨ ਲੱਖ ਡਾਲਰ ਗੁਜਰਾਤੀ ਨੂੰ ਇੰਨਸੈਂਟਿਵ ਵਜੋਂ ਦੇ ਦਿੱਤਾ। ਪਤਾ ਨਹੀਂ ਕੀ ਹੋਇਆ ਇਹ ਵਪਾਰੀ ਅਲੋਪ ਹੋ

ਗਿਆ। ਬੈਂਕ ਦਾ ਕਰਜ਼ਾ ਕਾਫ਼ੀ ਸੀ। ਬੈਂਕ ਨੇ ਸਾਰੀਆਂ ਪ੍ਰਾਪਰਟੀਆਂ ਲੈ ਲਈਆਂ ਤੇ ਇਹ ਮੋਟਲ ਕਿਸੇ ਬੈਂਕ ਦੇ ਅਫ਼ਸਰ ਨੂੰ 14 ਲੱਖ ਡਾਲਰ ਵਿਚ ਵੇਚ ਦਿੱਤਾ। ਬੈਂਕ ਕਰਮਚਾਰੀ ਨੇ ਆਪਣੇ ਇੱਕ ਹੋਰ ਦੋਸਤ ਨੂੰ ਨਾਲ ਰਲਾ ਲਿਆ ਜਿਸ ਨੇ ਇਹ ਮੋਟਲ ਚਲਾਉਣਾ ਸੀ। ਛੇ ਮਹੀਨਿਆਂ ਵਿਚ ਬੈਂਕ ਮੈਨੇਜਰ ਦਾ ਦੋਸਤ ਮਰ ਗਿਆ ਤੇ ਇਹ ਪ੍ਰਾਪਰਟੀ ਫਿਰ ਬੈਂਕ ਕੋਲ ਆ ਗਈ। ਬੈਂਕ ਨੇ ਫਿਰ ਇਹ ਪ੍ਰਾਪਰਟੀ ਗਿਆਰਾਂ ਲੱਖ ਡਾਲਰ ਵਿਚ ਦੂਸਰੇ ਮਾਲਕ ਨੂੰ ਵੇਚ ਦਿੱਤੀ। ਇਹ ਮਾਲਕ ਵੀ ਇਸ ਨੂੰ ਨਹੀਂ ਚਲਾ ਸਕਿਆ ਤੇ ਉਸ ਨੇ ਇੱਕ ਹੋਰ ਗੋਰੇ ਵਪਾਰੀ ਨੂੰ ਅੱਠ ਲੱਖ ਡਾਲਰ ਵਿਚ ਇਸ ਨੂੰ ਵੇਚ ਦਿੱਤਾ।ਇਸ ਚੌਥੇ ਮਾਲਕ ਤੋਂ ਅਸੀਂ ਇਹ ਪ੍ਰਾਪਰਟੀ ਖ਼ਰੀਦੀ। ਅਸੀਂ ਇਹ ਪ੍ਰਾਪਰਟੀ ਸਾਢੇ ਸੱਤ ਲੱਖ ਡਾਲਰ ਵਿਚ ਖ਼ਰੀਦੀ। ਉਸ ਦੇ ਬਾਹਰ ਰੈੱਡ ਗਰੇਨਾਈਟ ਇੱਨ ਲਿਖਿਆ ਹੋਇਆ ਸੀ। ਸਾਡੇ ਕੁਝ ਦੋਸਤ ਜੋ ਮੋਟਲਾਂ ਦਾ ਕੰਮ ਕਰਦੇ ਸੀ, ਉਹਨਾਂ ਨੇ ਸਾਨੂੰ ਸੁਝਾਓ ਦਿੱਤਾ ਕਿ ਇਸ ਦੇ ਬਾਹਰ "ਨਾਈਟ ਇੱਨ ਦਾ ਸਾਈਨ ਲਾ ਦਿਓ।" ਨਾਈਨ ਇੱਨ ਦਾ ਸਾਈਨ ਲਾਉਣ ਲਈ, ਨਾਈਟਸ ਇੱਨ ਕੰਪਨੀ ਕੁਲ ਵਿਕਰੀ ਦਾ 15% ਚਾਰਜ ਕਰਦੀ ਸੀ। ਇਸ ਸਾਈਨ ਦੇ ਲਾਉਣ ਨਾਲ ਸਾਨੂੰ ਕੁਝ ਕਾਰੋਬਾਰ ਵੀ ਮਿਲਿਆ। 41 ਕਮਰਿਆਂ ਤੋਂ ਇਲਾਵਾ ਨਹਾਉਣ ਲਈ ਗਰਮ ਪਾਣੀ ਅਤੇ ਪੂਲ ਆਦਿ ਸੀ। ਇਸ ਵਿਚ ਕਾਨਫਰੰਸ ਹਾਲ ਵੀ ਸੀ। 41 ਕਮਰਿਆਂ ਵਿਚੋਂ ਪੰਜ ਵਰਲਪੂਲ ਸੂਟ ਵੀ ਸਨ। ਇਸ ਵਿਚ ਪੰਜ ਰਸੋਈਆਂ ਵਾਲੇ ਸੂਟ ਵੀ ਸਨ, ਜੋ ਕਿ ਜ਼ਿਆਦਾ ਦੇਰ ਰਹਿਣ ਵਾਲੇ ਗਾਹਕਾਂ ਲਈ ਅਨੁਕੂਲ ਹੁੰਦਾ ਸੀ। ਇਸ ਇਲਾਕੇ ਵਿਚ ਸ਼ਿਕਾਰੀ ਆਦਿ ਆਉਂਦੇ ਸੀ। ਸਰਦੀਆਂ ਵਿਚ ਸਕੀਇੰਗ ਵਿਚ ਹਿੱਸਾ ਲੈਣ ਲਈ ਕਾਫ਼ੀ ਲੋਕ ਆਉਂਦੇ ਸਨ। ਇਸ ਦੇ ਨਾਲ ਹੀ ਓਸ਼ਕੋਸ਼ ਸ਼ਹਿਰ ਵਿਚ ਹਰ ਸਾਲ ਤਿੰਨ ਦਿਨ ਲਈ ਜਹਾਜ਼ਾਂ ਦਾ ਮੇਲਾ ਲੱਗਦਾ ਹੈ। ਇਸ ਦੌਰਾਨ ਇੱਕ ਕਮਰੇ ਦੀ ਕੀਮਤ ਚਾਲੀ ਡਾਲਰ ਤੋਂ ਵੱਧ ਕੇ ਦੋ ਸੌ ਡਾਲਰ ਹੋ ਜਾਂਦੀ ਸੀ। ਨਾਸ਼ਤਾ 6 ਤੋਂ 9 ਵਜੇ ਤੱਕ ਮੁਫ਼ਤ ਹੁੰਦਾ ਸੀ। ਵੱਡੀਆਂ ਪਾਰਟੀਆਂ ਲਈ ਕੁਝ ਰਿਆਇਤਾਂ ਵਾਲੇ ਰੇਟ ਵੀ ਹੁੰਦੇ ਹਨ।

ਇਹ ਸੈਲਾਨੀਆਂ ਦਾ ਇਲਾਕਾ ਹੈ। ਲੋਕ ਗੋਲਫ ਖੇਡਣ, ਸਕਾਈ ਡਾਈਵਿੰਗ ਲਈ ਵੀ ਇਥੇ ਆਉਂਦੇ ਸਨ। ਮੱਛੀਆਂ ਨੂੰ ਫੜਨਾ, ਬੋਟਿੰਗ ਕਰਨਾ, ਸ਼ਿਕਾਰ ਖੇਡਣਾ, ਸਨੋਅ ਮੋਬਾਇਲਿੰਗ, ਆਈਸ ਏਜ ਟ੍ਰਾਇਲ ਅਤੇ ਪੈਰਾਸ਼ੂਟਿੰਗ ਲਈ ਵੀ ਲੋਕ ਇਥੇ ਆਉਂਦੇ ਹਨ। ਓਸ਼ਕੋਸ਼ ਦਾ ਏਅਰ ਸ਼ੋਅ ਦੁਨੀਆ ਦੇ ਬਹੁਤ ਵੱਡੇ ਸ਼ੋਆਂ ਵਿਚੋਂ ਇੱਕ ਹੈ ਜੋ ਹਰ ਸਾਲ 30 ਜੁਲਾਈ ਤੋਂ 1 ਅਗਸਤ ਤੱਕ ਚਲਦਾ ਹੈ। 15,000 ਜਹਾਜ਼ਾਂ ਤੋਂ ਇਲਾਵਾ ਲੱਖਾਂ ਸੈਲਾਨੀ ਸਾਰੀ ਦੁਨੀਆਂ ਤੋਂ ਸ਼ੋਅ ਦੇਖਣ ਲਈ ਆਉਂਦੇ ਹਨ। ਸ਼ੋਅ ਕਾਰਨ ਹਜ਼ਾਰਾਂ ਸੈਲਾਨੀਆਂ ਨਾਲ ਇਲਾਕਾ ਪੂਰਾ ਭਰ ਜਾਂਦਾ ਹੈ।

ਇਹਨਾਂ ਗੱਲਾਂ ਦੇ ਬਾਵਜੂਦ ਕਿ ਅਸੀਂ ਇਹ ਮੋਟਲ 7,50,000 ਡਾਲਰ

ਵਿਚ ਖ਼ਰੀਦਿਆ, ਜੋ ਵਪਾਰ ਇੱਕ ਦਿਨ 24 ਲੱਖ ਡਾਲਰ ਦਾ ਬਣਿਆ ਸੀ, ਫਿਰ ਵੀ ਅਸੀਂ ਇਹ ਵਪਾਰ ਵਿਚ ਜ਼ਿਆਦਾ ਪੈਸਾ ਨਹੀਂ ਬਣਾ ਸਕੇ। 2008-09 ਵਿਚ ਸ਼ੁਰੂ ਹੋਏ ਆਰਥਿਕ ਮੰਦਵਾੜੇ ਕਰਕੇ ਅਮਰੀਕਨ ਲੋਕਾਂ ਦਾ ਤੋਰਾ ਫੇਰਾ ਘਟ ਗਿਆ ਸੀ। ਇਸ ਤੋਂ ਇਲਾਵਾ ਅਸੀਂ ਟਰੱਕ ਸਟਾਪ ਚਲਾਉਣ ਵਿਚ ਬਹੁਤ ਰੁੱਝੇ ਹੋਏ ਸੀ। ਇਸ ਲਈ ਅਸੀਂ ਮੋਟਲ ਨੂੰ ਜ਼ਿਆਦਾ ਸਮਾਂ ਨਹੀਂ ਦੇ ਸਕੇ। 8 ਦਸੰਬਰ 2010 ਜਦੋਂ ਅਸੀਂ ਭਾਰਤ ਲਈ ਚੱਲੇ, ਉਦੋਂ ਤੱਕ ਇਹ ਸਾਡਾ ਦੱਸਵਾਂ ਤੇ ਆਖ਼ਰੀ ਵਪਾਰ ਸੀ, ਜੋ ਅਸੀਂ ਖ਼ਰੀਦਿਆ। ਦਸੰਬਰ 2010 ਤੱਕ ਮੈਂ ਤੇ ਮੇਰੀ ਪਤਨੀ ਨੇ ਸਾਰਾ ਕਾਰੋਬਾਰ ਅਤੇ ਮਕਾਨ ਆਦਿ ਆਪਣੇ ਦੋਵਾਂ ਪੁੱਤਰਾਂ ਨੂੰ ਸੰਭਾਲ ਦਿੱਤਾ।

ਮੋਟਲ ਵਪਾਰ ਲਗਪਗ 30% ਘਟ ਗਿਆ। ਜ਼ਿਆਦਤਰ ਮੋਟਲ ਬੰਦ ਹੋ ਗਏ ਅਤੇ ਬੈਂਕ ਦੀਆਂ ਅਦਾਇਗੀਆਂ ਨਾ ਹੋ ਸਕੀਆਂ। ਬਹੁਤ ਵਪਾਰ ਫੇਲ੍ਹ ਹੋ ਗਏ ਅਤੇ ਬੈਂਕ ਕੋਲ ਚਲੇ ਗਏ। ਇਸ ਆਰਥਿਕ ਮੰਦਵਾੜੇ ਵਿਚ ਲਗਪਗ 1000 ਬੈਂਕ ਕਰੈਡਿਟ ਕੰਪਨੀਆਂ ਫੇਲ੍ਹ ਹੋ ਗਈਆਂ। ਸਾਡਾ ਮੋਟਲ ਵੀ ਘਾਟੇ ਵਿਚ ਚੱਲ ਰਿਹਾ ਸੀ। ਪਰੰਤੂ ਅਸੀਂ ਰੱਬ ਤੋਂ ਡਰਨ ਵਾਲੇ ਬੰਦੇ ਹਾਂ, ਅਸੀਂ ਕਦੇ ਵੀ ਦੀਵਾਲੀਆਪਨ ਬਾਰੇ ਨਹੀਂ ਸੋਚਿਆ। ਅਖ਼ੀਰ ਵਿਚ ਇਹ ਵਪਾਰ ਅਸੀਂ 2017 ਵਿਚ 6,25,000 ਡਾਲਰ ਵਿਚ ਵੇਚ ਦਿੱਤਾ। ਅਸੀਂ 2009 ਤੋਂ 2017 ਤੱਕ ਇਸ ਨੂੰ ਚਲਾਉਂਦਿਆਂ ਹੋਇਆਂ ਦੋ ਲੱਖ ਡਾਲਰ ਦਾ ਘਾਟਾ ਝੱਲਿਆ, ਜੋ ਅਸੀਂ ਟਰੱਕ ਸਟਾਪ ਦੇ ਮੁਨਾਫ਼ੇ ਵਿਚੋਂ ਪੂਰਾ ਕੀਤਾ।

# ਮੌਕਿਆਂ ਦੀ ਧਰਤੀ

ਅਮਰੀਕਾ ਮੌਕਿਆਂ ਦੀ ਧਰਤੀ ਹੈ। 2008 ਦੇ ਆਰਥਿਕ ਮੰਦਵਾੜੇ ਤੋਂ ਬਾਅਦ ਵੀ ਮੌਕੇ ਉਪਲਬਧ ਹਨ। ਇੱਕ ਜਾਇਦਾਦ ਜਾਂ ਕਾਰੋਬਾਰ ਇੱਕ ਇਨਸਾਨ ਜਾਂ ਕੰਪਨੀ ਲਈ ਨੁਕਸਾਨ ਹੁੰਦਾ ਹੈ, ਉਥੇ ਹੀ ਦੂਜੇ ਇਨਸਾਨ ਜਾਂ ਕੰਪਨੀ ਲਈ ਮੌਕਾ ਹੁੰਦਾ ਹੈ। ਗੈਟੀ, ਜੋ ਕਿ ਬਹੁਤ ਮਸ਼ਹੂਰ ਪ੍ਰਾਪਰਟੀ ਡਿਵੈਲਪਰ ਸੀ, ਨੇ ਤਕਰੀਬਨ 100 ਸਾਲ ਪਹਿਲਾਂ ਕਿਹਾ ਸੀ,"ਜੋ ਚੀਜ਼ ਲੋਕ ਸੁੱਟ ਰਹੇ ਹਨ ਉਹ ਖ਼ਰੀਦ ਲਓ ਅਤੇ ਜੋ ਤੁਹਾਡੀ ਚੀਜ਼ ਮੰਗ ਵਿਚ ਹੈ ਉਸ ਨੂੰ ਵੇਚ ਦਿਓ।" ਅਸੀਂ ਇਸ ਅਸੂਲ ਨੂੰ ਅਪਣਾਇਆ ਅਤੇ ਚੰਗੀ ਤਰ੍ਹਾਂ ਕਾਮਯਾਬ ਹੋਏ। ਪਹਿਲਾ ਵਪਾਰ ਜੋ ਅਸੀਂ ਸਟਾਊਟਨ ਵਿਖੇ ਕੀਤਾ ਉਸ ਨੇ ਸਾਨੂੰ ਕੰਮ ਕਰਨ ਦੀ ਜਾਚ ਸਿਖਾਈ ਅਤੇ ਅਮਰੀਕਾ ਦੇ ਕਰੈਡਿਟ ਸਿਸਟਮ ਵਿਚ ਤਰੱਕੀ ਕਰਨੀ ਸਿਖਾਈ। ਮੈਡੀਸਨ ਵਿਖੇ ਦੂਜਾ ਵਪਾਰ ਜਿਹੜਾ ਕੰਪਨੀ ਨੇ ਤਾਂ ਵੇਚ ਦਿੱਤਾ ਸੀ ਕਿਉਂਕਿ ਉਹਨਾਂ ਦੇ ਕਰਮਚਾਰੀਆਂ ਦੀ ਗਿਣਤੀ ਬਹੁਤ ਸੀ ਅਤੇ ਉਹਨਾਂ ਨੂੰ ਪੈਸਾ ਨਹੀਂ ਸੀ ਬਣ ਰਿਹਾ। ਇਸ ਮੌਕੇ ਨੂੰ ਅਸੀਂ ਬੱਚਿਆਂ ਦੀ ਪੜ੍ਹਾਈ, ਜੋ ਕਿ ਬਹੁਤ ਅੱਛੀ ਯੂਨੀਵਰਸਿਟੀ ਵਿਚ ਹੋਣੀ ਸੀ, ਮੌਕਾ ਸਮਝ ਕੇ ਲੈ ਲਿਆ। ਅਸੀਂ ਇੱਜ਼ਤਦਾਰ ਪਰਿਵਾਰ ਵਾਂਗ ਇਸ ਕਾਰੋਬਾਰ ਵਿਚੋਂ ਰੁਜ਼ਗਾਰ ਕੱਢਿਆ। ਅਸੀਂ ਐੱਮ ਐਂਡ ਆਈ ਬੈਂਕ ਨਾਲ ਰਿਸ਼ਤੇ ਬਣਾਏ ਜੋ ਸਾਨੂੰ ਬਾਅਦ ਵਾਲੇ ਵਪਾਰ ਲੈਣ ਲਈ ਸਹਾਇਕ ਸਾਬਤ ਹੋਇਆ। ਅਸੀਂ ਇਸ ਸ਼ਹਿਰ ਵਿਚ ਚਾਰ ਪਰਿਵਾਰਾਂ ਨਾਲ ਦੋਸਤੀ ਬਣਾਈ ਜੋ ਹੁਣ ਤੱਕ ਕਾਇਮ ਹੈ। ਇਸ ਤੋਂ ਇਲਾਵਾ ਸਾਨੂੰ ਮੈਡੀਸਨ ਵਰਗੇ ਸ਼ਹਿਰ ਵਿਚ ਬਹੁਤ ਯੂਨੀਵਰਸਿਟੀ ਦੇ ਪ੍ਰੋਫੈਸਰ ਮਿਲਦੇ ਸੀ, ਜਿਹਨਾਂ ਤੋਂ ਅਸੀਂ ਬਹੁਤ ਕੁਝ ਸਿੱਖਿਆ। ਅਸੀਂ ਉਥੇ ਇੱਕ ਇਟਾਲੀਅਨ ਗਾਹਕ ਨੂੰ ਮਿਲੇ, ਜਿਸ ਤੋਂ ਅਸੀਂ ਇਹ ਸਿੱਖਿਆ,"ਆਪਣੇ ਪਾਣੀ ਵਿਚ ਹੀ ਬੰਦਾ ਖੁਸ਼ ਰਹਿ ਸਕਦਾ ਹੈ।" ਇਕ ਹੋਰ ਮਿੱਤਰ ਸਟੀਵ ਨੂੰ ਮਿਲੇ, ਜਿਸ ਨੇ ਕਿਹਾ,"ਸ਼ਗਕਅਵਜਅਪ ਅਕਡਕਗ ਕਅਦਤੌ ਅਰਥਾਤ ਮਾਤਾ ਪਿਤਾ ਦੇ ਫਰਜ਼ ਕਦੇ ਖ਼ਤਮ ਨਹੀਂ ਹੁੰਦੇ।

ਅਮਰੀਕਨਾਂ ਨੇ ਵੀ ਸਾਥੋਂ ਬਹੁਤ ਕੁਝ ਸਿੱਖਿਆ ਹੋਵੇਗਾ। ਅਕਸਰ ਇਹ ਸੁਣਦੇ ਸੀ ਕਿ ਸਾਡੇ ਲੋਕ ਵੀ ਪਹਿਲਾਂ ਤੁਹਾਡੇ ਵਾਂਗ ਪਰਿਵਾਰਾਂ ਵਿਚ ਰਹਿੰਦੇ ਸੀ।

ਤੀਜਾ ਵਪਾਰ ਉਸ ਦੇ ਮਾਲਕ ਡੇਲ ਨੇ ਵੇਚ ਦਿੱਤਾ ਕਿਉਂਕਿ ਉਹ ਬੁਨਿਆਦੀ ਤੌਰ ਤੇ ਵਪਾਰੀ ਨਹੀਂ ਸੀ। ਉਸ ਨੂੰ ਵਪਾਰੀਆਂ ਵਾਂਗ ਘਾਟਾ ਝੱਲਣ ਦਾ

ਅਤੇ ਵਪਾਰ ਦਾ ਵਧੀਆ ਰਾਜ ਪ੍ਰਬੰਧ ਕਰਨ ਦੀ ਜਾਚ ਨਹੀਂ ਸੀ। ਉਹ ਕਾਰੀਗਰ ਸੀ ਪਰ ਉਸ ਦੀ ਸੋਚਣੀ ਮਜ਼ਦੂਰਾਂ ਵਰਗੀ ਸੀ। ਉਸ ਵੱਲੋਂ ਫੇਲ੍ਹ ਕੀਤਾ ਵਪਾਰ ਸਾਡੇ ਲਈ ਮੌਕਾ ਸੀ ਅਤੇ ਅਸੀਂ ਆਰਥਿਕ ਤੌਰ ਤੇ ਸਥਾਪਿਤ ਹੋ ਗਏ। ਚੌਥਾ ਵਪਾਰ ਫੰਡੂਲਾਕ ਵਿਖੇ ਤਾਂ ਵਿਕਿਆ, ਕਿਉਂਕਿ ਮਾਲਕ ਬੁੱਢਾ ਹੋਣ ਕਰਕੇ ਰਿਟਾਇਰ ਹੋ ਰਿਹਾ ਸੀ। ਅਸੀਂ ਉਸ ਨੂੰ 3,62,000 ਡਾਲਰ ਤੇ ਸਸਤੀ ਕੀਮਤ ਤੇ ਖ਼ਰੀਦ ਲਿਆ ਅਤੇ ਮੌਕਾ ਸਮਝ ਕੇ ਉਸ ਨੂੰ ਜਲਦੀ ਹੀ ਵੇਚ ਦਿੱਤਾ। ਉਸ ਦੀ ਵਿਕਰੀ ਵਿਚੋਂ ਸਾਨੂੰ 1,28,000 ਡਾਲਰ ਬਚਿਆ। ਪੰਜਵਾਂ ਕਾਰੋਬਾਰ ਟਰੱਕ ਸਟਾਪ ਸੀ। ਜੋ ਯੂ.ਐੱਸ ਆਇਲ ਕੰਪਨੀ ਨੇ ਇਸ ਲਈ ਵੇਚ ਦਿੱਤਾ ਸੀ ਕਿਉਂਕਿ ਹਾਈਵੇਅ 76 ਦੀ ਸੜਕ ਬਦਲਣ ਨਾਲ ਉਹਨਾਂ ਦੀਆ ਵਿਕਰੀਆਂ ਘੱਟ ਜਾਣ ਦਾ ਡਰ ਸੀ। ਇਹ ਦੋਵੇਂ ਪਾਰਟੀਆਂ ਲਈ ਮੌਕਾ ਸੀ। ਉਹਨਾਂ ਨੂੰ ਸਾਡੇ ਵਰਗਾ ਇਮਾਨਦਾਰ ਖ਼ਰੀਦਦਾਰ ਮਿਲ ਗਿਆ ਅਤੇ ਉਹਨਾਂ ਨੇ 10 ਸਾਲ ਆਮ ਮੁਨਾਫ਼ੇ ਤੋਂ ਇਲਾਵਾ ਇੱਕ ਪੈਸਾ ਪ੍ਰਤੀ ਗੈਲਨ ਵੱਧ ਲੈਣਾ ਸੀ। ਅਸੀਂ ਇਸ ਕਾਰੋਬਾਰ ਨੂੰ ਆਰਥਿਕ ਅਤੇ ਸਮਾਜਿਕ ਤੌਰ ਤੇ ਸਥਾਪਿਤ ਹੋਣ ਦਾ ਮੌਕਾ ਸਮਝਿਆ। 9 ਸਾਲ ਵਪਾਰ ਚਲਾ ਕੇ ਅਸੀਂ ਵਪਾਰ ਵਿਚੋਂ ਇੱਜ਼ਤਦਾਰ ਰੋਟੀ ਕਮਾਈ।

ਅਸੀਂ ਛੇਵਾਂ ਵਪਾਰ ਲਿਟਲ ਸ਼ੂਟ ਵਿਖੇ ਖ਼ਰੀਦਿਆ। ਜਿਸ ਕੰਪਨੀ ਤੋਂ ਅਸੀਂ ਇਹ ਵਪਾਰ ਖ਼ਰੀਦਿਆ, ਉਹ ਕੰਪਨੀ ਦੀਵਾਲੀਆ ਹੋ ਗਈ ਸੀ ਤੇ ਉਹਨਾਂ ਨੇ ਇਹ ਵਪਾਰ ਵੇਚ ਦਿੱਤਾ। ਅਸੀਂ ਸੱਤਵਾਂ ਤੇ ਅੱਠਵਾਂ ਵਪਾਰ ਯੂ.ਐੱਸ ਆਇਲ ਕੰਪਨੀ ਤੋਂ 2005 ਵਿਚ ਖ਼ਰੀਦਿਆ ਅਤੇ ਸਾਨੂੰ ਕੋਈ ਪੇਮੈਂਟ ਵੀ ਨਹੀਂ ਕਰਨੀ ਪਈ। ਯੂ.ਐੱਸ ਆਇਲ ਕੰਪਨੀ ਨੇ ਸਾਨੂੰ 1,50,000 ਡਾਲਰ ਦਾ ਪਰਸਨਲ ਲੋਨ ਦਿੱਤਾ ਅਤੇ ਜੁਲਾਈ 2005 ਵਿਚ ਬਿਨਾਂ ਇੱਕ ਪੈਸੇ ਤੋਂ ਦੋ ਵਪਾਰਾਂ ਵਿਚ ਦਾਖ਼ਲ ਹੋ ਗਏ। ਸਟਾਕ ਦਾ ਪੈਸਾ ਅਸੀਂ ਰਜਿਸਟਰੀ ਤੋਂ 30 ਦਿਨ ਬਾਅਦ ਦਿੱਤਾ। ਇਹਨਾਂ ਦੋਵਾਂ ਵਪਾਰਾਂ ਵਿਚੋਂ ਇੱਕ ਵਪਾਰ ਐਪਲਟਨ ਸਿਟੀ ਦੇ ਮਾਲ ਵਿਚ ਸੀ ਜਿਸ ਦੀ ਦਿੱਖ ਬਹੁਤ ਸੁੰਦਰ ਸੀ। ਅਸੀਂ ਇਸ ਨੂੰ ਬਹੁਤ ਚੰਗੇ ਮੁਨਾਫ਼ੇ ਤੇ ਵੇਚਿਆ। ਮੁਨਾਫ਼ੇ ਵਿਚੋਂ ਅਸੀਂ 90,000 ਡਾਲਰ ਯੂ.ਐੱਸ ਕੰਪਨੀ ਨੂੰ ਮੋੜ ਦਿੱਤਾ। ਦੂਜਾ ਵਪਾਰ ਜੋ ਮੇਨ ਸਟਰੀਟ ਨੀਨਾ, ਵਿਖੇ ਲਿਆ ਸੀ, ਉਹ ਹੁਣ ਤੱਕ ਇੱਕ ਕਿਰਾਏਦਾਰ ਕੋਲ ਹੈ ਜੋ ਸਾਨੂੰ 5400 ਡਾਲਰ ਕਿਰਾਇਆ ਦੇ ਰਿਹਾ ਹੈ।ਇਸੇ ਤਰ੍ਹਾਂ ਕਿਰਾਏਦਾਰ ਨੇ ਸਾਨੂੰ 2006 ਵਿਚ 30,000 ਗੁਡਵਿਲ ਦਿੱਤੀ ਸੀ।

**ਟਰੱਕ ਸਟਾਪ ਦੀ ਵਿਕਰੀ:–** ਅਸੀਂ ਇਹ ਕਾਰੋਬਾਰ ਪੂਰੀ ਕਾਮਯਾਬੀ ਨਾਲ 9 ਸਾਲ ਤੱਕ ਚਲਾਇਆ। 2012 ਵਿਚ ਅਮਰੀਕਾ ਵਿਚ ਹਰ ਪਾਸੇ ਮੰਦਵਾੜਾ ਪੂਰੇ ਜੋਬਨ ਤੇ ਸੀ। ਪੈਟਰੋਲ ਪੰਪਾਂ ਅਤੇ ਮੋਟਲਾਂ ਦੇ ਮਾਲਕ ਆਪਣੀਆਂ ਵਿਕਰੀਆਂ ਵਿਚ ਗਿਰਾਵਟ ਦੇਖ ਰਹੇ ਸਨ। ਬੈਂਕਾਂ ਨੇ ਇਹ ਦੋਵੇਂ ਕਿਸਮਾਂ ਦੇ ਕਾਰੋਬਾਰਾਂ ਨੂੰ ਕਰਜ਼ੇ ਦੇਣੇ ਬੰਦ ਕਰ ਦਿੱਤੇ ਸਨ। ਅਸੀਂ ਵੀ ਟਰੱਕ ਸਟਾਪ 'ਤੇ ਡੀਜ਼ਲ ਅਤੇ ਪੈਟਰੋਲ ਦੀ

ਵਿਕਰੀ ਦੀ ਗਿਰਾਵਟ ਦੇਖ ਰਹੇ ਸੀ। ਅਸੀਂ ਹੁਣ ਤੱਕ ਮਹਿਸੂਸ ਕਰਨ ਲੱਗ ਪਏ ਸੀ ਕਿ ਬਿਲਡਿੰਗ ਅਤੇ ਮਸ਼ੀਨਰੀ ਤਕਰੀਬਨ 20 ਸਾਲ ਪੁਰਾਣੀ ਹੋ ਗਏ ਸਨ। ਉਹਨਾਂ ਨੂੰ ਰੀ-ਮਾਡਲਿੰਗ ਕਰਵਾਉਣ ਦੀ ਲੋੜ ਸੀ, ਜਿਸ ਦਾ ਖ਼ਰਚਾ ਤਕਰੀਬਨ 4 ਲੱਖ ਡਾਲਰ ਸੀ। ਇੱਕ ਹੋਰ ਵੱਡਾ ਵਪਾਰ ਜੋ ਇਲਾਕੇ ਵਿਚ ਜੰਗਲ ਦੀ ਅੱਗ ਵਾਂਗ ਫੈਲ ਰਿਹਾ ਸੀ, ਉਸ ਦਾ ਨਾਮ, ਕੁਇਕ ਟਰਿਪ ਸੀ। ਕੁਇਕ ਟਰਿਪ, ਅਮਰੀਕਾ ਵਿਚ ਤੇਲ ਦਾ ਬਹੁਤ ਵੱਡਾ ਥੋਕ ਫਰੋਸ਼ ਹੈ ਅਤੇ ਨਾਲ ਹੀ ਉਹਨਾਂ ਦੇ 300 ਤੋਂ ਵੱਧ ਗੈਸ ਸਟੇਸ਼ਨ ਹਨ ਜੋ ਕਾਮਯਾਬੀ ਨਾਲ ਚੱਲ ਰਹੇ ਹਨ। ਅਸੀਂ ਟਰੱਕ ਸਟਾਪ ਨੂੰ ਵੇਚਣ ਬਾਰੇ ਸੋਚਣ ਲੱਗ ਪਏ। ਅਸੀਂ ਸੋਚਿਆ ਕਿ ਇਸ ਦਾ ਮੁਲ ਤਕਰੀਬਨ 23 ਲੱਖ ਡਾਲਰ ਹੈ। ਪਰ ਹੁਣ ਤੱਕ ਬੈਂਕਾਂ ਨੇ ਇਹੋ ਜਿਹੇ ਪ੍ਰੋਜੈਕਟਾਂ ਨੂੰ ਕਰਜ਼ੇ ਦੇਣੇ ਬੰਦ ਕਰ ਦਿੱਤੇ ਸਨ। ਅਸੀਂ, ਕੁਇਕ ਟਰਿਪ, ਕੰਪਨੀ ਨਾਲ ਹੀ ਗੱਲ ਕੀਤੀ। ਉਹਨਾਂ ਨੇ ਸਾਨੂੰ 18 ਲੱਖ ਡਾਲਰ ਦੀ ਪੇਸ਼ਕਸ਼ ਕੀਤੀ। ਪਹਿਲਾਂ ਤਾਂ ਅਸੀਂ ਸੋਚਿਆ ਕਿ ਇਸ ਦੀ ਕੀਮਤ ਤਕਰੀਬਨ 4 ਲੱਖ ਡਾਲਰ ਘੱਟ ਹੈ ਪਰ ਕੁਇਕ ਟਰਿਪ ਦੀ ਚੰਗੀ ਗੱਲ ਇਹ ਸੀ ਕਿ ਇਹਨਾਂ ਕੋਲ ਆਪਣਾ ਬਹੁਤ ਪੈਸਾ ਸੀ ਅਤੇ ਉਹਨਾਂ ਨੂੰ ਕਰਜ਼ੇ ਆਦਿ ਲਈ ਕਿਸੇ ਬੈਂਕ ਕੋਲ ਜਾਣ ਦੀ ਲੋੜ ਨਹੀਂ ਸੀ। ਅਸੀਂ ਜੁਲਾਈ 2012 ਵਿਚ ਟਰੱਕ ਸਟਾਪ 18 ਲੱਖ ਡਾਲਰ ਵਿਚ ਵੇਚ ਦਿੱਤਾ। ਅਸੀਂ ਬੈਂਕ ਦੀਆਂ ਅਦਾਇਗੀਆਂ ਆਦਿ ਨੌ ਸਾਲ ਤੋਂ ਵੱਧ ਦੇ ਚੁੱਕੇ ਸੀ। ਸਾਰੇ ਕਰਜ਼ੇ ਤੇ ਖ਼ਰਚੇ ਕੱਢ ਕੇ ਸਾਨੂੰ 9 ਲੱਖ ਡਾਲਰ ਨਕਦ ਬਚਿਆ। 2003 ਵਿੱਚ ਜਦੋਂ ਅਸੀਂ ਵਪਾਰ ਖ਼ਰੀਦਿਆ ਸੀ, ਸਾਡੇ ਕੋਲ ਸਿਰਫ 1,30,000 ਡਾਲਰ ਹੀ ਨਕਦ ਸਨ। ਟਰੱਕ ਸਟਾਪ ਯੂ.ਐੱਸ ਆਇਲ ਕੰਪਨੀ ਲਈ ਵੀ ਮੌਕਾ ਸੀ ਅਤੇ ਸਾਡੇ ਲਈ ਵੀ ਇਹ ਚੰਗਾ ਮੌਕਾ ਹੀ ਸਿੱਧ ਹੋਇਆ।

ਆਰਥਿਕ ਮੰਦਵਾੜੇ ਕਰਕੇ ਸੈਂਕੜੇ ਕੰਪਨੀਆਂ ਫੇਲ੍ਹ ਹੋ ਰਹੀਆਂ ਸਨ, ਕਿਉਂਕਿ ਉਹ ਕਰਜ਼ੇ ਦੀਆਂ ਅਦਾਇਗੀਆਂ ਨਹੀਂ ਕਰ ਸਕੀਆਂ। 2012 ਵਿਚ ਸਾਨੂੰ ਵੀ ਅਜਿਹਾ ਹੀ ਇੱਕ ਮੌਕਾ ਮਿਲਿਆ। ਇੱਕ ਅਮਰੀਕਨ ਕੰਪਨੀ ਕੋਲ 7 ਦਫਤਰਾਂ ਦੇ ਕੰਪਲੈਕਸ ਸਨ। ਇੱਕ ਅਜਿਹਾ ਕੰਪਲੈਕਸ ਸਾਡੇ ਸ਼ਹਿਰ, ਐਪਲਟਨ ਵਿਚ ਵੀ ਸੀ। ਇਹ ਆਫਿਸ ਬਿਲਡਿੰਗ 4 ਏਕੜ ਥਾਂ ਵਿਚ ਬਣੀ ਹੋਈ ਸੀ। ਜਿਸ ਕੰਪਨੀ ਨੇ ਇਹ ਬਣਾਈ ਸੀ, ਉਹਨਾਂ ਦਾ ਖ਼ਰਚਾ 47 ਲੱਖ ਡਾਲਰ ਆਇਆ ਸੀ। ਇਸ ਦੀ ਸਲਾਨਾ ਕਿਰਾਏ ਦੀ ਕਮਾਈ ਤਕਰੀਬਨ 5 ਲੱਖ ਡਾਲਰ ਸੀ। ਕੰਪਨੀ ਨੇ 7 ਲੱਖ ਡਾਲਰ ਡਾਊਨ ਪੇਮੈਂਟ ਪਾਈ ਅਤੇ 40 ਲੱਖ ਡਾਲਰ ਬੈਂਕ ਤੋਂ ਕਰਜ਼ਾ ਲਿਆ ਹੋਇਆ ਸੀ। 10 ਕੁ ਸਾਲਾਂ ਵਿਚ ਕੰਪਨੀ ਨੇ 10 ਲੱਖ ਡਾਲਰ ਕਰਜ਼ਾ ਵਾਪਸ ਕਰ ਦਿੱਤਾ ਸੀ। ਮੈਂ ਆਪਣੇ ਪੁੱਤਰ ਗੁਰਮੀਤ ਸਿੰਘ ਨੂੰ ਕਿਹਾ ਕਿ ਇਹ ਪ੍ਰਭੂ ਜੀ ਦਾ ਦਿੱਤਾ ਹੋਇਆ ਮੌਕਾ ਹੈ, ਕਿਉਂਕਿ ਸਾਡੇ ਕੋਲ ਤਕਰੀਬਨ 10 ਲੱਖ ਡਾਲਰ ਕੈਸ਼ ਪਿਆ ਹੈ। ਮੇਰਾ ਲੜਕਾ ਬੈਂਕ ਅਫ਼ਸਰਾਂ ਨੂੰ ਮਿਲਿਆ। ਉਹਨਾਂ ਨੇ ਦੱਸਿਆ ਕਿ ਕੰਪਨੀ ਨੇ

ਉਹਨਾਂ ਨੂੰ 30 ਲੱਖ ਡਾਲਰ ਦੇਣਾ ਹੈ ਤੇ 30 ਲੱਖ ਡਾਲਰ ਦੇ ਕੇ ਅਸੀਂ ਇਹ ਪ੍ਰੋਜੈਕਟ ਖ਼ਰੀਦ ਸਕਦੇ ਸੀ। ਮੇਰਾ ਲੜਕਾ ਪ੍ਰਾਪਰਟੀ ਡੀਲਰ ਨੂੰ ਮਿਲਿਆ, ਜੋ ਇਸ ਬਿਲਡਿੰਗ ਨੂੰ ਬੈਂਕ ਲਈ ਵੇਚਣਾ ਚਾਹੁੰਦਾ ਸੀ। ਆਮ ਤੌਰ ਤੇ ਪ੍ਰਾਪਰਟੀ ਡੀਲਰ, ਕਦੇ ਵੀ ਕਿਸੇ ਖ਼ਰੀਦਦਾਰ ਨੂੰ ਇਹ ਨਹੀਂ ਦੱਸਦੇ ਕਿ ਕੋਈ ਹੋਰ ਗਾਹਕ ਹੈ ਜਾਂ ਨਹੀਂ। ਸਾਡੀ ਖੁਸ਼ਕਿਸਮਤੀ ਇਹ ਸੀ, ਕਿ ਡੀਲਰ ਨੇ ਮੇਰੇ ਪੁੱਤਰ ਨੂੰ ਦੱਸ ਦਿੱਤਾ ਕਿ ਅਸੀਂ ਹੀ ਇਕੱਲੇ ਗਾਹਕ ਹਾਂ। ਮੈਂ ਆਪਣੇ ਪੁੱਤਰ ਨੂੰ ਸਲਾਹ ਦਿੱਤੀ ਕਿ ਬੈਂਕ ਅਫ਼ਸਰ ਨੂੰ ਮਿਲੇ ਅਤੇ 18 ਲੱਖ ਡਾਲਰ ਦੀ ਪੇਸ਼ਕਸ਼ ਦੇਵੇ ਅਤੇ ਦੱਸੇ ਕਿ ਸਾਡੇ ਕੋਲ ਇੰਨਾ ਕੈਸ਼ ਪਿਆ ਹੈ। ਮੇਰੇ ਕਹਿਣ ਦਾ ਭਾਵ ਇਹ ਸੀ ਕਿ ਇਸ ਨਾਲ ਬੈਂਕ ਨੂੰ ਸਾਡੇ ਵਿਚ ਦਿਲਚਸਪੀ ਹੋ ਜਾਵੇਗੀ ਅਤੇ ਹੋ ਸਕਦਾ ਹੈ ਕਿ ਉਹ ਆਪ ਹੀ ਸਾਨੂੰ ਲੋਨ ਦੇ ਕੇ ਇਹ ਪ੍ਰਾਪਰਟੀ ਵੇਚ ਦੇਣ। ਇਸ ਤੋਂ ਇਹ ਵੀ ਪਤਾ ਲੱਗਦਾ ਸੀ ਕਿ ਅਸੀਂ ਸੰਜੀਦਾ ਗਾਹਕ ਹਾਂ। ਕੁਝ ਮੀਟਿੰਗਾ ਤੋਂ ਬਾਅਦ ਇਹ ਸੌਦਾ 22 ਲੱਖ ਡਾਲਰ ਤੇ ਪੱਕਾ ਹੋ ਗਿਆ। 9 ਲੱਖ ਡਾਲਰ ਡਾਊਨ ਪੇਮੈਂਟ ਦੇ ਕੇ ਅਸੀਂ 13 ਲੱਖ ਦਾ ਲੋਨ 5% ਵਿਆਜ ਤੇ ਚੁੱਕ ਲਿਆ ਅਤੇ ਬੈਂਕ ਦੀ ਮਹੀਨਾਵਾਰ ਪੇਮੈਂਟ 9 ਹਜ਼ਾਰ ਡਾਲਰ ਹੋ ਗਈ। ਪ੍ਰਾਪਰਟੀ ਟੈਕਸ ਤਕਰੀਬਨ 4 ਹਜ਼ਾਰ ਡਾਲਰ ਮਹੀਨਾ ਸੀ। ਇਸ ਵੇਲੇ ਇਸ ਪ੍ਰਾਪਰਟੀ ਨੂੰ ਮਹੀਨਾਵਾਰ ਕਿਰਾਏ ਦੀ ਆਮਦਨ 35 ਹਜ਼ਾਰ ਡਾਲਰ ਹੈ। ਮੈਂ ਹਮੇਸ਼ਾ ਕਹਿੰਦਾ ਹਾਂ ਕਿ ਅਮਰੀਕਾ ਮੌਕਿਆਂ ਦੀ ਧਰਤੀ ਹੈ। ਪਾਠਕਾਂ ਨੂੰ ਮਹਿਸੂਸ ਕਰਨਾ ਚਾਹੀਦਾ ਹੈ ਮੰਦੀ ਵਿਚ ਵੀ ਸਾਨੂੰ ਮੌਕਾ ਮਿਲਿਆ ਅਤੇ ਅਸੀਂ ਫਾਇਦਾ ਉਠਾਇਆ।

**ਮੋਟਲ ਦੀ ਵਿਕਰੀ:–** ਅਸੀਂ ਮੋਟਲ 10 ਨੰਬਰ ਪ੍ਰਾਪਰਟੀ ਕਰਕੇ 7.5 ਲੱਖ ਡਾਲਰ ਦਾ ਖ਼ਰੀਦਿਆ ਸੀ। ਆਰਥਿਕ ਮੰਦੀ ਹੋਣ ਕਰਕੇ ਸਾਡੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਸ ਦੀ ਵਿਕਰੀ ਨਹੀਂ ਵਧੀ। ਦੂਸਰੇ ਪਾਸੇ ਸਾਡਾ ਜ਼ਿਆਦਾ ਸਮਾਂ, ਟਰੱਕ ਸਟਾਪ ਵਿਚ ਲੱਗਦਾ ਸੀ। ਮੋਟਲ ਦੇਖਣ ਵਿਚ ਬਹੁਤ ਸੋਹਣੀ ਪ੍ਰਾਪਰਟੀ ਸੀ ਅਤੇ ਕਈ ਵਾਰ ਇਹ ਦੂਜਿਆਂ ਦੀ ਈਰਖਾ ਵੀ ਪੈਦਾ ਕਰਦੀ ਸੀ। ਪਰ ਇਹ ਸਾਡੇ ਲਈ ਮੌਕਾ ਸਾਬਤ ਨਹੀਂ ਹੋਇਆ। ਅਸੀਂ ਇਹ ਵਪਾਰ ਕਿਸੇ ਗੁਜਰਾਤੀ ਪਰਿਵਾਰ ਨੂੰ ਸਵਾ ਛੇ ਲੱਖ ਡਾਲਰ ਵਿਚ ਵੇਚ ਦਿੱਤਾ। ਹੁਣ ਇਸ ਕੀਮਤ ਤੇ ਗੁਜਰਾਤੀ ਪਰਿਵਾਰ ਲਈ ਇਹ ਮੌਕਾ ਹੈ ਕਿਉਂਕਿ ਉਹਨਾਂ ਦੀ ਰਿਹਾਇਸ਼ ਵੀ ਮੋਟਲ ਦੇ ਵਿਚ ਹੀ ਹੋਣੀ ਹੈ। ਇਥੇ ਰਹਿ ਕੇ ਉਹ ਸਾਰਾ ਸਮਾਂ ਇਸ ਦਾ ਪ੍ਰਬੰਧ ਵੀ ਚੰਗਾ ਕਰਨਗੇ। ਉਹ ਦੋ ਕਮਰਿਆਂ ਨੂੰ ਆਪਣੇ ਘਰ ਵਿਚ ਤਬਦੀਲ ਕਰ ਲੈਣਗੇ ਅਤੇ ਘਰ ਖ਼ਰੀਦਣ ਦਾ ਪੈਸਾ ਬਚਾ ਲੈਣਗੇ। ਉਹ ਆਪ ਹੀ ਸਫ਼ਾਈ ਕਰਨਗੇ ਜੋ ਕਿ ਮੋਟਲ ਇੰਡਸਟਰੀ ਦਾ ਸਭ ਤੋਂ ਵੱਡਾ ਖ਼ਰਚਾ ਹੁੰਦਾ ਹੈ। ਜਦੋਂ ਅਸੀਂ ਘਰ ਲੈਂਦੇ ਹਾਂ ਤਾਂ ਘਰ ਦੇ ਖ਼ਰਚਿਆਂ ਤੋਂ ਇਲਾਵਾ ਪ੍ਰਾਪਰਟੀ ਟੈਕਸ ਵੀ ਦਿੰਦੇ ਹਾਂ, ਉਹਨਾਂ ਲਈ, ਉਹ ਵੀ ਬਚ ਗਿਆ। ਮੋਟਲ ਤੋਂ ਆਉਣ ਜਾਣ ਦੇ ਖ਼ਰਚੇ ਵੀ ਬਚਣਗੇ। 3 ਜਾਂ 4 ਸਾਲਾਂ ਵਿਚ ਹੀ ਜੋ ਥੋੜ੍ਹਾ ਬਹੁਤਾ ਕਰਜ਼ਾ ਲਿਆ ਹੋਵੇਗਾ, ਉਹ ਦੇ ਦੇਣਗੇ ਅਤੇ ਕਾਮਯਾਬ ਹੋਣਗੇ। ਇਹ ਮੋਟਲ ਸਾਡੇ

ਵਾਸਤੇ ਮੌਕਾ ਸਾਬਤ ਨਹੀਂ ਹੋਇਆ ਪਰ ਉਹਨਾਂ ਵਾਸਤੇ ਮੌਕਾ ਬਣ ਗਿਆ, ਕਿਉਂਕਿ ਉਹਨਾਂ ਦੀ ਸਥਿਤੀ ਹੀ ਅਜਿਹੀ ਸੀ। ਮੈਂ ਫਿਰ ਕਹਿੰਦਾ ਹਾਂ ਕਿ ਅਮਰੀਕਾ ਮੌਕਿਆਂ ਦੀ ਧਰਤੀ ਹੈ।

**ਵਿਸ਼ੇਸ਼ ਕਾਰਨ:-** ਕਈ ਵਾਰ ਮੌਕੇ ਕਿਸੇ ਵਿਸ਼ੇਸ਼ ਕਾਰਨ ਕਰਕੇ ਵੀ ਪੈਦਾ ਹੋ ਜਾਂਦੇ ਹਨ। ਇੱਕ ਵਿਕਰੇਤਾ ਜਿਸ ਦੀ ਉਮਰ 92 ਸਾਲ ਦੀ ਸੀ, ਉਸ ਨੇ ਪਿੱਛੇ ਜਿਹੇ ਹੀ ਆਪਣੀ ਜਾਇਦਾਦ ਵਿਕਰੀ ਤੇ ਲਾਈ। ਜਾਇਦਾਦ ਵਿਚ ਐਪਲਟਨ ਸ਼ਹਿਰ ਵਿਚ ਦੋ ਇਮਾਰਤਾਂ ਸਨ। ਇੱਕ ਬਿਲਡਿੰਗ ਦਾ ਤਕਰੀਬਨ 5000 ਫੁੱਟ ਦਾ ਇਲਾਕਾ ਸਰਕਾਰ ਨੂੰ 5000 ਡਾਲਰ ਮਹੀਨੇ ਕਿਰਾਏ ਤੇ ਦਿੱਤੀ ਹੋਈ ਸੀ। ਦੂਜੀ ਬਿਲਡਿੰਗ ਵਿਚ 8000 ਸਕੇਅਰ ਫੁੱਟ ਦੀ ਸੀ, ਜੋ ਖਾਲੀ ਪਈ ਸੀ। ਵਿਕਰੇਤਾ ਦੇ ਦੋ ਨਿਰਭਰ ਬੱਚੇ ਸਨ। ਦੋਨੋਂ ਪੋਤੇ ਅਤੇ ਪੋਤੀ ਪ੍ਰਾਪਰਟੀ ਨੂੰ ਵੇਚਣ ਲਈ ਉਤਾਵਲੇ ਸਨ। ਮੈਂ ਆਪਣੇ ਵੱਡੇ ਪੁੱਤਰ ਗੁਰਮੀਤ ਸਿੰਘ ਨੂੰ ਸਲਾਹ ਦਿੱਤੀ ਕਿ ਛੋਟੇ ਬੱਚਿਆਂ ਨਾਲ ਗੱਲ ਕਰੇ, ਉਹ ਚੰਗੀ ਤਰ੍ਹਾਂ ਸਾਰੀ ਗੱਲ ਸਮਝਣਗੇ। ਬਜ਼ੁਰਗ ਔਰਤ ਬਹੁਤ ਜ਼ਿਆਦਾ ਪੈਸੇ ਮੰਗਦੀ ਸੀ। ਮੈਂ ਆਪਣੇ ਪੁੱਤਰ ਨੂੰ ਸਲਾਹ ਦਿੱਤੀ ਕਿ 5 ਲੱਖ ਡਾਲਰ ਦੀ ਆਫ਼ਰ ਦੇਵੇ ਅਤੇ ਬੱਚਿਆਂ ਨੂੰ ਸਮਝਾਵੇ ਕਿ ਜੋ ਆਮਦਨ ਆ ਰਹੀ ਹੈ ਉਸ ਦੇ ਨਾਲ ਉਹ ਸਿਰਫ 5 ਲੱਖ ਡਾਲਰ ਹੀ ਕੀਮਤ ਦੇ ਸਕਦਾ ਹੈ। ਬਜ਼ੁਰਗ ਔਰਤ ਨੇ ਖਾਲੀ ਬਿਲਡਿੰਗ ਨੂੰ 9,000 ਡਾਲਰ ਪ੍ਰਤੀ ਮਹੀਨੇ ਕਿਰਾਏ ਲਾਇਆ ਹੋਇਆ ਸੀ ਕਿ ਤੇ ਕੋਈ ਗਾਹਕ ਅੱਗੇ ਨਹੀਂ ਸੀ ਆ ਰਿਹਾ। ਮੈਂ ਆਪਣੇ ਪੁੱਤਰ ਨੂੰ ਸਾਰਾ ਕੁਝ 5 ਲੱਖ ਡਾਲਰ ਵਿਚ ਖ਼ਰੀਦਣ ਲਈ ਉਤਸ਼ਾਹਿਤ ਕੀਤਾ ਅਤੇ ਕਿਹਾ ਕਿ ਬਾਕੀ ਪ੍ਰਾਪਰਟੀ 7 ਹਜ਼ਾਰ ਜਾਂ ਉਸ ਤੋਂ ਵੀ ਘੱਟ ਕੀਮਤ 'ਤੇ ਕਿਰਾਏ ਤੇ ਦੇ ਦੇਵੇ। ਅਪ੍ਰੈਲ 2017 ਵਿਚ 5 ਲੱਖ ਡਾਲਰ ਵਿਚ ਪ੍ਰਾਪਰਟੀ ਦੀ ਖ਼ਰੀਦ ਹੋ ਗਈ। ਇਹ ਮੇਰੇ ਲੜਕੇ ਲਈ ਬਹੁਤ ਵੱਡਾ ਮੌਕਾ ਸੀ, ਜੋ ਕਿ ਖਾਲੀ ਪ੍ਰਾਪਰਟੀ ਨੂੰ 7000 ਡਾਲਰ ਪ੍ਰਤੀ ਮਹੀਨੇ ਕਿਰਾਏ ਤੇ ਵੀ ਦੇਵੇਗਾ। ਇਹ ਸਾਰਾ ਕੁਝ ਉਸ ਦਾ ਮੁਨਾਫਾ ਹੀ ਹੋਵੇਗਾ।

ਮੌਕੇ ਸਾਨੂੰ ਸਦਾ ਹੀ ਮਿਲਦੇ ਰਹਿੰਦੇ ਹਨ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਾਪਰਟੀ ਵਿਚ ਕਦੋਂ ਵੜਨਾ ਹੈ ਅਤੇ ਕਦੋਂ ਬਾਹਰ ਨਿਕਲਣਾ ਹੈ। ਦੂਜੇ ਸ਼ਬਦਾਂ ਵਿਚ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਸਮੁੰਦਰੀ ਜਹਾਜ਼ ਵਿਚ ਕਦੋਂ ਬੈਠੀਏ ਅਤੇ ਕਦੋਂ ਇਸ ਦੇ ਡੁੱਬਣ ਤੋਂ ਪਹਿਲਾਂ ਪਹਿਲਾਂ ਬਾਹਰ ਨਿਕਲ ਆਈਏ। ਵਪਾਰ ਅਤੇ ਖ਼ਰੀਦ-ਵੇਚ ਲਈ ਢੁਕਵੇਂ ਮੌਕੇ ਦੀ ਤਲਾਸ਼ ਕਾਮਯਾਬੀ ਦਾ ਧੁਰਾ ਬਣਦੀ ਹੈ।

# ਵਡਭਾਗਾ ਘਰ

ਨਿਊ ਲਾਲ ਬਾਗ਼, ਪਟਿਆਲਾ, ਦਾ ਘਰ ਅਸੀਂ 1993 ਵਿਚ ਛੱਡਿਆ ਜਦੋਂ ਮੈਂ ਤੇ ਮੇਰੀ ਪਤਨੀ 5 ਸਾਲ ਦੀ ਛੁੱਟੀ ਲਈ ਅਮਰੀਕਾ ਚਲੇ ਗਏ। ਇਹ ਘਰ ਸਾਡੇ ਸੁਪਨਿਆਂ ਦਾ ਘਰ ਸੀ। ਇਸ ਘਰ ਦੇ ਬਿਲਕੁਲ ਗੁਆਂਢ ਵਿਚ ਵਾਈ.ਪੀ.ਐਸ ਸਕੂਲ ਸੀ, ਜਿੱਥੇ ਸਾਡੇ ਬੱਚੇ ਪੜ੍ਹ ਕੇ ਵੱਡੇ ਹੋਏ। ਇਸ ਇਲਾਕੇ ਦੇ ਨਾਲ ਹੀ ਅਫ਼ਸਰ ਕਲੋਨੀ ਸੀ, ਜਿਥੇ ਸਾਡੇ ਕਾਫ਼ੀ ਦੋਸਤ ਤੇ ਰਿਸ਼ਤੇਦਾਰ ਰਹਿੰਦੇ ਸਨ। ਸਾਡਾ ਜੱਦੀ ਘਰ ਤੋਪਖਾਨਾ ਗੇਟ ਪਾਸ ਹੈ, ਜੋ ਮੇਰੇ ਪਿਤਾ ਜੀ ਨੇ 1945 ਵਿਚ ਬਣਾਇਆ ਸੀ। ਉਹ ਘਰ ਵੀ ਨੇੜੇ ਹੀ ਸੀ। ਸਤੰਬਰ 1993 ਵਿਚ ਮੈਂ ਤੇ ਮੇਰੀ ਪਤਨੀ ਆਪਣੀਆਂ ਨੌਕਰੀਆਂ ਤੋਂ ਛੁੱਟੀ ਲੈ ਕੇ ਬੱਚਿਆਂ ਦੀ ਉਚੇਰੀ ਪੜ੍ਹਾਈ ਲਈ ਅਮਰੀਕਾ ਚਲੇ ਗਏ। ਜਾਣ ਤੋਂ ਪਹਿਲਾਂ ਹਿਮਾਚਲ ਵਾਲੀ ਸਾਰੀ ਜ਼ਮੀਨ ਵੇਚ ਦਿੱਤੀ।

ਅਪ੍ਰੈਲ 1994 ਵਿਚ ਅਸੀਂ ਸਟਾਊਟਨ ਵਿਖੇ ਪਹਿਲਾ ਕਾਰੋਬਾਰ ਇਕ ਹੋਰ ਭਾਰਤੀ ਨਾਲ ਰਲ ਕੇ ਲਿਆ। ਇਹ ਵਪਾਰ ਸਾਡਾ ਪਰਿਵਾਰ ਹੀ ਚਲਾਉਂਦਾ ਸੀ। ਤਕਰੀਬਨ ਦੋ ਮਹੀਨੇ ਕਾਰੋਬਾਰ ਚਲਾਉਣ ਤੋਂ ਬਾਅਦ ਸਾਡੇ ਪਰਿਵਾਰ ਨੂੰ ਵਿਸ਼ਵਾਸ ਹੋ ਗਿਆ ਕਿ ਅਜਿਹਾ ਵਪਾਰ ਅਸੀਂ ਇਕੱਲੇ ਹੀ ਕਰ ਸਕਦੇ ਸੀ। ਇਸ ਉਦੇਸ਼ ਨੂੰ ਮੁੱਖ ਰੱਖਦਿਆਂ ਅਸੀਂ ਇਹ ਔਖਾ ਫ਼ੈਸਲਾ ਲਿਆ ਕਿ ਪਟਿਆਲੇ ਵਾਲਾ ਘਰ ਵੇਚ ਦੇਈਏ।

ਅਮਰੀਕਾ ਜਾ ਕੇ ਸਭ ਤੋਂ ਪਹਿਲਾਂ ਮਿਲਵਾਕੀ ਅਪ੍ਰੈਲ 1994 ਤੱਕ ਦੋ ਅਲੱਗ-ਅਲੱਗ ਥਾਂ 'ਤੇ ਕਿਰਾਏ ਤੇ ਰਹੇ। ਇਸ ਤੋਂ ਬਾਅਦ ਅਸੀਂ ਅਪ੍ਰੈਲ 1994 ਤੋਂ ਦਸੰਬਰ 1994 ਤੱਕ ਸਟਾਊਟਨ 9 ਮਹੀਨੇ ਕਿਰਾਏ 'ਤੇ ਹੀ ਰਹੇ। ਪਹਿਲੇ ਇੱਕ ਮਹੀਨੇ ਲਈ ਅਸੀਂ ਇੱਕ ਮੋਟਲ ਵਿਚ ਰਹੇ। ਉਸ ਤੋਂ ਬਾਅਦ ਦੋ ਮਹੀਨੇ ਲਈ ਅਸੀਂ ਇੱਕ ਬੈੱਡਰੂਮ ਵਾਲੇ ਅਪਾਰਟਮੈਂਟ ਵਿਚ ਰਹੇ, ਜਿਥੇ ਭੂਤ ਕਰਕੇ ਸਾਨੂੰ ਇਹ ਘਰ ਛੱਡਣਾ ਪਿਆ। ਉਸ ਤੋਂ ਬਾਅਦ ਅਸੀਂ 6 ਮਹੀਨਿਆਂ ਲਈ ਇੱਕ ਬਹੁਤ ਪੁਰਾਣੇ ਮਕਾਨ ਵਿਚ ਰਹੇ, ਜਿਸ ਦਾ 600 ਡਾਲਰ ਪ੍ਰਤੀ ਮਹੀਨਾ ਕਿਰਾਇਆ ਸੀ। ਜਨਵਰੀ 1995 ਤੋਂ ਸਤੰਬਰ 1995 ਤੱਕ ਅਸੀਂ ਮੈਡੀਸਨ ਵਿਚ ਦੋ ਬੈੱਡਰੂਮ ਅਪਾਰਟਮੈਂਟ ਕਿਰਾਏ 'ਤੇ ਲਏ। ਸਤੰਬਰ 1995 ਤੋਂ ਮਾਰਚ 1998 ਤੱਕ ਅਸੀਂ

ਆਪਣੇ ਮਕਾਨ ਵਿਚ ਰਹੇ ਜੋ ਕਿ ਓਡਾਨਾ ਰੋਡ ਮੈਡੀਸਨ ਵਿਚ ਸਥਿਤ ਸੀ। ਮਾਰਚ 1998 ਨੂੰ ਮੈਂ ਤੇ ਮੇਰੀ ਪਤਨੀ ਐਪਲਟਨ ਚਲੇ ਗਏ ਜਿਥੇ ਅਸੀਂ ਇੱਕ ਬੈੱਡਰੂਮ ਅਪਾਰਟਮੈਂਟ ਲਿਆ। ਜੂਨ 1998 ਵਿਚ ਅਸੀਂ ਭਾਰਤ ਵਿਚ ਆਪਣੀਆਂ ਸਰਕਾਰੀ ਨੌਕਰੀਆਂ ਜੁਆਇਨ ਕਰਨ ਲਈ ਵਾਪਸ ਆ ਗਏ। ਭਾਰਤ ਵਿਚ ਜੁਲਾਈ 1998 ਤੋਂ ਮਾਰਚ 2000 ਤੱਕ ਅਸੀਂ ਮੇਰੇ ਸਹੁਰਾ ਸਾਹਿਬ ਨਾਲ ਰਹੇ। ਅਪ੍ਰੈਲ 2000, ਵਿਚ ਅਸੀਂ ਬਹੁਤ ਮੁਸ਼ਕਿਲ ਨਾਲ ਪਟਿਆਲੇ ਇੱਕ ਮਕਾਨ ਬਣਾਇਆ ਸੀ। ਪਰ 9/11 ਕਰਕੇ ਸਾਨੂੰ ਅਪ੍ਰੈਲ 2002 ਵਿਚ ਫਿਰ ਵਾਪਸ ਅਮਰੀਕਾ ਜਾਣਾ ਪਿਆ। ਜਦੋਂ ਅਸੀਂ ਅਮਰੀਕਾ ਵਾਪਸ ਗਏ ਤਾਂ ਮੇਰਾ ਵੱਡਾ ਪੁੱਤਰ ਗੁਰਮੀਤ ਸਿੰਘ ਤੇ ਉਸ ਦੀ ਪਤਨੀ ਫੰਡੂਲਾਕ ਸ਼ਹਿਰ ਵਿਚ ਦੋ ਬੈੱਡਰੂਮ ਵਾਲੇ ਅਪਾਰਟਮੈਂਟ ਵਿਚ ਰਹਿ ਰਹੇ ਸਨ। ਮਾਰਚ 2003 ਵਿਚ ਅਸੀਂ ਟਰੱਕ ਸਟਾਪ ਖ਼ਰੀਦਣ ਕਰਕੇ ਓਸ਼ਕੋਸ਼ ਚਲੇ ਗਏ, ਜਿਥੇ ਅਸੀਂ ਇੱਕ ਦਰਮਿਆਨਾ ਜਿਹਾ ਤਿੰਨ ਬੈੱਡਰੂਮ ਵਾਲਾ ਮਕਾਨ 900 ਡਾਲਰ ਪ੍ਰਤੀ ਮਹੀਨੇ ਉਤੇ ਕਿਰਾਏ ਤੇ ਲਿਆ। ਅਸੀਂ ਇਸ ਘਰ ਵਿਚ ਮਈ 2005 ਤੱਕ ਰਹੇ ਜਦੋਂ ਤੱਕ ਅਸੀਂ ਆਪਣੇ ਖ਼ੁਦ ਦੇ ਘਰ ਵਿਚ ਨਹੀਂ ਗਏ। ਪਿਛਲੇ ਕਈ ਸਾਲਾਂ ਤੋਂ ਅਸੀਂ ਉਹਨਾਂ ਜਗ੍ਹਾਵਾਂ ਉਤੇ ਰਹੇ ਜਿਸ ਨੂੰ ਅਸੀਂ ਆਪਣਾ ਘਰ ਨਹੀਂ ਕਹਿ ਸਕਦੇ ਸੀ।

ਦਸੰਬਰ 2004 ਵਿਚ ਅਖ਼ਬਾਰ ਵਿਚ ਇੱਕ ਇਸ਼ਤਿਹਾਰ ਆਇਆ, ਜਿਸ ਵਿਚ 2655 ਓਕਰਿਜ ਰੋਡ, ਨੀਨਾ, ਵਿਚ ਬਹੁਤ ਵੱਡਾ ਤੇ ਵਧੀਆ ਮਕਾਨ ਵਿਕਰੀ ਤੇ ਲੱਗਾ ਹੋਇਆ ਸੀ। ਨੀਨਾ ਵੱਡੇ ਸ਼ਹਿਰ ਐਪਲਟਨ ਦੇ ਨਜ਼ਦੀਕ ਇੱਕ ਛੋਟਾ ਸ਼ਹਿਰ ਹੈ। ਮੈਂ ਤੇ ਮੇਰਾ ਵੱਡਾ ਪੁੱਤਰ ਟਰੱਕ ਸਟਾਪ ਤੇ ਕੰਮ ਕਰ ਰਹੇ ਸੀ। ਮਕਾਨ ਦੀ ਪਹਿਲੀ ਕੀਮਤ ਛੇ ਲੱਖ ਡਾਲਰ ਸੀ। ਗੁਰਮੀਤ ਸਿੰਘ ਨੇ ਮੈਨੂੰ ਕਿਹਾ,“ ਇਹ ਘਰ ਤਾਂ ਸਾਡਾ ਲੱਗਦਾ ਹੈ ਪਰ ਕੀਮਤ ਪਤਾ ਨਹੀਂ ਕਿਉਂ, ਇੰਨੀ ਵੱਧ ਕਹਿ ਦਿੱਤੀ ਹੈ।” ਮੈਂ ਉਸੇ ਤਰਜ਼ ਵਿਚ ਕਿਹਾ,“ਜਾਂ ਤਾਂ ਵਿਕਰੇਤਾ ਘਰ ਦੀ ਕੀਮਤ ਘੱਟ ਕਰ ਦੇਵੇਗਾ ਜਾਂ ਪ੍ਰਭੂ ਜੀ ਸਾਨੂੰ ਇੰਨੀ ਸ਼ਕਤੀ ਦੇਣਗੇ ਕਿ ਅਸੀਂ ਛਾਲ ਮਾਰਕੇ ਇਹ ਮਕਾਨ ਸਾਂਭ ਲਵਾਂਗੇ।”

ਸਾਡੇ ਲਈ ਇਹ ਬਹੁਤ ਮੁਸ਼ਕਿਲ ਫ਼ੈਸਲਾ ਸੀ, ਕਿਉਂਕਿ ਮਕਾਨ ਦੀ ਕੀਮਤ ਸਾਡੀ ਪਹੁੰਚ ਤੋਂ ਬਾਹਰ ਸੀ। ਅਸੀਂ ਸੋਚਿਆ ਕਿ ਪ੍ਰਾਪਰਟੀ ਦੇ ਦੋ ਹਿੱਸੇ ਕਰਵਾ ਦਈਏ ਤੇ ਅਸੀਂ ਮਕਾਨ ਦੇ ਨਾਲ 4 ਏਕੜ ਲਾਅਨ ਲੈ ਲਈਏ ਤਾਂ ਸ਼ਾਇਦ ਸਾਡੀ ਪਹੁੰਚ ਵਿਚ ਆ ਜਾਵੇ। ਪ੍ਰਾਪਰਟੀ ਦੀ ਵੰਡ ਲਈ ਨਗਰ ਪਾਲਿਕਾ ਨੇ ਮਨਜ਼ੂਰੀ ਦੇ ਦਿੱਤੀ ਪਰ ਇੱਕ ਸ਼ਰਤ ਰੱਖ ਦਿੱਤੀ ਕਿ ਪ੍ਰਾਪਰਟੀ ਦੇ ਦੋਵਾਂ ਮਾਲਕਾਂ ਲਈ ਮੇਨ ਗੇਟ ਸਾਂਝਾ ਰਹੇਗਾ। ਅਸੀਂ ਦੁਬਾਰਾ ਸੋਚਿਆ ਕਿ ਸਾਰੀ ਪ੍ਰਾਪਰਟੀ ਹੀ ਲੈ ਲੈਂਦੇ ਹਾਂ। ਅਸੀਂ ਪ੍ਰਭੂ ਜੀ ਨੂੰ ਅਰਦਾਸ ਕੀਤੀ ਕਿ ਸਾਨੂੰ ਸ਼ਕਤੀਸ਼ਾਲੀ ਬਣਾਉਣ ਅਤੇ ਸਾਰੀ

ਪ੍ਰਾਪਰਟੀ ਅਸੀਂ ਲੈ ਲਈਏ ਅਤੇ ਕਾਇਮ ਵੀ ਰੱਖ ਸਕੀਏ। ਇਸ ਸਮੇਂ ਸਾਡੇ ਕੋਲ ਟਰੱਕ ਸਟਾਪ ਦੀ ਚੰਗੀ ਆਮਦਨ ਆ ਰਹੀ ਸੀ ਜੋ ਕਿ ਅਸੀਂ ਸਿੱਧੇ ਤੌਰ ਤੇ ਚਲਾ ਰਹੇ ਸੀ। ਸਾਨੂੰ ਐਪਲਟਨ ਗੈਸ ਸਟੇਸ਼ਨ ਤੋਂ ਵੀ 3200 ਡਾਲਰ ਦਾ ਕਿਰਾਇਆ ਆ ਰਿਹਾ ਸੀ। ਹੁਣ ਤੱਕ ਸਾਡੇ ਲਈ ਇੰਨਾ ਕੁ ਲੋਨ ਲੈਣਾ ਕੋਈ ਵੱਡੀ ਸਮੱਸਿਆ ਨਹੀਂ ਸੀ। ਸਾਰੇ ਮਕਾਨ ਦਾ ਸੌਦਾ 4,85,000 ਡਾਲਰ ਵਿਚ ਪੱਕਾ ਹੋ ਗਿਆ। ਬੈਂਕ ਨੇ ਕਰਜ਼ੇ ਦੇ ਦੋ ਹਿੱਸੇ ਕਰ ਦਿੱਤੇ। ਇੱਕ ਹਿੱਸੇ ਵਿਚ 3 ਲੱਖ ਡਾਲਰ ਦਾ ਅਸੀਂ ਸਿਰਫ਼ 6% ਵਿਆਜ ਹੀ ਦੇਣਾ ਸੀ, ਜੋ ਕਿ ਸਾਲ ਦਾ 18000 ਡਾਲਰ ਅਤੇ ਮਹੀਨੇ ਦਾ 1500 ਡਾਲਰ ਬਣਦਾ ਸੀ। ਬਾਕੀ 1,85,000 ਡਾਲਰ ਵਿਚੋਂ 65000 ਡਾਲਰ ਅਸੀਂ ਡਾਊਨ ਪੇਮੈਂਟ ਪਾ ਦਿੱਤੀ ਸੀ। 1,20,000 ਡਾਲਰ ਉਤੇ ਵਿਆਜ ਤੇ ਮੂਲ ਦੋਵੇਂ ਵਾਪਸ ਕਰਨੇ ਸੀ। ਰੱਬ ਜੀ ਦੀ ਕਿਰਪਾ ਨਾਲ ਸਭ ਕੁਝ ਠੀਕ ਚਲਦਾ ਗਿਆ। ਜਦੋਂ ਮੈਂ ਤੇ ਮੇਰੀ ਪਤਨੀ 2010 ਵਿਚ ਭਾਰਤ ਪੱਕੇ ਤੌਰ ਤੇ ਪਰਤਣਾ ਚਾਹੁੰਦੇ ਸੀ ਤਾਂ ਇਹ ਘਰ ਅਸੀਂ ਵੱਡੇ ਪੁੱਤਰ ਗੁਰਮੀਤ ਨੂੰ ਦੇ ਦਿੱਤਾ। ਹੁਣ ਗੁਰਮੀਤ ਅਤੇ ਉਸ ਦੀ ਪਤਨੀ ਡਾ. ਗੁਨਮੀਤ ਕੌਰ ਘਰ ਨੂੰ ਵਧੀਆ ਤਰੀਕੇ ਨਾਲ ਮਾਣ ਰਹੇ ਹਨ।

ਇਸ ਘਰ ਵਿਚ 5 ਬੈੱਡਰੂਮ ਹਨ। 3 ਬੈੱਡਰੂਮ ਗਰਾਊਂਡ ਫਲੋਰ ਤੇ ਹਨ ਤੇ ਦੋ ਕਮਰੇ ਪਹਿਲੀ ਮੰਜ਼ਿਲ ਤੇ ਹਨ। ਮੇਰਾ ਤੇ ਮੇਰੀ ਪਤਨੀ ਦਾ ਕਾਫ਼ੀ ਵੱਡਾ ਬੈੱਡਰੂਮ ਸੀ, ਜਿਸ ਵਿਚ ਬਹੁਤ ਵੱਡਾ ਬਾਥਰੂਮ ਸੀ। ਗੁਰਮੀਤ ਦਾ ਵੱਡਾ ਬੱਚਾ, ਲੜਕੀ ਮਨਦੀਪ ਕੌਰ ਨੂੰ ਵੀ ਅਸੀਂ ਹੀ ਪਾਲ ਰਹੇ ਸੀ, ਕਿਉਂਕਿ ਮੇਰੀ ਨੂੰਹ ਰੈਸੀਡੈਂਸੀ ਪੜ੍ਹਣ ਲਈ ਮਾਰਕਿਟ ਸਿਟੀ, ਮਿਸ਼ੀਗਨ ਰਹਿੰਦੀ ਸੀ। ਮਾਰਕਿਟ ਸਾਡੇ ਘਰ ਤੋਂ 200 ਮੀਲ ਦੂਰ ਸੀ। ਮੇਰੀ ਨੂੰਹ ਸ਼ੁੱਕਰਵਾਰ ਵਾਲੇ ਦਿਨ, ਰਾਤ ਤੱਕ ਵਾਪਸ ਪਹੁੰਚਦੀ ਸੀ ਅਤੇ ਕਈ ਵਾਰ ਐਤਵਾਰ ਰਾਤ ਨੂੰ ਵਾਪਸ ਚਲੀ ਜਾਂਦੀ ਸੀ। ਮੇਰੇ ਲੜਕੇ ਤੇ ਨੂੰਹ ਕੋਲ ਵੀ ਬਹੁਤ ਵੱਡਾ ਬੈੱਡਰੂਮ ਤੇ ਬਾਥਰੂਮ ਸੀ। ਗਰਾਊਂਡ ਫਲੋਰ ਤੇ ਇੱਕ ਹੋਰ ਵੱਡਾ ਕਮਰਾ ਸੀ, ਜਿਸ ਨੂੰ ਅਸੀਂ ਪ੍ਰਾਰਥਨਾ ਲਈ ਵਰਤਦੇ ਸੀ ਤੇ ਉਥੇ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਸਨ। ਇਸ ਕਮਰੇ ਦੇ ਉਪਰ ਕੁਝ ਵੀ ਨਹੀਂ ਸੀ। ਦੂਸਰੀ ਮੰਜ਼ਿਲ ਤੇ ਦੋ ਬੈੱਡਰੂਮ ਸਨ ਤੇ ਇੱਕ ਵੱਡਾ ਬਾਥਰੂਮ ਸੀ ਜੋ ਕਿ ਮਹਿਮਾਨਾਂ ਦੇ ਠਹਿਰਣ ਲਈ ਵਰਤਦੇ ਸੀ। ਇਸ ਘਰ ਵਿੱਚ ਬਹੁਤ ਵੱਡੀ ਲਾਬੀ ਤੇ 600 ਮੁੱਰਬਾ ਫੁੱਟ ਦੀ ਰਸੋਈ ਹੈ। ਇਸ ਤੋਂ ਇਲਾਵਾ ਫਾਰਮਲ ਡਰਾਇੰਗ ਰੂਮ ਅਤੇ ਡਾਇਨਿੰਗ ਰੂਮ ਵੀ ਸੀ। ਇੱਕ ਵੱਡਾ 3 ਸੀਜ਼ਨ ਕਮਰਾ ਵੀ ਸੀ। ਇਸ ਘਰ ਵਿਚ 3 ਕਾਰਾਂ ਦਾ ਗੈਰਾਜ ਵੀ ਸੀ। ਇਸ ਘਰ ਦੀ ਬੇਸਮੈਂਟ 3500 ਸਕੇਅਰ ਫੁੱਟ ਸੀ। ਸਨ ਰੂਮ ਦੇ ਨੀਚੇ ਇੱਕ ਕਨਕਰੀਟ ਕਮਰਾ ਸੀ ਜੋ ਕਿ ਨਿਊਕਲੀਅਰ ਵਾਰ ਹੋਣ ਤੇ ਆਪਣੇ ਆਪ ਨੂੰ ਬਚਾਉਣ ਲਈ ਬਣਿਆ ਹੋਇਆ ਸੀ। ਲਗਪਗ 2500 ਸਕੇਅਰ ਫੁੱਟ ਵਿਚ ਬਣੇ ਬਾਰਨ ਵਿਚ 6 ਘੋੜੇ ਰੱਖਣ ਦਾ ਪ੍ਰਬੰਧ ਸੀ। 2005 ਜੂਨ ਦੇ ਅੰਤ ਵਿਚ ਅਸੀਂ

ਆਪਣੇ ਘਰ ਸਹਿਜ ਪਾਠ ਰੱਖਿਆ। ਇਹ ਗ੍ਰਹਿ ਪ੍ਰਵੇਸ਼ ਦਾ ਪ੍ਰੋਗਰਾਮ ਸੀ। ਮਿਲਵਾਕੀ, ਰਸੀਨ, ਐਪਲਟਨ ਅਤੇ ਮੈਡੀਸਨ ਤੋਂ ਮਹਿਮਾਨ ਬੁਲਾਏ ਗਏ। ਸਾਡੇ ਐਪਲਟਨ ਇਲਾਕੇ ਵਿਚ ਕਾਫ਼ੀ ਦੋਸਤ ਸਨ। ਮਹਿਮਾਨਾਂ ਦੀ ਕੁਲ ਗਿਣਤੀ ਤਕਰੀਬਨ 200 ਸੀ। ਗੁਰੂ ਦਾ ਲੰਗਰ ਅਟੁੱਟ ਵਰਤਿਆ। ਇਹ ਧੁੱਪ ਵਾਲਾ ਦਿਨ ਸੀ ਤੇ 5 ਏਕੜ ਦਾ ਲਾਅਨ ਮਹਿਮਾਨਾਂ ਅਤੇ ਉਹਨਾਂ ਦੇ ਬੱਚਿਆਂ ਨਾਲ ਭਰਿਆ ਹੋਇਆ ਸੀ। ਬਾਰਨ ਨੂੰ ਅੰਦਰੋਂ ਬਾਹਰੋਂ ਪੇਂਟ ਕਰ ਦਿੱਤਾ ਸੀ। ਇਸ ਘਰ ਦੀ ਮਹਿਮਾਂ ਦੀਆਂ ਗੱਲਾਂ ਘਰ ਘਰ ਵਿਚ ਹੋਣ ਲੱਗ ਪਈਆਂ। ਇਸ ਸਮੇਂ ਸਾਨੂੰ ਆਪਣਾ ਬਾਗ਼ ਵਾਲਾ ਫਾਰਮ ਯਾਦ ਆਇਆ।

ਮੈਂ ਤੇ ਮੇਰੀ ਪਤਨੀ ਨੇ ਬਹੁਤ ਮੁਸ਼ਕਿਲ ਨਾਲ ਹਿਮਾਚਲ ਵਿਚ 31 ਏਕੜ ਦਾ ਬਾਗ਼ ਲਗਾਇਆ ਸੀ। ਅਮਰੀਕਾ ਆਉਣ ਲਈ ਸਾਨੂੰ ਇਹ ਬਾਗ਼ ਵੇਚਣਾ ਪਿਆ। ਅਸੀਂ ਪੌਦਿਆਂ ਨੂੰ ਬਹੁਤ ਯਾਦ ਕਰਦੇ ਸੀ। 1994 ਵਿਚ ਸਾਨੂੰ ਅਮਰੀਕਾ ਪੈਸਾ ਚਾਹੀਦਾ ਸੀ ਤੇ ਅਸੀਂ ਪਟਿਆਲੇ, ਨਿਊ ਲਾਲ ਬਾਗ਼, ਦਾ ਘਰ ਵੀ ਵੇਚ ਦਿੱਤਾ ਸੀ। ਲਾਲ ਬਾਗ਼ ਦਾ ਘਰ ਬਣਾਉਣ ਵੇਲੇ ਸਾਡੇ ਮਨ ਵਿਚ ਬਹੁਤ ਸੁਪਨੇ ਸਨ। ਅਸੀਂ ਇਸ ਘਰ ਵਿਚ 1985 ਤੋਂ ਲੈ ਕੇ 1994 ਤੱਕ ਰਹੇ। ਇਹ ਪਟਿਆਲੇ ਦਾ ਬਹੁਤ ਵਧੀਆ ਇਲਾਕਾ ਹੈ, ਕਿਉਂਕਿ ਸਾਨੂੰ ਅਮਰੀਕਾ ਵਪਾਰ ਵਾਸਤੇ ਪੈਸੇ ਚਾਹੀਦੇ ਸੀ, ਸਾਨੂੰ ਇਹ ਘਰ ਵੀ ਵੇਚਣਾ ਪਿਆ। ਓਕਰੀਜ ਰੋਡ ਉਤੇ ਸਥਿਤ ਇਸ ਘਰ ਨੇ ਸਾਡੀਆਂ ਸਾਰੀਆਂ ਕਮੀਆਂ ਪੂਰੀਆਂ ਕਰ ਦਿੱਤੀਆਂ। 5 ਏਕੜ ਦੇ ਲਾਅਨ ਦਾ ਘਾਹ ਟਰੈਕਟਰ ਨਾਲ ਕੱਟ ਕੇ ਅਤੇ ਪੌਦਿਆਂ ਨੂੰ ਖੁੱਲ੍ਹਾ ਪਾਣੀ ਦੇ ਕੇ ਮੈਨੂੰ ਬਹੁਤ ਤਸੱਲੀ ਹੁੰਦੀ ਸੀ ਜੋ ਕਿ ਬਿਆਨ ਨਹੀਂ ਕੀਤੀ ਜਾ ਸਕਦੀ। ਹੌਲੀ-ਹੌਲੀ ਸਾਨੂੰ ਬਹੁਤ ਤਸੱਲੀ ਹੋ ਗਈ। ਇਸ ਘਰ ਨੇ ਸਾਨੂੰ ਇੱਜ਼ਤ ਤੇ ਕਾਮਯਾਬੀ ਦਾ ਅਹਿਸਾਸ ਕਰਵਾਇਆ। ਮੈਂ ਤੇ ਮੇਰੀ ਪਤਨੀ, ਲੜਕਾ ਗੁਰਮੀਤ ਸਿੰਘ ਤੇ ਉਸ ਦੀ ਪਤਨੀ ਗੁਨਮੀਤ ਕੌਰ ਸਾਰਿਆਂ ਨੂੰ ਹੀ ਵਧੀਆ ਕਾਰਾਂ ਦਾ ਸ਼ੌਕ ਸੀ। ਅਸੀਂ ਇਸ ਘਰ ਵਿਚ ਮਰਸਡੀਜ਼, ਲੈਂਡ ਕਰੂਜ਼ਰ ਅਤੇ ਬੀ.ਐਮ.ਡਬਲਿਊ ਕਾਰਾਂ ਰੱਖੀਆਂ ਹੋਈਆਂ ਸਨ। ਇਸ ਘਰ ਵਿਚ ਸਾਨੂੰ ਮਹਿਮਾਨ ਬੁਲਾਉਣ ਅਤੇ ਉਹਨਾਂ ਨੂੰ ਕੁਝ ਦਿਨ ਰੱਖਣ ਦੀ ਕੋਈ ਸਮੱਸਿਆ ਨਹੀਂ ਸੀ। ਮੇਰੀ ਨੂੰਹ ਜੋ ਸਾਡੇ ਨਾਲ ਹੀ ਰਹਿੰਦੀ ਸੀ 2006 ਤੋਂ 2009 ਤੱਕ ਰੈਸੀਡੈਂਸੀ ਕਰਦੀ ਸੀ। ਉਹ ਹਫ਼ਤੇ ਵਿਚ ਸਿਰਫ਼ ਦੋ ਕੁ ਦਿਨ ਹੀ ਆਉਂਦੀ ਸੀ।

ਸਾਡੇ ਘਰ ਵਿਚ 18 ਆਈਲੈਂਡ ਸਨ, ਜੋ ਮੈਨੂੰ ਸਾਰੀ ਗਰਮੀਆਂ ਵਿਚ ਵਿਅਸਤ ਰੱਖਦੇ ਸਨ। ਮੈਂ ਪੰਜਵੇਂ ਦਿਨ ਘਾਹ ਕੱਟਦਾ ਸੀ ਤੇ ਟਰੈਕਟਰ ਨਾਲ ਹੋਰ ਬਹੁਤ ਸਾਧਨ ਰੱਖੇ ਹੋਏ ਸਨ। ਉਹਨਾਂ ਵਿਚੋਂ ਇੱਕ ਸਾਧਨ ਐਰੀਏਟਰ ਸੀ ਜੋ ਕਿ ਘਾਹ ਦੀ ਗੁਡਾਈ ਕਰਦਾ ਸੀ। ਐਰੀਏਟਰ ਵਰਤਣ ਤੋਂ ਬਾਅਦ ਸਾਰਾ ਘਾਹ ਕਾਲਾ

ਸ਼ਾਮ ਹੋ ਜਾਂਦਾ ਸੀ। ਜਦ ਕਿ ਬਰਫਾਂ ਨਾਲ ਘਾਹ ਦਾ ਲੈਵਲ ਉਚਾ ਨੀਵਾਂ ਹੋ ਜਾਂਦਾ ਸੀ ਤਾਂ ਅਸੀਂ ਰਬੜ ਦਾ ਇੱਕ ਰੋਲਰ ਰੱਖਿਆ ਹੋਇਆ ਸੀ, ਜਿਸ ਵਿਚ ਪਾਣੀ ਭਰਨ ਨਾਲ ਰੋਲਰ ਭਾਰੀ ਹੋ ਜਾਂਦਾ ਸੀ ਤੇ ਘਾਹ ਦੇ ਉਤੇ ਘੁਮਾਉਂਦਿਆਂ ਧਰਤੀ ਦਾ ਲੈਵਲ ਇਕਸਾਰ ਹੋ ਜਾਂਦਾ ਸੀ। ਘਾਹ ਦੀ ਚਮਕ ਅਤੇ ਦਿਖ ਸੁੰਦਰ ਹੋ ਜਾਂਦੀ ਸੀ। ਗਰਮੀਆਂ ਦੇ ਮਹੀਨਿਆਂ ਵਿਚ ਪੌਦੇ ਮੈਨੂੰ ਵਿਅਸਤ ਰੱਖਦੇ ਸਨ, ਸਰਦੀਆਂ ਵਿਚ ਮੈਂ ਅਕਸਰ ਪਟਿਆਲੇ ਆ ਜਾਂਦਾ ਸੀ ਜਦ ਕਿ ਮੇਰੀ ਪਤਨੀ ਅਮਰੀਕਾ ਵਿਚ ਹੀ ਰਹਿੰਦੀ ਸੀ ਅਤੇ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਸੀ। ਮੇਰੀ ਪੋਤੀ ਮਨਦੀਪ ਦਾ ਬਹੁਤ ਸਮਾਂ ਉਸ ਦੀ ਦਾਦੀ ਨਾਲ ਹੀ ਨਿਕਲਿਆ ਹੈ। ਇਸ ਘਰ ਵਿਚ ਮੈਂ ਤੇ ਮੇਰੀ ਪਤਨੀ, ਮੇਰਾ ਵੱਡਾ ਪੁੱਤਰ ਗੁਰਮੀਤ ਸਿੰਘ ਤੇ ਉਸ ਦੀ ਪਤਨੀ ਗੁਨਮੀਤ ਕੌਰ ਸਵੇਰੇ ਸ਼ਾਮ ਪਾਠ ਕਰਦੇ ਸੀ। ਦਿਨ ਦੇ ਸਮੇਂ ਮੈਂ ਤੇ ਮੇਰੀ ਪਤਨੀ ਕੁਝ ਸਮਾਂ ਕੱਢ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਸੀ। ਮੈਂ ਤੇ ਮੇਰੀ ਪਤਨੀ ਨੇ ਇਹੀ ਅਨੁਸ਼ਾਸਨ ਆਪਣੇ ਦੋਵਾਂ ਪੁੱਤਰਾਂ, ਨੂੰਹਾਂ ਤੇ ਪੋਤੇ-ਪੋਤੀਆਂ ਨੂੰ ਸਿਖਾਇਆ।

**ਗੁਰੂ ਸਾਹਿਬਾਨ ਦੇ ਦਰਸ਼ਨ**

6 ਮਾਰਚ 2007 ਨੂੰ ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਬਚਪਨ ਤੋਂ ਹੀ ਮੈਂ ਮਹਿਸੂਸ ਕਰਦਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਮੈਨੂੰ ਮੇਰੀ 64 ਸਾਲ ਦੀ ਉਮਰ ਵਿਚ ਦਰਸ਼ਨ ਦੇਣਗੇ। ਉਹਨਾਂ ਦਿਨਾਂ ਵਿਚ ਅਸੀਂ ਆਪਣੇ ਜੱਦੀ ਪਿੰਡ, ਦੁਗਾਲ ਰਹਿੰਦੇ ਸੀ, ਜਿਥੇ ਸਾਡਾ ਪਰਿਵਾਰ 1982 ਤੱਕ ਰਿਹਾ। ਮੈਨੂੰ ਇਹ ਨਹੀਂ ਪਤਾ ਕਿ ਦਰਸ਼ਨਾਂ ਦਾ ਵਿਚਾਰ ਮੈਨੂੰ ਕਿਵੇਂ ਆਇਆ ਪਰ ਮੈਂ ਹਮੇਸ਼ਾ ਸੋਚਦਾ ਸੀ ਕਿ ਮੈਨੂੰ 64 ਸਾਲ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਣਗੇ। ਮੈਂ ਸੋਚਦਾ ਸੀ ਕਿ ਜਦੋਂ ਮੈਂ ਆਪਣੀ ਜ਼ਮੀਨ ਦੇਖਣ ਆਪਣੇ ਪਿੰਡ ਜਾਵਾਂਗਾ ਤਾਂ ਗੁਰੂ ਗੋਬਿੰਦ ਸਿੰਘ ਜੀ ਘੋੜੇ ਤੇ ਬੈਠੇ ਮੈਨੂੰ ਦਰਸ਼ਨ ਦੇਣਗੇ। ਮੈਂ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਅਸੀਂ ਤਾਂ ਹੁਣ ਭਾਰਤ ਵਿਚ ਨਹੀਂ ਰਹਿੰਦੇ, ਤੇ ਆਪਣੇ ਪਿੰਡ ਦੁਗਾਲ ਦੀ ਜ਼ਮੀਨ ਵੀ ਵੇਚ ਦਿੱਤੀ ਹੈ। ਮੈਂ ਬੇਨਤੀ ਕਰਦਿਆਂ ਇਹ ਵੀ ਕਿਹਾ ਕਿ ਗੁਰੂ ਸਾਹਿਬ ਜੀ ਨੂੰ ਤਾਂ ਅਮਰੀਕਾ ਆਉਣ ਲਈ ਪਾਸਪੋਰਟ ਦੀ ਵੀ ਲੋੜ ਨਹੀਂ ਹੈ। ਪ੍ਰਾਰਥਨਾ ਕਰਦਿਆਂ, ਮੈਂ ਗੁਰੂ ਸਾਹਿਬ ਨੂੰ ਚਾਰੇ ਸਾਹਿਬਜ਼ਾਦਿਆਂ ਨੂੰ ਵੀ ਨਾਲ ਲਿਆਉਣ ਦੀ ਅਰਦਾਸ ਵੀ ਕੀਤੀ। ਅਗਲੇ ਦਿਨ ਸਵੇਰੇ 5 ਕੁ ਵਜੇ ਮੈਂ ਗੁਰੂ ਗੋਬਿੰਦ ਸਿੰਘ ਜੀ ਤੇ ਚਾਰੇ ਸਾਹਿਬਜ਼ਾਦਿਆਂ ਦੇ ਦਰਸ਼ਨ ਕੀਤੇ। ਮੇਰੇ ਨਾਲ ਇਹ ਪਹਿਲੀ ਵਾਰ ਹੋਇਆ ਸੀ। ਮੈਂ ਡਰ ਗਿਆ। ਮੈਂ ਸੋਚਣ ਲੱਗਾ ਕਿ ਗੁਰੂ ਜੀ ਮੇਰੀ ਜਾਨ ਲੈਣ ਲਈ ਆਏ ਹਨ। 15 ਕੁ ਮਿੰਟਾਂ ਬਾਅਦ ਮੈਂ ਇਸ ਹਾਲਤ ਵਿਚੋਂ ਬਾਹਰ ਨਿਕਲਿਆ। ਨਹਾਉਣ ਤੋਂ ਬਾਅਦ ਮੈਂ ਬਾਬਾ ਜੀ ਦੇ ਕਮਰੇ ਵਿਚ ਗਿਆ ਅਤੇ ਆਪਣੀ ਗਲਤੀ ਲਈ ਗੁਰੂ ਸਾਹਿਬ ਜੀ ਤੋਂ ਮੁਆਫ਼ੀ ਮੰਗੀ। ਮੈਂ ਕਿਹਾ ਕਿ ਮੈਂ ਇੰਨਾ

ਡਰ ਗਿਆ ਸੀ ਕਿ ਮੈਂ ਗੁਰੂ ਸਾਹਿਬ ਤੇ ਸਾਹਿਬਜ਼ਾਦਿਆਂ ਨੂੰ ਫਤਹਿ ਬੁਲਾਉਣੀ ਵੀ ਭੁੱਲ ਗਿਆ।

ਸਮਾਂ ਬੀਤਦਾ ਗਿਆ। 13 ਜਨਵਰੀ 2008 ਨੂੰ ਮੈਂ ਪੂਰੇ 65 ਸਾਲ ਦਾ ਹੋ ਗਿਆ। ਲਗਪਗ 11 ਵਜੇ ਮੈਂ ਰਸੋਈ ਦੇ ਕੋਲ ਖੜ੍ਹਾ ਸੀ। ਰਸੋਈ ਤੇ ਲਾਬੀ ਵਿਚਾਲੇ ਕੋਈ ਕੰਧ ਨਹੀਂ ਸੀ। ਲਾਬੀ ਤਕਰੀਬਨ 800 ਸਕੇਅਰ ਫੁੱਟ ਸੀ ਤੇ ਪਰਿਵਾਰ ਦਾ ਜ਼ਿਆਦਤਰ ਸਮਾਂ ਇਥੇ ਹੀ ਗੁਜ਼ਰਦਾ ਸੀ। ਮੈਂ ਗੋਡਿਆਂ ਤੱਕ ਦੋ ਟੰਗਾਂ ਖੜ੍ਹੀਆਂ ਦੇਖੀਆਂ। ਮੈਂ ਹੈਰਾਨ ਹੋ ਰਿਹਾ ਸੀ ਕਿ ਇਹ ਕੀ ਚੀਜ਼ ਹੈ? ਇੱਕ ਸੈਕੰਡ ਵਿਚ ਇੱਕ ਸਰੀਰ ਆਇਆ ਤੇ ਗੋਡਿਆਂ ਉਤੇ ਖੜ੍ਹ ਗਿਆ ਤੇ ਇਸ ਨੇ ਇਕ ਸਰੀਰ ਦਾ ਰੂਪ ਧਾਰਣ ਕਰ ਲਿਆ। ਇਹ ਸਰੀਰ ਗੁਰੂ ਨਾਨਕ ਦੇਵ ਜੀ ਦਾ ਸੀ। ਗੁਰੂ ਜੀ ਨੇ ਆਪਣੇ ਦੋਵੇਂ ਹੱਥ ਇਸ ਤਰੀਕੇ ਨਾਲ ਖੜ੍ਹੇ ਕੀਤੇ ਕਿ ਉਹ ਮੈਨੂੰ ਅਸ਼ੀਰਵਾਦ ਦੇ ਰਹੇ ਸਨ। ਸਕਿੰਟਾਂ ਵਿਚ ਹੀ ਗੁਰੂ ਜੀ ਅਲੋਪ ਹੋ ਗਏ। ਇਸ ਘਟਨਾ ਨੇ ਮੇਰੇ ਸਾਰੇ ਜੀਵਨ ਨੂੰ ਅਤੇ ਸੋਚਣ ਦੇ ਤਰੀਕੇ ਨੂੰ ਬਦਲ ਦਿੱਤਾ। ਮੈਂ ਪਹਿਲਾਂ ਹੀ ਅੰਮ੍ਰਿਤ ਛੱਕਿਆ ਹੋਇਆ ਸੀ ਪਰ ਜੋ ਵਿਸ਼ਵਾਸ ਮੈਨੂੰ ਰੱਬ ਦੀ ਹੋਂਦ ਅਤੇ ਗੁਰੂ ਦਾ ਸਹਾਰਾ ਹੁਣ ਹੈ, ਉਹ ਬਿਆਨ ਤੋਂ ਪਰੇ ਹੈ। ਹੁਣ ਮੈਂ 24 ਘੰਟੇ ਹੀ ਰੱਬ ਤੇ ਗੁਰੂ ਬਾਰੇ ਸੋਚਦਾ ਰਹਿੰਦਾ ਹਾਂ। ਹੁਣ ਮੈਂ ਮਹਿਸੂਸ ਕਰ ਲਿਆ ਹੈ ਕਿ ਮੈਂ ਸਰੀਰ ਨਹੀਂ, ਬਲਕਿ ਇੱਕ ਰੂਹ ਹਾਂ। ਮੇਰੇ ਜੀਵਨ ਦਾ ਮਨੋਰਥ ਸਾਰਿਆਂ ਨੂੰ ਭੈਣ ਭਾਈ ਸਮਝਣ ਦਾ ਹੈ। ਸਾਡੇ ਸਾਰਿਆਂ ਵਿਚ ਕੋਈ ਮੁਕਾਬਲਾ ਨਹੀਂ ਹੈ। ਜੋ ਰਬ ਤੇ ਗੁਰੂ ਜੀ ਨੇ ਮੈਨੂੰ ਚੰਗੀ ਥਾਂ ਲਾਇਆ ਹੈ ਤਾਂ ਮੇਰਾ ਫਰਜ਼ ਹੈ ਕਿ ਦੂਜਿਆਂ ਨੂੰ ਉਹਨਾਂ ਦਾ ਜੀਵਨ ਮਨੋਰਥ ਪੂਰਾ ਕਰਨ ਵਿਚ ਮਦਦ ਕਰਾਂ। ਹੁਣ ਮੈਂ ਮਾਫ਼ ਕਰਨ ਲੱਗ ਪਿਆ ਹਾਂ। ਜੇ ਕੋਈ ਮੈਨੂੰ ਦੁੱਖ ਪਹੁੰਚਾਉਂਦਾ ਹੈ ਤਾਂ ਮੈਂ ਇਹੀ ਸੋਚਦਾ ਹਾਂ ਕਿ ਇਹ ਰੱਬ ਦਾ ਹੁਕਮ ਸੀ। ਮੁਆਫ਼ੀ ਕਰਕੇ ਮੇਰਾ ਜੀਵਨ ਬਿਹਤਰ ਹੋ ਗਿਆ ਹੈ। ਮਾਫ਼ੀ ਕਿਸੇ ਵੀ ਇਨਸਾਨ ਨੂੰ ਆਤਮਿਕ ਤਰੱਕੀ ਕਰਨ ਲਈ ਬਹੁਤ ਜ਼ਰੂਰੀ ਹੈ। ਹੁਣ ਮੈਂ ਪਿਆਰ, ਅਮਨ ਅਤੇ ਇਨਸਾਫ ਵੰਡਣ ਵਿਚ ਵਿਸ਼ਵਾਸ ਰੱਖਦਾ ਹਾਂ। ਇਹ ਸਭ ਕੁਝ ਗੁਰੂ ਜੀ ਦੀ ਕਿਰਪਾ ਨਾਲ ਹੋਇਆ ਹੈ। ਇਸ ਕਾਰਨ ਮੈਂ ਇਸ ਘਰ ਨੂੰ ਵਡਭਾਗਾ ਘਰ ਕਹਿੰਦਾ ਹਾਂ।

# ਵਿੱਦਿਆ ਦਾ ਪੁਸ਼ਤੈਨੀ ਸਬੰਧ

ਵਿੱਦਿਆ ਅਤੇ ਗਿਆਨ ਦੀ ਲੋੜ ਕਦੇ ਵੀ ਛੁਟਿਆਈ ਨਹੀਂ ਜਾ ਸਕਦੀ। ਗਿਆਨ ਤੋਂ ਬਿਨਾਂ ਇੱਕ ਇਨਸਾਨ ਬੇਸਮਝ ਅਤੇ ਮੂੜ੍ਹ ਹੁੰਦਾ ਹੈ। ਉਹ ਘਰ, ਪਰਿਵਾਰ ਅਤੇ ਸਮਾਜ ਲਈ ਬਿਲਕੁਲ ਵੀ ਕਿਸੇ ਕੰਮ ਦਾ ਨਹੀਂ ਹੁੰਦਾ। ਪੁਰਾਤਨ ਭਾਰਤ ਵਿਚ ਵੀ ਅਸੀਂ ਕ੍ਰਿਸ਼ਨ ਮਹਾਰਾਜ ਦੀ ਕਹਾਣੀ ਸੁਣਦੇ ਹਾਂ, ਜਿਹਨਾਂ ਨੂੰ ਪੜ੍ਹਣ ਲਈ ਸਕੂਲ ਭੇਜਿਆ ਗਿਆ। ਉਹਨਾਂ ਦਿਨਾਂ ਵਿਚ ਵਿਦਿਆਰਥੀ ਅਧਿਆਪਕ ਜਾਂ ਗੁਰੂ ਕੋਲ ਜਾ ਕੇ ਰਹਿੰਦੇ ਸਨ। ਸਾਨੂੰ ਇਹ ਵੀ ਪਤਾ ਹੈ ਕਿ ਸੁਦਾਮਾ ਵੀ ਇੱਕ ਵਿਦਿਆਰਥੀ ਸੀ ਤੇ ਕ੍ਰਿਸ਼ਨ ਮਹਾਰਾਜ ਨਾਲ ਹੀ ਪੜ੍ਹਦਾ ਸੀ। ਕ੍ਰਿਸ਼ਨ ਮਹਾਰਾਜ ਸ਼ਾਹੀ ਖਾਨਦਾਨ ਨਾਲ ਸਬੰਧ ਰੱਖਦੇ ਸਨ, ਇਹੋ ਜਿਹੇ ਹਾਲਾਤਾਂ ਵਿਚ ਹਓਮੈ ਹੋਣੀ ਕੁਦਰਤੀ ਸੀ। ਜਿਓਂ ਹੀ ਵਿਦਿਆਰਥੀ ਇਕੱਠੇ ਹੋਏ, ਇੱਕ ਨਾਈ ਬੁਲਾਇਆ ਗਿਆ ਤੇ ਸਾਰੇ ਬੱਚਿਆਂ ਦਾ ਸਿਰ ਮੁੰਡਵਾ ਦਿੱਤਾ ਗਿਆ। ਇਹ ਵੀ ਵਿੱਦਿਆ ਅਤੇ ਸਿਖਲਾਈ ਦਾ ਹਿੱਸਾ ਸੀ ਕਿ ਬੱਚਿਆਂ ਨੂੰ ਜੰਗਲ ਵਿਚ ਲੱਕੜੀਆਂ ਕੱਟਣ ਅਤੇ ਇਕੱਠੀਆਂ ਕਰਨ ਲਈ ਭੇਜਿਆ ਜਾਂਦਾ ਸੀ। ਇਹੀ ਲੱਕੜੀਆਂ ਖਾਣਾ ਆਦਿਕ ਬਣਾਉਣ ਦੇ ਕੰਮ ਆਉਂਦੀਆਂ ਸਨ। ਵਿਦਿਆਰਥੀਆਂ ਨੂੰ ਆਮ ਤੌਰ ਤੇ ਪਿੰਡਾਂ ਵਿਚ ਆਟਾ ਆਦਿ ਮੰਗਣ ਲਈ ਵੀ ਭੇਜਿਆ ਜਾਂਦਾ ਸੀ। ਇਹਨਾਂ ਗੱਲਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਮਿਹਨਤੀ ਬਣਾਉਣਾ ਹੁੰਦਾ ਸੀ। ਇੱਕ ਦੂਜੇ ਨਾਲ ਰਲ ਕੇ ਜਦੋਂ ਅਸੀਂ ਕੰਮ ਕਰਦੇ ਹਾਂ ਤੇ ਮੰਗਣ ਆਦਿ ਜਾਂਦੇ ਹਾਂ ਇੱਕ ਦੂਜੇ ਪ੍ਰਤੀ ਸ਼ਰਧਾ ਪਿਆਰ ਤੇ ਉਤਸ਼ਾਹ ਵੱਧਦਾ ਹੈ। ਬੱਚਿਆਂ ਦੇ ਸਿਰ ਮੁਨਾਉਣ ਅਤੇ ਉਹਨਾਂ ਤੋਂ ਭਿੱਖਿਆ ਮੰਗਾਉਣ ਨਾਲ ਬੱਚਿਆਂ ਵਿਚ ਨਿਮਰਤਾ ਆਉਂਦੀ ਹੈ। ਮਿਹਨਤ ਨਾਲ ਇਨਸਾਨ ਵਿਚ ਆਤਮ-ਵਿਸ਼ਵਾਸ ਆਉਂਦਾ ਹੈ। ਇਹੀ ਵਿੱਦਿਆ ਅਤੇ ਗਿਆਨ ਪ੍ਰਾਪਤ ਕਰਨ ਦਾ ਆਦਰਸ਼ ਸੀ। ਇੱਕ ਰਾਜੇ ਨੂੰ ਅਤੇ ਆਮ ਆਦਮੀ ਨੂੰ ਉਸ ਦਾ ਧਰਮ ਦੱਸਿਆ ਜਾਂਦਾ ਸੀ। ਇਹੋ ਜਿਹੇ ਵਿਦਿਆਰਥੀ ਹੀ ਜੀਵਨ ਵਿਚ ਕਿਸਾਨ ਬਣ ਕੇ, ਵਪਾਰੀ ਬਣ ਕੇ ਅਤੇ ਰਾਜੇ ਆਦਿ ਬਣ ਕੇ ਆਪਣਾ ਧਰਮ ਨਿਭਾਉਂਦੇ ਸੀ ਅਤੇ ਸਮਾਜ ਵਿਚ ਪਿਆਰ ਅਤੇ ਇਨਸਾਫ਼ ਨਾਲ ਜੀਵਨ ਚੱਲਦਾ ਸੀ।

ਗੁਰੂ ਨਾਨਕ ਦੇਵ ਜੀ (1469-1539) ਵਿਸ਼ਵ ਵਿਆਪੀ ਅਧਿਆਪਕ ਸਨ, ਜਿਹਨਾਂ ਨੇ ਦੂਰ-ਦੁਰਾਡੇ ਜਾ ਕੇ ਇੱਕ ਰੱਬ ਦਾ ਉਦੇਸ਼ ਦਿੱਤਾ ਤੇ ਗ੍ਰਿਹਸਥੀ

ਜੀਵਨ, ਸਦਾਚਾਰਕ ਨਿਯਮਾਂ ਨਾਲ ਬਤੀਤ ਕਰਨ ਦੀ ਮਹੱਤਤਾ ਦੱਸੀ। ਉਹਨਾਂ ਨੇ ਘਰ-ਬਾਰ ਛੱਡ ਕੇ ਜੰਗਲਾਂ ਵਿਚ ਰੱਬ ਦੀ ਭਾਲ ਲਈ ਜਾਣ ਵਾਲੇ ਲੋਕਾਂ ਨੂੰ ਵਰਜਿਆ। ਵਿੱਦਿਆ ਬਾਰੇ ਉਹਨਾਂ ਨੇ ਕਿਹਾ,

॥ ਵਿਦਿਆ ਵਿਚਾਰੀ ਤਾਂ ਪਰਉਪਕਾਰੀ ॥

(ਆਸਾ ਮ:੧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 356)

ਇਸ ਦਾ ਭਾਵ ਇਹ ਹੈ ਕਿ ਵਿੱਦਿਆ ਨੂੰ ਵਿਚਾਰ ਕੇ ਹੀ ਇਨਸਾਨ ਪਰਉਪਕਾਰੀ ਬਣ ਸਕਦਾ ਹੈ ਅਤੇ ਸਮਾਜ ਦਾ ਭਲਾ ਕਰ ਸਕਦਾ ਹੈ।

ਸਾਡੇ ਬਜ਼ੁਰਗ ਵੀ ਰੱਬ ਤੋਂ ਬਹੁਤ ਡਰਦੇ ਸਨ ਅਤੇ ਗੁਰਮੁਖ ਲੋਕ ਸਨ। ਸਾਡੇ ਸਤਿਕਾਰਯੋਗ ਪੜਦਾਦਾ ਜੀ ਸ. ਮਾਨ ਸਿੰਘ ਜੀ ਪਿੰਡ ਦੇ ਸਕੂਲ ਵਿਚ ਹੀ ਪੜ੍ਹਣ ਗਏ। ਸਾਡੇ ਪਿੰਡ ਦੁਗਾਲ ਵਿਚ ਕੇਵਲ ਪ੍ਰਾਇਮਰੀ ਸਕੂਲ ਸੀ, ਜਿਥੇ ਕੁੱਝ ਪੰਜਾਬੀ, ਉਰਦੂ ਤੋਂ ਇਲਾਵਾ ਹਿਸਾਬ ਪੜ੍ਹਾਇਆ ਜਾਂਦਾ ਸੀ। ਵਿੱਦਿਆ ਪ੍ਰਾਪਤ ਕਰਦਿਆਂ ਤੁਸੀਂ ਸਿਰਫ਼ ਪੜ੍ਹਾਈ ਤੇ ਹਿਸਾਬ ਹੀ ਨਹੀਂ ਸਿਖਦੇ ਸਗੋਂ ਤੁਸੀਂ ਦੂਜੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਸਾਥ ਨਾਲ ਸਿਆਣੇ ਵੀ ਬਣਦੇ ਹੋ। 1870 ਵਿਚ ਸ. ਮਾਨ ਸਿੰਘ ਜੀ ਪੈਦਲ ਤੁਰ ਕੇ ਦੁਗਾਲ ਪਿੰਡ ਤੋਂ ਪਟਿਆਲੇ ਆ ਗਏ ਜੋ ਕਿ 70 ਕਿਲੋਮੀਟਰ ਦੂਰ ਸੀ। ਉਹਨਾਂ ਦਿਨਾਂ ਵਿਚ ਕੋਈ ਪੱਕੀਆਂ ਸੜਕਾਂ ਆਦਿ ਨਹੀਂ ਸਨ। ਪਟਿਆਲੇ ਨੂੰ ਜਾਣ ਲਈ ਸਿਰਫ਼ ਘੋੜਾ ਜਾਂ ਪੈਦਲ ਜਾਣ ਦਾ ਹੀ ਤਰੀਕਾ ਸੀ। ਉਹ ਦਿਮਾਗੀ ਇਨਸਾਨ ਸਨ। ਉਹ ਪਟਿਆਲੇ ਆ ਕੇ ਮਹਾਰਾਜਾ ਮਹਿੰਦਰ ਸਿੰਘ ਜੀ ਨੂੰ ਮਿਲੇ। ਉਹਨਾਂ ਦੇ ਗੱਲਬਾਤ ਕਰਨ ਦੇ ਢੰਗ ਅਤੇ ਉਹਨਾਂ ਦੇ ਆਤਮ ਵਿਸ਼ਵਾਸ ਤੋਂ ਮਹਾਰਾਜਾ ਬਹੁਤ ਖੁਸ਼ ਹੋਏ ਅਤੇ ਉਹਨਾਂ ਨੂੰ ਨੌਕਰੀ ਤੇ ਰੱਖ ਲਿਆ। ਉਹਨਾਂ ਨੇ ਜਲਦੀ ਹੀ ਮਹਿਸੂਸ ਕਰ ਲਿਆ ਕਿ ਉਹਨਾਂ ਨੂੰ ਅੰਗਰੇਜ਼ੀ ਆਦਿ ਦਾ ਗਿਆਨ ਵੀ ਹੋਣਾ ਚਾਹੀਦਾ ਸੀ ਤਾਂ ਕਿ ਹੋਰ ਵੀ ਜ਼ਿਆਦਾ ਕਾਮਯਾਬ ਹੋ ਜਾਂਦੇ। ਉਹਨਾਂ ਨੇ 1870 ਤੋਂ 1890 ਤੱਕ ਦੋ ਮਹਾਰਾਜਿਆਂ ਦੀ ਸੇਵਾ ਕੀਤੀ। ਉਹਨਾਂ ਮਹਾਰਾਜਿਆਂ ਦੇ ਨਾਂਮ ਮਹਾਰਾਜਾ ਮਹਿੰਦਰ ਸਿੰਘ ਅਤੇ ਮਹਾਰਾਜਾ ਰਾਜਿੰਦਰ ਸਿੰਘ ਹਨ।

ਉਹਨਾਂ ਦੀ ਪਤਨੀ ਤੇ ਤਿੰਨ ਲੜਕੇ ਦੁਗਾਲ ਪਿੰਡ ਵਿਚ ਹੀ ਰਹਿ ਰਹੇ ਸਨ। ਉਹਨਾਂ ਦੀ ਪਤਨੀ ਸਰਦਾਰਨੀ ਜਸਵੰਤ ਕੌਰ ਜ਼ਮੀਨ ਦੀ ਦੇਖਭਾਲ ਕਰ ਰਹੀ ਸੀ। ਪਟਿਆਲੇ ਰਹਿੰਦਿਆਂ ਉਹਨਾਂ ਨੇ ਮਹਿਸੂਸ ਕੀਤਾ ਕਿ ਪਟਿਆਲਾ ਵਿੱਦਿਆ ਲਈ ਵਧੀਆ ਸ਼ਹਿਰ ਹੈ। 1885 ਵਿਚ ਉਹਨਾਂ ਨੇ ਪੁੱਤਰ ਕਪੂਰ ਸਿੰਘ ਨੂੰ ਪਟਿਆਲੇ ਲੈ ਆਂਦਾ। ਕਪੂਰ ਸਿੰਘ ਨੇ ਵਧੀਆ ਸਕੂਲ ਵਿਚ ਪੜ੍ਹਾਈ ਕੀਤੀ ਅਤੇ ਪਿਤਾ ਜੀ ਤੋਂ ਵਧੀਆ ਆਦਤਾਂ ਵੀ ਸਿੱਖੀਆਂ। ਪੜਦਾਦਾ ਜੀ ਕੋਲ ਪੁਰਾਣੇ ਮੋਤੀ ਬਾਗ਼ ਵਿਚ ਸਰਕਾਰੀ ਮਕਾਨ ਸੀ।

1890 ਵਿਚ ਸਰਦਾਰ ਮਾਨ ਸਿੰਘ ਸੇਵਾ ਮੁਕਤ ਹੋ ਕੇ ਆਪਣੇ ਪਿੰਡ ਜਾਣਾ ਚਾਹੁੰਦੇ ਸਨ, ਜਿਥੇ ਕਿ ਉਹ ਆਪਣੇ ਪਰਿਵਾਰ ਤੇ ਜ਼ਮੀਨ ਦੀ ਦੇਖਭਾਲ ਕਰਨਾ ਚਾਹੁੰਦੇ ਸਨ। ਉਹਨਾਂ ਦਿਨਾਂ ਵਿਚ ਚਿੱਠੀਆਂ ਰਾਹੀਂ ਰਿਟਾਇਰਮੈਂਟ ਨਹੀਂ ਸੀ ਹੁੰਦੀ। ਅਫ਼ਸਰ ਲੋਕ ਮਹਾਰਾਜਾ ਕੋਲ ਪੇਸ਼ ਹੋ ਕੇ ਬੇਨਤੀ ਕਰਦੇ ਸਨ। ਜਦੋਂ ਸ. ਮਾਨ ਸਿੰਘ ਮਹਾਰਾਜਾ ਰਾਜਿੰਦਰ ਸਿੰਘ ਕੋਲ 1890 ਵਿਚ ਪੇਸ਼ ਹੋਏ ਤੇ ਰਿਟਾਇਰਮੈਂਟ ਦੀ ਇਛਾ ਜਤਾਈ ਤਾਂ ਮਹਾਰਾਜਾ ਰਾਜਿੰਦਰ ਸਿੰਘ ਕਹਿਣ ਲੱਗੇ ਕਿ ਉਹ ਸ. ਮਾਨ ਸਿੰਘ ਦੇ ਲੜਕੇ ਨੂੰ ਨੌਕਰੀ ਦੇ ਦੇਣਗੇ। ਸ. ਮਾਨ ਸਿੰਘ ਨੇ ਕਿਹਾ ਕਿ ਉਹਨਾਂ ਦਾ ਲੜਕਾ ਸਿਰਫ 10 ਸਾਲ ਦਾ ਹੈ ਤੇ ਪੰਜਵੀਂ ਜਮਾਤ ਵਿਚ ਪੜ੍ਹਦਾ ਹੈ। ਇਸ ਗੱਲ ਤੇ ਮਹਾਰਾਜਾ ਰਾਜਿੰਦਰ ਸਿੰਘ ਨੇ ਕਿਹਾ ,“ ਤੁਹਾਡਾ 10 ਸਾਲ ਦਾ ਲੜਕਾ ਤਾਂ 20 ਸਾਲ ਦੇ ਲੜਕੇ ਵਰਗਾ ਹੋਵੇਗਾ।” ਅਗਲੇ ਦਿਨ ਬੱਚਾ ਪੇਸ਼ ਕੀਤਾ ਗਿਆ। ਮਹਾਰਾਜਾ 10 ਸਾਲ ਦੇ ਬੱਚੇ ਕਪੂਰ ਸਿੰਘ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਨਾਲ ਹੀ ਕਹਿ ਦਿੱਤਾ ਕਿ ਅਗਲੇ ਦਿਨ ਸਰਕਾਰੀ ਕੰਮ ਵਾਸਤੇ ਆ ਜਾਣ ਤੇ ਸਕੂਲ ਜਾਣ ਦੀ ਲੋੜ ਨਹੀਂ ਹੈ। ਪੜਦਾਦਾ ਜੀ ਸ. ਮਾਨ ਸਿੰਘ ਜੀ ਬਹੁਤ ਕਾਮਯਾਬ ਅਫ਼ਸਰ ਸਨ।

1900 ਈ: ਵਿਚ ਮਹਾਰਾਜਾ ਰਾਜਿੰਦਰ ਸਿੰਘ ਸੁਰਗਵਾਸ ਹੋ ਗਏ ਤੇ ਸ. ਕਪੂਰ ਸਿੰਘ ਦੀ ਡਿਊਟੀ ਯੁਵਰਾਜ ਭੂਪਿੰਦਰ ਸਿੰਘ ਨਾਲ ਲਗਾ ਦਿੱਤੀ ਗਈ। 1909 ਵਿਚ ਯੁਵਰਾਜ ਭੂਪਿੰਦਰ ਸਿੰਘ ਨੇ ਰਾਜੇ ਵਜੋਂ ਸਹੁੰ ਚੁੱਕਣ ਲਈ ਭਾਰਤ ਦੇ ਵਾਇਸਰਾਏ ਕੋਲ ਸ਼ਿਮਲਾ ਜਾਣਾ ਸੀ। ਯੁਵਰਾਜ ਭੂਪਿੰਦਰ ਸਿੰਘ ਨੇ ਸ. ਕਪੂਰ ਸਿੰਘ ਨੂੰ ਕਿਹਾ ਕਿ ਉਹ ਏ.ਡੀ.ਸੀ ਦੇ ਰੂਪ ਵਿਚ ਮਹਾਰਾਜਾ ਨਾਲ ਜਾਣਗੇ। ਜੋ ਵੀ ਤਰੱਕੀ ਸ. ਕਪੂਰ ਸਿੰਘ ਨੇ ਕੀਤੀ ਆਪਣੇ ਗੁਣਾਂ ਅਤੇ ਗਿਆਨ ਕਰਕੇ ਕੀਤੀ। ਪਰ ਉਹਨਾਂ ਨੇ ਸਦਾ ਮਹਿਸੂਸ ਕੀਤਾ ਕਿ ਉਹਨਾਂ ਦੀ ਵਿੱਦਿਆ ਵਿਚਾਲੇ ਹੀ ਛੁੱਟ ਗਈ ਸੀ।

ਮੇਰੇ ਦਾਦਾ ਜੀ ਸ.ਕਪੂਰ ਸਿੰਘ ਦੇ ਦੋ ਵਿਆਹ ਸਨ। ਪਹਿਲੀ ਪਤਨੀ ਸਰਦਾਰਨੀ ਸਦਾ ਕੌਰ ਦੇ ਇੱਕ ਲੜਕਾ ਹੋਇਆ, ਜਿਸ ਦਾ ਨਾਮ ਪ੍ਰੀਤਮ ਸਿੰਘ ਸੀ, ਜੋ ਮੇਰੇ ਪਿਤਾ ਜੀ ਸਨ। ਸ. ਕਪੂਰ ਸਿੰਘ 1910 ਵਿਚ ਕਮਿਸ਼ੰਡ ਅਫ਼ਸਰ ਬਣ ਕੇ ਬਠਿੰਡੇ ਭਰਤੀ ਅਫ਼ਸਰ ਲੱਗ ਗਏ। ਬਠਿੰਡੇ ਵਿਖੇ ਉਹਨਾਂ ਨੇ 1911 ਵਿਚ ਦੂਸਰਾ ਵਿਆਹ ਕਰਵਾ ਲਿਆ। ਉਹਨਾਂ ਕੋਲ ਪਟਿਆਲੇ ਸਰਕਾਰੀ ਮਕਾਨ ਵੀ ਸੀ। ਉਹਨਾਂ ਦੇ ਕਾਫ਼ੀ ਦੋਸਤ ਸਨ। ਮੇਰੇ ਪਿਤਾ ਨੂੰ ਉਹ ਦੁਗਾਲ ਤੋਂ ਪਟਿਆਲੇ ਲੈ ਆਏ ਸਨ। ਮੇਰੇ ਪਿਤਾ ਜੀ ਪੰਜਵੀਂ ਤੋਂ ਲੈ ਕੇ ਦੱਸਵੀਂ ਗਰੇਡ ਤੱਕ ਹੈੱਡ ਬੁਆਇ ਸਨ ਤੇ 1924 ਵਿਚ ਉਹਨਾਂ ਨੇ ਸਿਟੀ ਹਾਈ ਸਕੂਲ ਪਟਿਆਲੇ ਤੋਂ ਦੱਸਵੀਂ ਪਾਸ ਕੀਤੀ। 1926 ਵਿਚ ਜਦੋਂ ਉਹ ਮਹਿੰਦਰਾ ਕਾਲਜ, ਪਟਿਆਲਾ, ਵਿਖੇ ਐੱਫ.ਐੱਸ.ਸੀ ਮੈਡੀਕਲ ਕਰ ਰਹੇ ਸਨ ਤਾਂ ਉਹਨਾਂ ਨੂੰ ਆਰਮੀ ਕਮਿਸ਼ਨ ਦਾ ਮੌਕਾ ਮਿਲਿਆ। ਉਹ 1928 ਵਿਚ ਕਮਿਸ਼ੰਡ ਅਫ਼ਸਰ ਬਣੇ ਤੇ 1949 ਵਿਚ ਮੇਜਰ ਅਹੁਦੇ ਤੋਂ ਰਿਟਾਇਰ ਹੋ

ਗਏ। ਜਦੋਂ ਕਿਤੇ ਵੀ ਫੌਜ ਦੀ ਨੌਕਰੀ ਦੌਰਾਨ ਉਹ ਟ੍ਰੇਨਿੰਗ ਤੇ ਜਾਂਦੇ ਸਨ ਤਾਂ ਉਹਨਾਂ ਨੂੰ ਕਾਫ਼ੀ ਅੰਗਰੇਜ਼ ਅਫ਼ਸਰਾਂ ਨਾਲ ਗੱਲ ਕਰਨ ਦਾ ਮੌਕਾ ਮਿਲਦਾ ਸੀ। ਅੰਗਰੇਜ਼ ਅਫ਼ਸਰ ਅਕਸਰ ਮੇਰੇ ਪਿਤਾ ਜੀ ਦੀ ਅੰਗਰੇਜ਼ੀ ਤੋਂ ਬਹੁਤ ਖੁਸ਼ ਹੁੰਦੇ ਤੇ ਅਕਸਰ ਪੁਛਦੇ ਸੀ ਕਿ ਉਹਨਾਂ ਨੇ ਬੀ.ਏ ਕਿਥੋਂ ਕੀਤੀ ਹੈ? ਜਦੋਂ ਮੇਰੇ ਪਿਤਾ ਜੀ ਅੰਗਰੇਜ਼ ਅਫ਼ਸਰਾਂ ਨੂੰ ਦੱਸਦੇ ਕਿ ਉਹ ਸਿਰਫ਼ ਦੱਸਵੀਂ ਪਾਸ ਹਨ ਤਾਂ ਅੰਗਰੇਜ਼ ਅਫ਼ਸਰ ਅਕਸਰ ਹੈਰਾਨ ਹੁੰਦੇ ਸਨ। ਮੇਰੇ ਪਿਤਾ ਜੀ ਨੂੰ ਵੀ ਇਹ ਮਹਿਸੂਸ ਹੁੰਦਾ ਸੀ ਕਿ ਉਹਨਾਂ ਦੀ ਪੜ੍ਹਾਈ ਵਿਚਾਲੇ ਹੀ ਛੁੱਟ ਗਈ। ਮੇਰੇ ਪਿਤਾ ਬਹੁਤ ਇੱਛਾ ਰੱਖਦੇ ਸੀ ਕਿ ਅਸੀਂ ਸਾਰੇ ਭੈਣ ਭਰਾ ਚੰਗੀ ਤਰ੍ਹਾਂ ਪੜ੍ਹ ਲਿਖ ਜਾਈਏ।

ਅਸੀਂ ਮੇਰੇ ਪਿਤਾ ਜੀ ਅਤੇ ਮਾਤਾ ਜਗੀਰ ਕੌਰ ਜੀ ਤੋਂ 9 ਬੱਚੇ ਪੈਦਾ ਹੋਏ। 9 ਬੱਚਿਆਂ ਵਿਚੋਂ 3 ਬੱਚੇ ਪੋਸਟ ਗਰੈਜੂਏਟ 3 ਗਰੈਜੂਏਟ ਅਤੇ 3 ਦੱਸਵੀਂ ਪਾਸ ਸਨ। ਮੈਂ ਪੜ੍ਹਣ ਵਿਚ ਕਾਫ਼ੀ ਚੰਗਾ ਸੀ। 1961-1963 ਵਿਚ ਜਦੋਂ ਮੈਂ ਪਟਿਆਲੇ ਐੱਮ.ਏ ਪੋਲੀਟੀਕਲ ਸਾਇੰਸ ਕਰ ਰਿਹਾ ਸੀ ਤਾਂ ਮੇਰੇ ਪਿਤਾ ਜੀ ਨੇ ਮੈਨੂੰ ਮੇਰੇ ਅੱਗੇ ਪੜ੍ਹਣ ਦੀ ਯੋਜਨਾ ਬਾਰੇ ਪੁਛਿਆ। ਮੈਂ ਪਿਤਾ ਜੀ ਨੂੰ ਦੱਸਿਆ, ਕਿ ਮੈਂ ਪੋਲੀਟਿਕਲ ਸਾਇੰਸ ਦੀ ਪੀਐੱਚ.ਡੀ ਅਮਰੀਕਾ ਤੋਂ ਕਰਨਾ ਚਾਹੁੰਦਾ ਹਾਂ। ਇਹ ਦੱਸਣ ਤੇ ਕਿ ਉਹ ਮੇਰੇ ਅਮਰੀਕਾ ਦਾ ਖ਼ਰਚਾ ਨਹੀਂ ਝੱਲ ਸਕਦੇ ਮੈਂ ਕੁਝ ਹੋਰ ਤਰਕੀਬਾਂ ਬਾਰੇ ਸੋਚਣ ਲੱਗਾ।

ਜਦੋਂ ਮੈਂ ਐੱਮ.ਏ ਫਾਇਨਲ ਕਰ ਹੀ ਰਿਹਾ ਸੀ ਕਿ ਨਵੰਬਰ 1962 ਵਿਚ ਭਾਰਤ ਚੀਨ ਦੀ ਲੜਾਈ ਲੱਗ ਗਈ ਤੇ ਭਾਰਤ ਬੁਰੀ ਤਰ੍ਹਾਂ ਹਾਰ ਗਿਆ। ਮੇਰੇ ਮਨ ਨੂੰ ਬਹੁਤ ਠੇਸ ਲੱਗੀ ਤੇ ਸੋਚਣ ਲੱਗ ਪਿਆ ਕਿ ਫੌਜ ਜਾਇਨ ਕਰਨਾ ਮੇਰਾ ਇਖ਼ਲਾਕੀ ਫ਼ਰਜ਼ ਹੈ ਤੇ ਜੇ ਭਾਰਤ ਮਾਂ ਨੂੰ ਮੇਰੀ ਜ਼ਿੰਦਗੀ ਦੀ ਵੀ ਲੋੜ ਹੋਵੇ ਤਾਂ ਮੈਂ ਜ਼ਿੰਦਗੀ ਵੀ ਕੁਰਬਾਨ ਕਰਨ ਲਈ ਤਿਆਰ ਹਾਂ। ਜੂਨ 1963 ਵਿਚ ਐੱਮ.ਏ ਪਾਸ ਹੋਣ ਤੋਂ ਬਾਅਦ ਹੀ ਮੈਂ ਅਕਤੂਬਰ 1963 ਵਿਚ ਫੌਜ ਵਿਚ ਭਰਤੀ ਹੋ ਗਿਆ। 1965 ਦੀ ਲੜਾਈ ਵਿਚ ਮੈਂ ਬਹਾਦਰੀ ਲੈ ਕੇ 1970 ਵਿਚ ਫੌਜ ਤੋਂ ਵਾਪਸ ਆ ਗਿਆ। ਮੈਂ ਹਾਲੇ ਵੀ ਅਮਰੀਕਾ ਵਿਚ ਪੀਐੱਚ.ਡੀ ਕਰਨ ਬਾਰੇ ਸੋਚ ਰਿਹਾ ਸੀ। ਹੁਣ ਤੱਕ ਮੇਰੇ ਕੋਲ ਕੁਝ ਪੈਸੇ ਵੀ ਜੁੜ ਗਏ ਸਨ ਜਿਸ ਨਾਲ ਕਿ ਮੈਂ ਅਮਰੀਕਾ ਜਾ ਸਕਦਾ ਸੀ। ਮੇਰੇ ਪਿਤਾ ਜੀ ਨੇ ਮੈਨੂੰ ਸਲਾਹ ਦਿੱਤੀ ਕਿ ਘੱਟੋ ਘੱਟ ਜੋ ਫੌਜ ਦੀ ਨੌਕਰੀ ਕੀਤੀ ਹੈ ਉਸ ਨਾਲ ਕੋਈ ਸਿਵਲ ਨੌਕਰੀ ਲੈਣ ਦੀ ਕੋਸ਼ਿਸ਼ ਕਰੇ। ਮੈਂ ਦੋ ਨੌਕਰੀਆਂ ਲਈ ਇੰਟਰਵਿਊ ਦਿੱਤਾ। ਪਹਿਲਾ ਟੈਕਸ ਇੰਸਪੈਕਟਰ ਤੇ ਦੂਜਾ ਪ੍ਰੋਫੈਸਰ ਗਵਰਮੈਂਟ ਕਾਲਜ। ਮੈਂ ਦੋਵਾਂ ਵਿਚ ਹੀ ਚੁਣਿਆ ਗਿਆ।

ਮੈਂ ਸਰਕਾਰੀ ਕਾਲਜ, ਟਾਂਡਾ ਲੈਕਚਰਾਰ (ਹੁਣ ਅਸਿਸਟੈਂਟ ਪ੍ਰੋਫੈਸਰ) ਦੀ ਨੌਕਰੀ ਜੁਲਾਈ 1971 ਵਿਚ ਜਾਇਨ ਕਰ ਲਈ। ਉਦੋਂ ਤੱਕ ਮੇਰੀ ਉਮਰ 28 ਤੋਂ

ਵੱਧ ਹੋ ਚੁੱਕੀ ਸੀ। ਮੇਰੇ ਪਿਤਾ ਜੀ ਮੇਰੇ ਵਿਆਹ ਬਾਰੇ ਫਿਕਰਮੰਦ ਸਨ। ਨੌਕਰੀ ਲੱਗਣ ਦੇ 15 ਦਿਨਾਂ ਵਿਚ ਹੀ ਮੈਂ ਅਖ਼ਬਾਰ ਵਿਚ ਵਿਆਹ ਸਬੰਧੀ ਇਸ਼ਤਿਹਾਰ ਦੇ ਦਿੱਤਾ। ਜੂਨ 1972 ਵਿਚ ਮੇਰਾ ਵਿਆਹ ਜਸਮਿੰਦਰ ਕੌਰ ਨਾਲ ਹੋ ਗਿਆ। ਮੇਰੀ ਪਤਨੀ ਜਸਮਿੰਦਰ ਕੌਰ ਜੋ ਕਿ ਬਿਰਲਾ ਇੰਸਟੀਚਿਊਟ ਪਿਲਾਨੀ ਤੋਂ ਐੱਮ.ਐੱਸਸੀ ਬੋਟਨੀ ਸੀ, ਪਟਿਆਲੇ ਸਰਕਾਰੀ ਸਕੂਲ ਵਿਚ ਲੈਕਚਰਾਰ ਲੱਗੀ ਹੋਈ ਸੀ। ਮੈਂ ਆਪਣੀ ਪਤਨੀ ਨੂੰ ਕਿਹਾ ਕਿ ਮੈਂ ਉਚ ਵਿੱਦਿਆ ਲਈ ਅਮਰੀਕਾ ਜਾਣਾ ਚਾਹੁੰਦਾ ਹਾਂ। ਉਸ ਨੇ ਹੁੰਗਾਰਾ ਨਹੀਂ ਭਰਿਆ ਬਲਕਿ ਉਸ ਨੇ ਮੈਨੂੰ ਅਮਰੀਕਾ ਜਾਣ ਤੋਂ ਵਰਜਿਆ। ਦਸਬੰਰ 1972 ਵਿਚ ਮੈਂ ਪੀ.ਸੀ.ਐੱਸ ਦੀ ਪ੍ਰੀਖਿਆ ਵਿਚ ਅਪੀਅਰ ਹੋਇਆ ਤੇ ਕਾਮਯਾਬ ਵੀ ਹੋਇਆ। ਮੈਂ 1974 ਵਿਚ ਬਤੌਰ ਈ.ਟੀ.ਓ ਜਾਇਨ ਕੀਤਾ। ਇਸ ਤੋਂ ਬਾਅਦ ਮੈਂ ਸਮਝਣ ਲੱਗ ਪਿਆ ਕਿ ਮੈਂ ਹੁਣ ਸਥਾਪਤ ਹੋ ਗਿਆ ਹਾਂ।

ਮੇਰੀ ਅਮਰੀਕਾ ਜਾ ਕੇ ਪੀਐੱਚ.ਡੀ. ਕਰਨ ਦੀ ਇੱਛਾ ਉਦੋਂ ਪੂਰੀ ਹੋਈ ਜਦੋਂ ਮੇਰੇ ਦੋਨੋਂ ਬੱਚੇ ਅਮਰੀਕਾ ਪੜ੍ਹ ਗਏ। ਮੈਂ ਤੇ ਮੇਰੀ ਪਤਨੀ ਨੇ 5 ਸਾਲ ਦੀ ਛੁੱਟੀ ਲੈ ਕੇ, ਜ਼ਮੀਨ ਅਤੇ ਘਰ ਵੇਚ ਕੇ ਬੱਚਿਆਂ ਦੀ ਵਿੱਦਿਆ ਲਈ ਅਮਰੀਕਾ ਚਲੇ ਗਏ। ਉਹਨਾਂ ਦੀ ਵਿੱਦਿਆ ਲਈ ਕੋਈ ਵੀ ਕੁਰਬਾਨੀ ਸਾਡੇ ਲਈ ਵਾਜਬ ਸੀ ਕਿਉਂਕਿ ਵਿੱਦਿਆ ਦਾ ਮੌਕਾ ਵੀ ਵਾਰ-ਵਾਰ ਨਹੀਂ ਆਉਂਦਾ। ਸਾਨੂੰ ਖੁਸ਼ੀ ਹੈ ਕਿ ਅਸੀਂ ਇਸ ਮੌਕੇ ਨੂੰ ਸੰਭਾਲਿਆ। ਸਾਨੂੰ ਅਮਰੀਕਾ ਰਹਿੰਦਿਆਂ ਬਹੁਤ ਔਖਾ ਹੋਣਾ ਪਿਆ। ਅਸੀਂ ਇਤਨਾ ਕੰਮ ਕਦੇ ਕੀਤਾ ਹੀ ਨਹੀਂ ਸੀ। ਫਿਰ ਸਾਡੀ ਉਮਰ ਵੀ ਸਾਡੇ ਹੱਕ ਵਿਚ ਨਹੀਂ ਸੀ। ਅਮਰੀਕਾ ਜਾਣ ਵੇਲੇ ਮੇਰੀ ਪਤਨੀ 47 ਸਾਲਾਂ ਤੋਂ ਉਪਰ ਸੀ ਅਤੇ ਮੈਂ ਪੰਜਾਹ ਸਾਲ ਦਾ ਸੀ। ਪਰ ਜਦੋਂ ਬੱਚੇ ਪੜ੍ਹ ਗਏ ਅਤੇ ਜੀਵਨ ਵਿਚ ਵੀ ਕਾਮਯਾਬ ਹੋ ਗਏ, ਸਾਨੂੰ ਮਾਤਾ-ਪਿਤਾ ਹੋਣ ਕਰਕੇ ਜੋ ਸਕੂਨ ਅਤੇ ਤਸੱਲੀ ਹੋਈ ਹੈ ਉਹ ਬਿਆਨ ਤੋਂ ਪਰੇ ਹੈ।

# ਸਾਡੇ ਬੱਚੇ ਅਤੇ ਉਹਨਾਂ ਦੀ ਵਿਦਿਆ

ਸਵਾਮੀ ਨਿਰਮਲ ਨੰਦਾ ਨੇ ਬੱਚਿਆਂ ਬਾਰੇ ਕਿਹਾ ਹੈ,"ਸਾਡੇ ਬੱਚੇ ਹੀ ਸਾਡਾ ਅਸਲੀ ਧਨ ਹਨ। ਇਹ ਠੀਕ ਹੈ ਕਿ ਉਹ ਸਾਡੇ ਹੱਡੀਆਂ ਮਾਸ ਵਿਚੋਂ ਪੈਦਾ ਹੁੰਦੇ ਹਨ ਪਰ ਉਹ ਸਿਰਫ਼ ਮੇਰੇ ਜਾਂ ਤੁਹਾਡੇ ਹੀ ਬੱਚੇ ਨਹੀਂ ਸਗੋਂ ਉਹ ਸਾਡੇ ਜੀਵਨ ਦੀ ਸੰਪੂਰਨਤਾ ਹਨ ਅਤੇ ਪ੍ਰਭੂ ਪਾਸੋਂ ਮਿਲਿਆ ਤੋਹਫ਼ਾ ਹਨ। ਉਹਨਾਂ ਦੇ ਨਰਮ, ਚਮਕਦੇ ਤੇ ਖਿੜੇ ਹੋਏ ਚਿਹਰੇ ਤੋਂ ਸਾਨੂੰ ਸ਼ੁੱਧਤਾ ਅਤੇ ਸੰਪੂਰਨਤਾ ਨਜ਼ਰ ਆਉਂਦੀ ਹੈ। ਮਾਪਿਆਂ ਨੂੰ ਬੱਚਿਆਂ ਵਾਸਤੇ ਚੰਗੀ ਵਿੱਦਿਆ, ਚੰਗੀ ਸਿੱਖਿਆ ਅਤੇ ਉਹਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਜੇ ਅਸੀਂ ਬੱਚਿਆ ਨੂੰ ਇਹ ਕੁਝ ਨਹੀਂ ਦੇ ਸਕਦੇ ਤਾਂ ਉਹਨਾਂ ਨੂੰ ਜਨਮ ਦੇਣ ਦਾ ਸਾਡਾ ਕੋਈ ਨੈਤਿਕ ਅਧਿਕਾਰ ਨਹੀਂ ਹੈ। ਅਸੀਂ ਉਹਨਾਂ ਦਾ ਕੋਈ ਕਸੂਰ ਨਾ ਹੋਣ ਦੇ ਬਾਵਜੂਦ ਉਹਨਾਂ ਨੂੰ ਇਹੋ ਜਿਹੇ ਦੁੱਖ ਨਹੀਂ ਦੇ ਸਕਦੇ। ਜਦੋਂ ਸਾਡਾ ਫਰਜ਼ ਬੱਚਿਆਂ ਪ੍ਰਤੀ ਪੂਰਾ ਹੋ ਗਿਆ ਤਾਂ ਸਾਨੂੰ ਉਹਨਾਂ ਨੂੰ ਆਜ਼ਾਦ ਛੱਡ ਦੇਣਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਰੋਜ਼ੀ ਰੋਟੀ ਕਮਾ ਸਕਣ। ਸਾਨੂੰ ਉਹਨਾਂ ਤੋਂ ਕਿਸੇ ਤਰ੍ਹਾਂ ਦੀ ਆਸ ਨਹੀਂ ਕਰਨੀ ਚਾਹੀਦੀ।"

ਅਸੀਂ ਅਜਿਹਾ ਹੀ ਕੀਤਾ, ਜੋ ਸਵਾਮੀ ਜੀ ਨੇ ਕਿਹਾ। ਅਸੀਂ ਬੱਚਿਆਂ ਨੂੰ ਇਮਾਨਦਾਰੀ ਅਤੇ ਸਮਾਜ ਪ੍ਰਤੀ ਆਪਣੇ ਫ਼ਰਜ਼ ਪੂਰੇ ਕਰਨ ਸਬੰਧੀ ਸਿੱਖਿਆ ਦਿੱਤੀ। ਅਸੀਂ 1992 ਤੋਂ 1994 ਤੱਕ ਭਾਰਤ ਦੀ ਸਾਰੀ ਜਾਇਦਾਦ ਵੇਚ ਕੇ ਬੱਚਿਆਂ ਦੀ ਪੜ੍ਹਾਈ ਤੇ ਲਗਾ ਦਿੱਤੀ ਜਿਸ ਦਾ ਸਾਨੂੰ ਬਹੁਤ ਮਾਣ ਹੈ। ਅਸੀਂ ਸਮਝਦੇ ਹਾਂ ਕਿ ਅਸੀਂ ਆਪਣਾ ਫ਼ਰਜ਼ ਬਾਖ਼ੂਬੀ ਨਿਭਾਇਆ ਹੈ। ਅਸੀਂ ਹੁਣ 2010 ਤੋਂ ਬਾਅਦ ਜਦੋਂ ਪੂਰੀ ਤਰ੍ਹਾਂ ਰਿਟਾਇਰਡ ਜੀਵਨ ਬਤੀਤ ਕਰਨ ਲਈ ਭਾਰਤ ਆ ਗਏ ਹਾਂ ਤਾਂ ਅਸੀਂ ਉਹਨਾਂ ਤੋਂ ਕੋਈ ਆਸ ਨਹੀਂ ਕਰਦੇ। ਇਸ ਦੇ ਉਲਟ ਜਦੋਂ ਵੀ ਉਹ ਸਾਡੇ ਕੋਲ ਆਉਂਦੇ ਹਨ ਤਾਂ ਅਸੀਂ ਉਹਨਾਂ ਨੂੰ ਇੱਜ਼ਤ ਵਜੋਂ ਸ਼ਗਨ ਦਿੰਦੇ ਹਾਂ। ਮਾਪਿਆਂ ਦੀ ਜ਼ਿੰਮੇਵਾਰੀ ਕਦੇ ਖ਼ਤਮ ਨਹੀਂ ਹੁੰਦੀ। ਜਦੋਂ ਵੀ ਉਹ ਸਾਡੀ ਸਲਾਹ ਮੰਗਦੇ ਹਨ ਤਾਂ ਸਾਡਾ ਫਰਜ਼ ਹੈ ਕਿ ਉਹਨਾਂ ਨੂੰ ਐਸੀ ਸਲਾਹ ਦੇਈਏ ਜਿਸ ਵਿਚ ਇਖਲਾਕੀ ਅਤੇ ਸਮਾਜਿਕ ਜ਼ਿੰਮੇਵਾਰੀਆਂ ਪ੍ਰਥਮ ਰੂਪ ਵਿਚ ਦਿਸਦੀਆਂ ਹੋਣ।

ਸਾਡੇ ਦੋਵੇਂ ਪੁੱਤਰ ਯੂਨੀਵਰਸਿਟੀ ਆਫ਼ ਵਿਸਕਾਨਸਿਨ, ਮਿਲਵਾਕੀ ਦਾਖ਼ਲ ਹੋਏ ਅਤੇ ਉਹਨਾਂ ਨੇ 2 ਸਤੰਬਰ 1993 ਨੂੰ ਆਪਣੀਆਂ ਕਲਾਸਾਂ ਸ਼ੁਰੂ

ਕੀਤੀਆਂ। ਉਹਨਾਂ ਦੇ ਬਚਪਨ ਤੋਂ ਹੀ ਮੈਂ ਤੇ ਮੇਰੀ ਪਤਨੀ, ਉਹਨਾਂ ਨੂੰ ਪਿਆਰ, ਨਿਮਰਤਾ ਅਤੇ ਇਮਾਨਦਾਰੀ ਵਰਗੇ ਗੁਣ ਸਿਖਾਉਂਦੇ ਰਹੇ ਹਾਂ। ਉਹ ਆਪਣੀਆਂ ਅੱਖਾਂ ਸਾਹਮਣੇ ਮੈਨੂੰ ਤੇ ਮੇਰੀ ਪਤਨੀ ਨੂੰ ਸਾਡੀਆਂ ਨੌਕਰੀਆਂ ਕਰਦੇ ਦੇਖਦੇ ਰਹੇ ਸਨ। ਅਸੀਂ ਦੋਵਾਂ ਨੇ ਆਪਣੀਆਂ ਨੌਕਰੀਆਂ ਬਹੁਤ ਇਮਾਨਦਾਰੀ ਨਾਲ ਕੀਤੀਆਂ। ਅਸੀਂ ਆਪਣੀ ਵਿੱਦਿਆ ਅਤੇ ਗਿਆਨ ਇਸ ਢੰਗ ਨਾਲ ਵਰਤਿਆ ਕਿ ਦੂਜਿਆਂ ਦਾ ਭਲਾ ਸਾਡੇ ਮਨ ਵਿਚ ਹਮੇਸ਼ਾਂ ਹੀ ਹੁੰਦਾ ਸੀ। ਜੇ ਮੈਂ ਡਾਕਟਰ ਹਾਂ ਤਾਂ ਮੇਰਾ ਫਰਜ਼ ਹੈ ਕਿ ਮੈਂ ਜ਼ਿੰਮੇਵਾਰੀ ਨਾਲ ਆਪਣੇ ਮਰੀਜ਼ਾਂ ਦਾ ਧਿਆਨ ਕਰਾਂ। ਜੇ ਮੈਂ ਇੰਜੀਨੀਅਰ ਹਾਂ ਤਾਂ ਮੈਂ ਯੋਜਨਾਵਾਂ ਬਣਾਵਾਂ ਤੇ ਸਮਾਜ ਦੀ ਬਿਹਤਰੀ ਲਈ ਸੋਚਾਂ ਅਤੇ ਕੰਮ ਕਰਾਂ। ਹੁਣ ਤੱਕ ਦੋਹੇਂ ਬੱਚਿਆਂ ਨੇ ਸਮਝ ਲਿਆ ਸੀ ਕਿ ਸਾਡੀ ਵਿੱਦਿਆ ਦਾ ਕਰਤਵ ਦੂਜਿਆਂ ਦੇ ਭਲੇ ਵਾਸਤੇ ਹੋਣਾ ਚਾਹੀਦਾ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਵਿਦਿਆ ਵਿਚਾਰੀ ਤਾਂ ਪਰਉਪਕਾਰੀ। ਅਸੀਂ ਅਜਿਹੇ ਆਦਰਸ਼ਾਂ ਨਾਲ ਅਮਰੀਕਾ ਚਲੇ ਗਏ ਤਾਂ ਕਿ ਸਮਾਜ ਦਾ ਵੱਧ ਤੋਂ ਵੱਧ ਭਲਾ ਹੋਵੇ।

**ਗੁਰਮੀਤ ਸਿੰਘ ਕਾਲੇਕਾ:-** ਗੁਰਮੀਤ ਨਿਮਰ ਪੁਰਸ਼ ਹੈ। ਇਹ ਹਲਕੀ ਹਲਕੀ ਮਜ਼ਾਕ ਵੀ ਕਰ ਲੈਂਦਾ ਹੈ। ਇਹ ਬਹੁਤ ਹੁਸ਼ਿਆਰ ਹੈ। ਗੁਰਮੀਤ ਵੱਡਿਆਂ ਦੀ ਇੱਜ਼ਤ ਅਤੇ ਛੋਟਿਆਂ ਨੂੰ ਪਿਆਰ ਕਰਦਾ ਹੈ। ਉਹ ਜ਼ਿੰਮੇਵਾਰੀਆਂ ਤੋਂ ਕਦੇ ਨਹੀਂ ਟਲਦਾ। ਉਸ ਨੂੰ ਕਾਰਾਂ ਦਾ ਬਹੁਤ ਸ਼ੌਕ ਹੈ। ਉਸ ਨੇ ਯੂਨੀਵਰਸਿਟੀ ਆਫ਼ ਵਿਸਕਾਨਸਿਨ, ਮੈਡੀਸਨ ਤੋਂ ਇਲੈਕਟਰੀਕਲ ਇੰਜੀਨੀਅਰਿੰਗ ਦੀ ਡਿਗਰੀ ਕੀਤੀ ਹੈ। 6 ਮਹੀਨੇ ਵਾਧੂ ਲਗਾ ਕੇ ਉਸ ਨੇ ਕੰਪਿਊਟਰ ਸਾਇੰਸ ਦੀ ਡਿਗਰੀ ਵੀ ਕਰ ਲਈ।ਸਾਨੂੰ ਰੋਜ਼ੀ ਰੋਟੀ ਲਈ ਪੈਸਾ ਚਾਹੀਦਾ ਸੀ, ਉਸ ਨੇ ਆਪਣੀ ਪੜ੍ਹਾਈ ਦੇ ਨਾਲ-ਨਾਲ ਕਾਰੋਬਾਰ ਵਿਚ ਬਹੁਤ ਮਿਹਨਤ ਕੀਤੀ। 1998 ਵਿਚ ਅਸੀਂ ਇੱਕ ਕੰਪਨੀ ਖੋਲ੍ਹੀ ਜਿਸ ਦਾ ਨਾਮ ਕਾਲੇਕਾ ਇੰਟਰਪ੍ਰਾਈਜਜ਼ ਐੱਲ.ਐੱਲ.ਸੀ, ਸੀ। ਜਿਸ ਦਾ 15% ਹਿੱਸੇਦਾਰ ਗੁਰਮੀਤ ਸਿੰਘ ਨੂੰ ਵੀ ਬਣਾਇਆ ਗਿਆ। 1998 ਵਿਚ ਜਦੋਂ ਮੈਂ ਤੇ ਮੇਰੀ ਪਤਨੀ ਆਪਣੀਆਂ ਨੌਕਰੀਆਂ ਰੀ-ਜਾਇਨ ਕਰਨ ਲਈ ਭਾਰਤ ਆਉਣ ਵਾਲੇ ਸੀ ਤਾਂ ਗੁਰਮੀਤ ਸਿੰਘ ਨੇ ਪਰਿਵਾਰ ਦੇ ਦੋਨੋਂ ਵਪਾਰ ਸੰਭਾਲਣ ਦੀ ਗੱਲ ਕਹੀ। ਉਸ ਤੋਂ ਬਾਅਦ ਉਸ ਨੇ ਕਦੇ ਵਾਪਸ ਮੁੜ ਕੇ ਨਹੀਂ ਦੇਖਿਆ। ਅਸੀਂ ਜਦੋਂ 1998 ਵਿਚ ਭਾਰਤ ਆਏ ਤਾਂ ਅਸੀਂ ਗੁਰਮੀਤ ਲਈ ਲੜਕੀ ਦੇਖਣੀ ਸ਼ੁਰੂ ਕਰ ਦਿੱਤੀ। ਗੁਰਮੀਤ ਸਿੰਘ ਦੀ ਦਿਲਚਸਪੀ ਇੱਕ ਡਾਕਟਰ ਲੜਕੀ ਨਾਲ ਵਿਆਹ ਵਿਚ ਸੀ। 1999 ਵਿਚ ਉਸ ਦੀ ਮੰਗਣੀ ਪਟਿਆਲੇ ਦੀ ਇੱਕ ਡਾਕਟਰ ਲੜਕੀ ਡਾ. ਗੁਨਮੀਤ ਕੌਰ ਨਾਲ ਹੋ ਗਈ। ਵਿਆਹ ਅਪ੍ਰੈਲ 2000 ਵਿਚ ਹੋਇਆ। ਗੁਨਮੀਤ 2001 ਵਿਚ ਆਪਣੇ ਪਤੀ ਗੁਰਮੀਤ ਕੋਲ ਅਮਰੀਕਾ ਚਲੀ ਗਈ। ਉਹ ਆਪਣੀ ਮੈਡੀਕਲ ਐਂਟਰੀ ਪ੍ਰੀਖਿਆ ਦੀ ਤਿਆਰੀ ਤੋਂ ਇਲਾਵਾ ਗੁਰਮੀਤ ਦੀ ਗੈਸ ਸਟੇਸ਼ਨ ਵਪਾਰ

ਵਿਚ ਵੀ ਮਦਦ ਕਰਦੀ ਸੀ। ਗੁਰਮੀਤ ਸਿੰਘ ਉਸ ਤੋਂ ਬਾਅਦ ਪੜ੍ਹਣਾ ਨਹੀਂ ਸੀ ਚਾਹੁੰਦਾ।

**ਡਾਕਟਰ ਗੁਨਮੀਤ ਕੌਰ:-** ਗੁਨਮੀਤ ਨੇ ਐਮ.ਬੀ.ਬੀ.ਐਸ, ਇੰਡੀਆ ਦੇ ਬੜੌਦਾ ਮੈਡੀਕਲ ਕਾਲਜ ਤੋਂ ਕੀਤੀ ਅਤੇ ਅਮਰੀਕਾ ਵਿਚ ਰੈਸੀਡੈਂਸੀ ਜਾਇਨ ਕੀਤੀ। ਰੈਸੀਡੈਂਸੀ ਜਾਇਨ ਕਰਨ ਤੋਂ ਪਹਿਲਾਂ ਤਿੰਨ ਟੈਸਟ ਪਾਸ ਕਰਨੇ ਹੁੰਦੇ ਹਨ। ਉਸ ਨੇ ਸਾਰੇ ਟੈਸਟ ਪਾਸ ਕਰਨ ਤੋਂ ਬਾਅਦ ਇਕ ਸਾਲ ਤੋਂ ਵੱਧ ਹਸਪਤਾਲਾਂ ਵਿਚ ਵਾਲੰਟੀਅਰ ਸਰਵਿਸ ਕੀਤੀ। ਰੈਸੀਡੈਂਸੀ ਹੋਣ ਤੋਂ ਪਹਿਲਾਂ ਉਸ ਦੀ ਇੱਕ ਲੜਕੀ ਦਸੰਬਰ 2003 ਵਿਚ ਪੈਦਾ ਹੋਈ। 2006 ਤੋਂ 2009 ਤੱਕ ਗੁਨਮੀਤ ਨੇ ਰੈਸੀਡੈਂਸੀ ਮਾਰਕਿਟ ਸ਼ਹਿਰ, ਮਿਸ਼ੀਗਨ ਸਟੇਟ ਵਿਖੇ 2009 ਵਿਚ ਸੰਪੂਰਨ ਕੀਤੀ। ਸਾਰੇ ਪਰਿਵਾਰ ਨੇ ਉਸ ਦੀ ਵਿੱਦਿਆ ਪ੍ਰਾਪਤ ਕਰਨ ਵਿਚ ਮਦਦ ਕੀਤੀ। ਉਹ ਫੈਲੋਸ਼ਿਪ ਨਹੀਂ ਕਰਨਾ ਚਾਹੁੰਦੀ ਸੀ। ਉਸ ਦੀ ਤਿੰਨ ਸਾਲ ਦੀ ਬੱਚੀ ਦੀ ਦੇਖਭਾਲ ਮੇਰੀ ਪਤਨੀ ਤੇ ਮੈਂ ਹੀ ਕਰਦੇ ਰਹੇ। 2009 ਤੋਂ ਬਾਅਦ ਉਹ ਐਪਲਟਨ ਇਲਾਕੇ ਵਿਚ ਹੀ ਫੈਮਿਲੀ ਪ੍ਰੈਕਟਿਸ ਦੀ ਹਰਮਨ ਪਿਆਰੀ ਡਾਕਟਰ ਹੈ।

ਇਹਨਾਂ ਦੇ ਦੋ ਬੱਚੇ ਹਨ। ਵੱਡੀ ਲੜਕੀ ਮਨਦੀਪ ਕੌਰ, ਜੋ ਕਿ ਪੜ੍ਹਣ ਵਿਚ ਬਹੁਤ ਹੁਸ਼ਿਆਰ ਹੈ। ਉਹ ਓ.ਡੀ.ਸੀ. ਐਲੀਮੈਂਟਰੀ ਸਕੂਲ, ਐਪਲਟਨ ਵਿਚ ਪੜ੍ਹਦੀ ਹੈ। ਇਹ ਚਾਰਟਰਡ ਸਕੂਲ ਚੁਣੀਂਦੇ ਬੱਚਿਆ ਲਈ ਹੁੰਦਾ ਹੈ। ਦੂਜਾ ਬੱਚਾ, ਲੜਕਾ ਜਿਸ ਦਾ ਨਾਮ ਜਸਦੀਪ ਸਿੰਘ ਕਾਲੇਕਾ ਹੈ, ਵੀ ਇਹੋ ਜਿਹੇ ਸਕੂਲ ਵਿਚ ਹੀ ਪੜ੍ਹਦਾ ਹੈ। ਇਹਨਾਂ ਦਾ ਸਕੂਲ ਘਰ ਤੋਂ ਤਕਰੀਬਨ 40 ਮਿੰਟ ਦੇ ਰਸਤੇ ਤੇ ਹੈ। ਜਦੋਂ ਕਦੇ ਮੇਰਾ ਲੜਕਾ ਗੁਰਮੀਤ, ਮੈਨੂੰ ਸ਼ਿਕਾਇਤ ਕਰਦਾ ਹੈ ਕਿ ਉਸ ਨੂੰ ਹਰ ਰੋਜ਼ ਬੱਚਿਆਂ ਨੂੰ ਸਕੂਲ ਛੱਡਣ ਅਤੇ ਵਾਪਸ ਲਿਆਉਣ ਰੋਜ਼ਾਨਾ 160 ਮਿੰਟ ਕਾਰ ਚਲਾਉਣੀ ਪੈਂਦੀ ਹੈ ਤਾਂ ਮੈਂ ਕਹਿੰਦਾ ਹਾਂ ਕਿ ਆਪਣੇ ਮਾਤਾ ਪਿਤਾ ਨੂੰ ਯਾਦ ਕਰੇ ਜਿਹਨਾਂ ਨੇ ਭਾਰਤ ਵਿਚ ਸਾਰਾ ਕੁਝ ਵੇਚ ਕੇ ਤੁਹਾਡੇ ਨਾਲ ਅਮਰੀਕਾ ਗਏ ਅਤੇ ਤੁਹਾਡੀ ਪੜ੍ਹਾਈ ਕਰਵਾਈ। ਪੜ੍ਹਾਈ ਲਈ ਕੋਈ ਵੀ ਖ਼ਰਚਾ ਜਾਂ ਕੁਰਬਾਨੀ ਵਾਜਬ ਹੈ।

ਗੁਰਜੀਤ ਸਿੰਘ ਕਾਲੇਕਾ:- ਮੇਰਾ ਛੋਟਾ ਪੁੱਤਰ ਗੁਰਜੀਤ ਸਿੰਘ ਕਾਲੇਕਾ ਬਚਪਨ ਤੋਂ ਹੀ ਬਹੁਤ ਭੋਲਾ ਹੈ। ਉਸ ਦੀ ਆਪਣੀ ਹੀ ਸੋਚ ਹੈ। ਉਹ ਸ਼ੁਰੂ ਤੋਂ ਹੀ ਬਹੁਤ ਵਿਚਾਰਸ਼ੀਲ ਹੈ। ਉਹ ਬਹੁਤ ਘੱਟ ਬੋਲਦਾ ਹੈ। ਉਹ ਬਹੁਤ ਨਰਮ ਦਿਲ ਹੈ। ਉਹ ਸਰਜਨ ਬਣਨਾ ਚਾਹੁੰਦਾ ਸੀ ਤੇ ਸੁੰਦਰ ਲੜਕੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ। ਉਸ ਨੇ ਦਸੰਬਰ 1997 ਵਿਚ ਯੂਨੀਵਰਸਿਟੀ ਆਫ਼ ਵਿਸਕਾਨਸਿਨ ਮੈਡੀਸਨ ਤੋਂ ਬੈਚੇਲਰ ਆਫ਼ ਸਾਇੰਸ ਕੀਤੀ। ਉਸ ਦੇ ਗਰੇਡ ਬਹੁਤ ਵਧੀਆ ਆਏ ਸਨ। ਅੱਠ ਸਮੈਸਟਰਾਂ ਵਿਚੋਂ ਤਿੰਨ ਸਮੈਸਟਰਾਂ ਵਿਚ ਉਸ ਦੇ 4 ਵਿਚੋਂ 4 ਨੰਬਰ

ਸਨ। ਉਸ ਦੇ ਕੁਲ ਗਰੇਡ 4 ਵਿਚੋਂ 3.8 ਸਨ। ਅਸੀਂ ਉਸ ਨੂੰ ਹਮੇਸ਼ਾ ਵੱਧ ਸਮਾਂ ਦਿੱਤਾ ਤਾਂ ਕਿ ਉਹ ਮਿਹਨਤ ਕਰਕੇ ਮੈਡੀਕਲ ਸਕੂਲ ਪਹੁੰਚ ਜਾਵੇ। ਅਸੀਂ ਉਸ ਨੂੰ ਕਾਰੋਬਾਰ ਤੇ ਵੀ ਘੱਟ ਸਮਾਂ ਹੀ ਖੜ੍ਹਾਇਆ।

ਮੈਡੀਸਨ ਵਿਖੇ ਸਾਡਾ ਇੱਕ ਸਾਇੰਸਦਾਨ ਦੋਸਤ ਸੀ। ਉਸ ਦਾ ਨਾਮ ਡਾ. ਗੁਰਵਤਨ ਸਿੰਘ ਸੀ। ਉਹ ਯੂਨੀਵਰਸਿਟੀ ਵਿਚ ਪ੍ਰੋਫੈਸਰ ਸੀ। ਸਾਡੇ ਵਾਂਗ ਉਸ ਦੇ ਵੀ ਦੋ ਲੜਕੇ ਸਨ ਜਿਹਨਾਂ ਨੂੰ ਉਹ ਮੈਡੀਕਲ ਸਕੂਲ ਭੇਜਣ ਦੀ ਤਿਆਰੀ ਕਰ ਰਿਹਾ ਸੀ। ਉਹਨਾਂ ਨੇ ਸਾਨੂੰ ਗੁਰਜੀਤ ਨੂੰ ਹਸਪਤਾਲਾਂ ਵਿਚ ਵਾਲੰਟੀਅਰ ਸਰਵਿਸ ਕਰਨ ਲਈ ਸਲਾਹ ਦਿੱਤੀ। ਗੁਰਜੀਤ ਨੂੰ ਉਸ ਦੇ ਨੰਬਰਾਂ ਦਾ ਬਹੁਤ ਮਾਣ ਸੀ। ਉਸ ਨੇ ਸੋਚਿਆ ਕਿ ਭਾਰਤ ਵਾਂਗ ਜਿਥੇ ਨੰਬਰ ਹੀ ਗਿਣੇ ਜਾਂਦੇ ਹਨ ਉਸ ਨੇ ਕੋਈ ਵਾਲੰਟੀਅਰ ਸਰਵਿਸ ਨਹੀਂ ਕੀਤੀ। ਉਸ ਨੂੰ ਇਸ ਦੀ ਕੀਮਤ ਵੀ ਦੇਣੀ ਪਈ। 1998 ਵਿਚ ਇੱਕ ਸਾਲ ਉਹ ਘਰੇ ਹੀ ਬੈਠਾ ਤੇ ਅਲੱਗ-ਅਲੱਗ ਹਸਪਤਾਲਾਂ ਵਿਚ ਵਾਲੰਟੀਅਰ ਸਰਵਿਸ ਕੀਤੀ। ਮੈਂ ਚਾਹੁੰਦਾ ਹਾਂ ਕਿ ਪਾਠਕ ਇਸ ਗੱਲ ਤੋਂ ਸਿੱਖਣ ਕਿ ਜੇ ਤੁਸੀਂ ਆਪਣੇ ਬੱਚਿਆਂ ਨੂੰ ਮੈਡੀਕਲ ਸਕੂਲ ਵਿਚ ਭੇਜਣਾ ਹੈ ਤਾਂ ਇਕੱਲੇ ਨੰਬਰਾਂ ਤੇ ਨਿਰਭਰ ਨਾ ਹੋਵੋ। ਅਮਰੀਕਾ ਵਿਚ ਸਿਆਣੇ ਮਾਂ ਬਾਪ ਆਪਣੇ ਬੱਚਿਆਂ ਨੂੰ ਮੈਡੀਕਲ ਸਕੂਲ ਭੇਜਣ ਤੋਂ ਪਹਿਲਾਂ ਅਲੱਗ-ਅਲੱਗ ਹਸਪਤਾਲਾਂ ਵਿਚ ਵਾਲੰਟੀਅਰ ਸਰਵਿਸ ਕਰਵਾਉਂਦੇ ਹਨ ਤਾਂ ਕਿ ਐਂਟਰੀ ਕੁਆਲੀਫਿਕੇਸ਼ਲ ਪੂਰੀ ਕਰਨ ਤੋਂ ਬਾਅਦ ਹੋਰ ਸਮਾਂ ਜਾਇਆ ਨਾ ਹੋਵੇ।

1999 ਵਿਚ ਉਸ ਨੂੰ ਮੈਮੋਰੀਅਲ ਯੂਨੀਵਰਸਿਟੀ ਨਿਊ ਫਾਊਂਡਲੈਂਡ, ਕੈਨੇਡਾ ਵਿਚ ਐੱਮ.ਡੀ ਵਿਚ ਦਾਖ਼ਲਾ ਮਿਲ ਗਿਆ। 2003 ਵਿਚ ਗੁਰਜੀਤ ਐੱਮ.ਡੀ ਕਰਕੇ ਅਮਰੀਕਾ ਆ ਗਿਆ ਅਤੇ ਜਨਰਲ ਸਰਜਰੀ ਦੀ ਰੈਸੀਡੈਂਸੀ ਯੂਨੀਵਰਸਿਟੀ ਆਫ਼ ਨਾਰਥ ਕੈਰੋਲਿਨਾ, ਗਰੀਨਵਿਲ ਤੋਂ 2008 ਵਿਚ ਕੀਤੀ। 2009 ਵਿਚ ਉਸ ਨੇ ਉਸੇ ਯੂਨੀਵਰਸਿਟੀ ਤੋਂ ਬੈਰਿਆਟ੍ਰਿਕ ਸਰਜਰੀ ਦੀ ਫੈਲੋਸ਼ਿਪ ਕੀਤੀ। 2011 ਵਿਚ ਉਸ ਨੇ ਕੇਸ ਵੈਸਟਰਨ ਯੂਨੀਵਰਸਿਟੀ, ਕਲੀਵਲੈਂਡ, ਓਹਾਇਓ ਸਟੇਟ ਤੋਂ ਵੈਸਕੂਲਰ ਸਰਜਰੀ ਕੀਤੀ। 2011 ਤੋਂ ਹੀ ਉਹ ਆਪਣੀ ਨੌਕਰੀ ਪੂਰੇ ਤਨ ਅਤੇ ਮਨ ਨਾਲ ਕਰ ਰਿਹਾ ਹੈ। ਹੁਣ ਉਹ ਬਹੁਤ ਨਾਮੀ ਸਰਜਨ ਬਣ ਗਿਆ ਹੈ। ਇਹਨਾਂ ਸਾਰੇ ਸਾਲਾਂ ਦੀ ਵਿੱਦਿਆ ਵਿਚ ਪਰਿਵਾਰ ਨੇ ਗੁਰਜੀਤ ਦੀ ਆਰਥਿਕ ਅਤੇ ਸਮਾਜਿਕ ਤੌਰ ਤੇ ਪੂਰੀ ਸਹਾਇਤਾ ਕੀਤੀ।

ਡਾ.ਰਵਨੀਤ ਕੌਰ:- ਡਾ.ਰਵਨੀਤ ਕੌਰ, ਗੁਰਜੀਤ ਦੀ ਪਤਨੀ ਹੈ। ਇਸ ਨੇ ਗੁਰੂ ਰਾਮਦਾਸ ਮੈਡੀਕਲ ਕਾਲਜ ਤੋਂ ਐੱਮ.ਬੀ.ਬੀ.ਐੱਸ ਕੀਤੀ। ਇਹਨਾਂ ਦਾ ਵਿਆਹ ਜੂਨ 2004 ਵਿਚ ਹੋਇਆ। 2005 ਵਿਚ ਰਵਨੀਤ ਅਮਰੀਕਾ ਆਪਣੇ ਪਤੀ ਗੁਰਜੀਤ ਕੋਲ ਚਲੀ ਗਈ। 2006 ਵਿਚ ਉਸ ਨੂੰ ਯੂਨੀਵਰਸਿਟੀ ਆਫ਼

ਨਾਰਥ ਕੈਰੋਲਿਨਾ ਵਿਚ ਰੈਸੀਡੈਂਸੀ ਵਿਚ ਦਾਖ਼ਲਾ ਮਿਲ ਗਿਆ ਅਤੇ 2009 ਵਿਚ ਉਸ ਨੇ ਰੈਸੀਡੈਂਸੀ ਪੂਰੀ ਕਰ ਲਈ। ਉਸ ਨੇ ਰੈਸੀਡੈਂਸੀ ਇੰਟਰਨਲ ਮੈਡੀਸਨ ਵਿਚ ਕੀਤੀ। ਹੁਣ ਉਹ ਹੋਸਪਿਟਲਿਸਟ ਦੇ ਤੌਰ ਤੇ ਅਰੋਰਾ ਹਸਪਤਾਲ ਓਸਕੋਸ਼, ਵਿਚ ਕੰਮ ਕਰ ਰਹੀ ਹੈ ਜਿਥੇ ਗੁਰਜੀਤ ਵੈਸਕੂਲਰ ਸਰਜਰੀ ਦੀ ਪ੍ਰੈਕਟਿਸ ਕਰ ਰਿਹਾ ਹੈ। ਇਹ ਜੋੜੀ ਵੀ ਬਹੁਤ ਹਰਮਨ ਪਿਆਰੀ ਹੈ। ਇਹਨਾਂ ਦੇ ਇੱਕ ਲੜਕਾ ਜੈ ਵੀਰ ਸਿੰਘ ਤੇ ਲੜਕੀ ਜੀਆ ਕੌਰ ਹਨ। ਲੜਕਾ ਅੱਠ ਸਾਲ ਦਾ ਹੈ ਅਤੇ ਬਹੁਤ ਅੱਛੇ ਸਕੂਲ ਵਿਚ ਪੜ੍ਹਦਾ ਹੈ। ਲੜਕੀ ਅਜੇ ਤਿੰਨ ਕੁ ਸਾਲ ਦੀ ਹੈ।

ਮੈਂ ਤੇ ਮੇਰੀ ਪਤਨੀ ਨੇ 1993 ਤੋਂ 1998 ਤੱਕ ਪੰਜ ਸਾਲ ਲਈ ਆਪਣੇ ਮਹਿਕਮਿਆਂ ਤੋਂ ਛੁੱਟੀ ਲੈ ਕੇ ਅਮਰੀਕਾ ਚਲੇ ਗਏ। ਉਸ ਸਮੇਂ ਮੈਂ ਪਟਿਆਲਾ ਦਾ ਇੰਚਾਰਜ ਡੀ.ਈ.ਟੀ.ਸੀ ਸੀ। ਮੇਰੀ ਪਤਨੀ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਸੀ। ਸਾਡੇ ਆਰਥਿਕ ਸਾਧਨ ਸੀਮਤ ਸਨ। ਅਸੀਂ ਆਪਣੀ 31 ਏਕੜ ਜ਼ਮੀਨ ਤੇ ਪਟਿਆਲਾ ਵਿਚ ਲਾਲ ਬਾਗ਼, ਵਿਖੇ ਮਕਾਨ ਵੇਚ ਕੇ ਅਮਰੀਕਾ ਵਿਚ ਬੱਚੇ ਪੜ੍ਹਾਏ।

ਪੜ੍ਹਾਈ ਲਈ ਕੋਈ ਵੀ ਕੁਰਬਾਨੀ ਵਾਜਬ ਹੈ। ਅਸੀਂ ਆਪਣੇ ਇਸ ਫ਼ੈਸਲੇ ਨਾਲ ਬਹੁਤ ਪ੍ਰਸੰਨ ਹਾਂ।

# ਮੇਰੀ ਆਪਣੀ ਵਿੱਦਿਆ

ਮੈਂ ਤੇ ਮੇਰੀ ਪਤਨੀ ਬੱਚਿਆਂ ਅਤੇ ਉਹਨਾਂ ਦੀਆਂ ਪਤਨੀਆਂ ਨੂੰ ਉਚੇਰੀ ਤੇ ਵਧੇਰੇ ਪੜ੍ਹਣ ਲਈ ਉਤਸ਼ਾਹਿਤ ਕਰਦੇ ਸੀ, ਉਸੇ ਤਰ੍ਹਾਂ ਹੀ ਮੇਰੀ ਰਿਟਾਇਰਮੈਂਟ ਤੋਂ ਬਾਅਦ ਮੇਰੇ ਪੁੱਤਰ ਗੁਰਮੀਤ ਅਤੇ ਨੂੰਹ ਗੁਨਮੀਤ, ਜੋ ਕਿ ਸਾਡੇ ਨਾਲ ਹੀ ਰਹਿੰਦੇ ਸਨ, ਨੇ ਮੈਨੂੰ ਹੋਰ ਪੜ੍ਹਣ ਲਈ ਉਤਸ਼ਾਹਿਤ ਕੀਤਾ। ਮੇਰੇ ਪਿਆਰੇ ਮਿੱਤਰ ਡਾ. ਰਣਬੀਰ ਸਿੰਘ ਸਰਾਉ ਜੋ ਪੰਜਾਬੀ ਯੂਨੀਵਰਸਿਟੀ ਦੇ ਰਜਿਸਟਰਾਰ ਰਹਿ ਚੁੱਕੇ ਸਨ, ਨਾਲ ਸਲਾਹ ਕੀਤੀ। ਉਹਨਾਂ ਨੇ ਵੀ ਮੈਨੂੰ ਪੜ੍ਹਨ ਲਈ ਪ੍ਰੇਰਿਆ। ਉਹਨਾਂ ਤੋਂ ਉਤਸ਼ਾਹਿਤ ਹੋ ਕੇ ਮੈਂ ਐੱਮ.ਏ ਰਿਲੀਜੀਅਸ ਸਟੱਡੀ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ। ਤਕਰੀਬਨ ਫਰਵਰੀ 2008 ਵਿਚ ਮੈਂ ਭਾਰਤ ਆ ਗਿਆ। ਮੈਂ ਭਾਰਤ ਐੱਮ.ਏ ਭਾਗ 1 ਦੀ ਪ੍ਰੀਖਿਆ ਦੇ ਕੇ ਤਕਰੀਬਨ ਜੂਨ 2008 ਵਿਚ ਵਾਪਸ ਅਮਰੀਕਾ ਚਲਾ ਗਿਆ। 2009 ਵਿਚ ਮੈਂ ਐੱਮ.ਏ ਭਾਗ 2 ਦਾ ਇਮਤਿਹਾਨ ਦੇਣ ਲਈ ਭਾਰਤ ਆਉਣਾ ਚਾਹੁੰਦਾ ਸੀ, ਪਰ ਅਮਰੀਕਾ ਵਿਚ ਅਸੀਂ ਇੱਕ ਲਿਕਰ ਸਟੋਰ ਲਿਆ ਸੀ, ਜਿਸ ਦੇ ਕਿਰਾਏਦਾਰ ਸਟੋਰ ਨੂੰ ਤਾਲਾ ਲਗਾ ਕੇ ਚਲੇ ਗਏ ਅਤੇ 2009 ਵਿਚ ਇਹ ਕਾਰੋਬਾਰ ਮੈਂ ਚਲਾਇਆ। 2010 ਵਿਚ ਮੈਂ ਐੱਮ.ਏ ਫਾਈਨਲ ਦਾ ਇਮਤਿਹਾਨ ਦੇਣ ਲਈ ਫਿਰ ਭਾਰਤ ਆਇਆ। ਮੈਂ ਰਿਲੀਜੀਅਸ ਸਟੱਡੀ ਹਾਈ ਸੈਕਿੰਡ ਡਵੀਜ਼ਨ ਨਾਲ ਪਾਸ ਕੀਤੀ।

2010 ਵਿਚ ਮੈਂ ਤੇ ਮੇਰੀ ਪਤਨੀ ਨੇ ਫ਼ੈਸਲਾ ਕੀਤਾ ਕਿ ਅਸੀਂ ਭਾਰਤ ਹੀ ਪੱਕੇ ਤੌਰ ਤੇ ਰਹਾਂਗੇ। ਕੁਝ ਮਹੀਨਿਆਂ ਵਿਚ ਅਸੀਂ ਪੰਜੇ ਵਪਾਰ ਅਤੇ ਇੱਕ ਘਰ ਬੱਚਿਆਂ ਨੂੰ ਦੇ ਕੇ ਵਾਪਸ ਭਾਰਤ ਆ ਗਏ। ਸਾਡੇ ਕੋਲ ਭਾਰਤ ਵਿਚ ਰਹਿਣ ਲਈ ਮਕਾਨ ਸੀ ਅਤੇ ਸਾਡੀਆਂ ਕਾਫ਼ੀ ਚੰਗੀਆਂ ਪੈਨਸ਼ਨਾਂ ਸਨ। ਅਸੀਂ 10 ਦਸੰਬਰ 2010 ਨੂੰ ਭਾਰਤ ਪਹੁੰਚ ਗਏ। 2012 ਅਤੇ 2013 ਵਿਚ ਮੈਂ ਪੰਜਾਬੀ ਯੂਨੀਵਰਸਿਟੀ ਤੋਂ ਤੀਜੀ ਐੱਮ.ਏ ਸਿੱਖ ਸਟੱਡੀ ਵਿਚ ਕੀਤੀ। ਇਹ ਐੱਮ.ਏ ਵੀ ਦੂਸਰੀ ਐੱਮ.ਏ ਵਾਂਗ ਪੰਜਾਬ ਯੂਨੀਵਰਸਿਟੀ ਤੋਂ ਪ੍ਰਾਈਵੇਟਲੀ ਕੀਤੀ। ਇਸ ਐੱਮ.ਏ ਵਿਚ ਮੇਰੀ ਫਸਟ ਡਵੀਜ਼ਨ ਆਈ। ਸਿੱਖਣ ਦਾ ਕੋਈ ਅੰਤ ਨਹੀਂ ਹੁੰਦਾ ਅਤੇ ਨਾ ਕੋਈ ਉਮਰ ਹੁੰਦੀ ਹੈ।

2014 ਵਿਚ ਮੈਂ ਪੀਐੱਚ.ਡੀ ਦੇ ਦਾਖ਼ਲੇ ਲਈ ਤਿਆਰੀ ਕਰ ਰਿਹਾ ਸੀ।

ਪਰ 2014 ਵਿਚ ਮੈਂ ਬਿਮਾਰ ਹੋ ਗਿਆ। ਲਗਪਗ ਦੋ ਸਾਲਾਂ ਵਿਚ ਮੇਰੇ 4 ਓਪਰੇਸ਼ਨ ਹੋਏ। ਪਹਿਲਾ ਓਪਰੇਸ਼ਨ ਦਿਲ ਦੇ ਬਾਈਪਾਸ ਦਾ ਵੱਡਾ ਓਪਰੇਸ਼ਨ ਸੀ। ਹਾਲੇ ਮੈਂ ਦਿਲ ਦੇ ਓਪਰੇਸ਼ਨ ਤੋਂ ਠੀਕ ਵੀ ਨਹੀਂ ਸੀ ਹੋਇਆ ਕਿ ਮਾਰਚ 2015 ਵਿਚ ਮੈਨੂੰ ਕੈਂਸਰ ਹੋ ਗਿਆ। ਜੁਲਾਈ 2015 ਵਿਚ ਮੈਨੂੰ ਹਰਨੀਆਂ ਦਾ ਓਪਰੇਸ਼ਨ ਵੀ ਕਰਵਾਉਣਾ ਪਿਆ। ਇਹੀ ਕੈਂਸਰ ਮਾਰਚ 2016 ਵਿਚ ਦੁਬਾਰਾ ਹੋ ਗਿਆ ਅਤੇ ਮੈਨੂੰ ਫਿਰ ਓਪਰੇਸ਼ਨ ਕਰਵਾਉਣਾ ਪਿਆ। ਸਭ ਤੋਂ ਵੱਧ ਮੇਰੇ ਮਨ ਅਤੇ ਸਰੀਰ ਤੇ ਕੈਂਸਰ ਦਾ ਅਸਰ ਹੋਇਆ। 2017 ਮਈ ਤੱਕ, ਪ੍ਰਮਾਤਮਾ ਦੀ ਮਿਹਰ, ਪੂਜਾ ਪਾਠ ਨਾਲ, ਪਰਿਵਾਰ, ਮਿੱਤਰ ਪਿਆਰਿਆਂ ਅਤੇ ਰਿਸ਼ਤੇਦਾਰਾਂ ਦੇ ਅਸ਼ੀਰਵਾਦ ਨਾਲ ਮੈਂ ਸਾਰੇ ਗਮਾਂ ਅਤੇ ਤਕਲੀਫ਼ਾਂ ਵਿਚੋਂ ਬਾਹਰ ਆ ਗਿਆ।

ਹੁਣ ਮੈਂ ਆਪਣੇ ਜੀਵਨ ਵਿਚ ਜੋ ਕੁਝ ਸਿੱਖਿਆ ਹੈ, ਪ੍ਰਾਪਤ ਕੀਤਾ ਹੈ, ਉਹ ਸਾਰਾ ਕੁਝ ਆਪਣੀਆਂ ਲਿਖਤਾ ਰਾਹੀਂ ਲੋਕਾਈ ਨੂੰ ਵੰਡਣਾ ਹੈ। ਇਹੀ ਮੇਰਾ ਸਮਾਜ ਅਤੇ ਰੱਬ ਪ੍ਰਤੀ ਦਸਵੰਧ ਦਾ ਹਿੱਸਾ ਹੈ। ਮੈਂ ਬਹੁਤ ਚੰਗਾ ਜੀਵਨ ਜੀਵਿਆ ਹੈ। ਮੈਂ ਮਿਹਨਤ, ਸੰਜਮ ਅਤੇ ਰੱਬ ਦੀ ਕ੍ਰਿਪਾ ਨਾਲ ਬਹੁਤ ਤਰੱਕੀ ਕੀਤੀ ਹੈ ਅਤੇ ਸਾਰੇ ਜੀਵਨ ਵਿਚ ਇਮਾਨਦਾਰੀ ਅਤੇ ਇਖ਼ਲਾਕ ਦਾ ਪੱਲਾ ਨਹੀਂ ਛੱਡਿਆ। ਮੈਂ ਹੁਣ ਚਾਹੁੰਦਾ ਹਾਂ ਕਿ ਸਾਰੇ ਲੋਕ ਇਮਾਨਦਾਰੀ ਦਾ ਜੀਵਨ ਜਿਉਣ। ਇੱਕ ਦੂਜੇ ਨੂੰ ਪਿਆਰ ਸਤਿਕਾਰ ਕਰਨ। ਇਨਸਾਫ਼ ਦਾ ਬੋਲਬਾਲਾ ਹੋਵੇ ਅਤੇ ਘਰ ਸੰਸਾਰ ਵਿਚ ਅਮਨ ਹੋਵੇ।

ਮੇਰੇ ਦੋਸਤ ਜਾਂ ਹੋਰ ਲੋਕ ਜਿਹਨਾਂ ਨੂੰ ਮੈਂ ਮਿਲਦਾ ਹਾਂ, ਉਹ ਮੇਰੀ ਤੀਸਰੀ ਐੱਮ.ਏ ਜੋ ਮੈਂ 2013 ਵਿਚ ਕੀਤੀ ਤੋਂ ਬਹੁਤ ਪ੍ਰਭਾਵਿਤ ਅਤੇ ਉਤਸ਼ਾਹਿਤ ਹੁੰਦੇ ਹਨ।ਪਹਿਲੀ ਐੱਮ.ਏ ਪੋਲੀਟੀਕਲ ਸਾਇੰਸ ਦੀ ਜੋ 1963 ਵਿਚ ਕੀਤੀ ਤੇ ਰੈਗੂਲਰ ਵਿੱਦਿਆ ਵਾਂਗ ਕੀਤੀ। ਉਸ ਵਿਚ ਮੇਰੀ ਸਿਰਫ਼ ਸੈਕੰਡ ਡਵੀਜ਼ਨ ਹੀ ਆਈ। 1963 ਵਾਲੀ ਐੱਮ.ਏ ਦਾ ਮੇਰਾ ਸਾਰਾ ਰੋਟੀ ਤੇ ਪੜ੍ਹਾਈ ਦਾ ਖ਼ਰਚਾ ਮਾਤਾ ਪਿਤਾ ਦਿੰਦੇ ਸਨ ਅਤੇ ਮੈਂ ਕਿਤੇ ਹੋਰ ਕੰਮ ਨਹੀਂ ਸੀ ਕਰਦਾ। ਉਸ ਸਮੇਂ ਮੇਰੀ ਉਮਰ 20 ਸਾਲ ਦੀ ਸੀ। ਦੂਜੀ ਐੱਮ.ਏ ਲਈ ਮੈਂ ਅਮਰੀਕਾ ਤੋਂ ਦੋ ਵਾਰ ਭਾਰਤ ਸਿਰਫ਼ ਇਮਤਿਹਾਨ ਦੇਣ ਹੀ ਆਇਆ। 2013 ਵਿਚ ਮੈਂ ਸਿੱਖ ਸਟੱਡੀ ਦੀ ਐੱਮ.ਏ. ਦਾ ਇਮਤਿਹਾਨ ਦਿੱਤਾ। ਉਸ ਵਿਚ ਮੇਰੀ ਫਸਟ ਡਵੀਜ਼ਨ ਆਈ। ਮੈਂ ਅਕਸਰ ਲੋਕਾਂ ਨੂੰ ਦੱਸਦਾਂ ਅਤੇ ਸਵਾਲ ਕਰਦਾ ਹਾਂ ਕਿ ਦੋਵਾਂ ਵਿਚੋਂ ਸਿਆਣਾ ਕੌਣ ਹੈ, ਇੱਕ 20 ਸਾਲ ਦਾ ਲੜਕਾ ਜਾਂ 70 ਸਾਲ ਦਾ ਬੁੱਢਾ? ਸੁਭਾਵਿਕ ਤੌਰ ਤੇ ਜਵਾਬ ਇਹ ਹੈ ਕਿ ਅਸੀਂ ਆਪਣੀ ਸਮਰੱਥਾ ਪੂਰੀ ਤਰ੍ਹਾਂ ਨਹੀਂ ਵਰਤਦੇ। ਅਸੀਂ 50-60 ਸਾਲਾਂ ਦੀ ਉਮਰ ਵਿਚ ਆਪਣੇ ਆਪ ਨੂੰ ਵਿਅਰਥ ਸਮਝਣ ਲੱਗ ਜਾਂਦੇ ਹਾਂ। ਅਸੀਂ ਇਹ ਨਹੀਂ ਸਮਝਦੇ ਕਿ ਸਾਡਾ ਤਜ਼ਰਬਾ ਬਹੁਤ ਵਿਸ਼ਾਲ ਹੈ ਅਸੀਂ ਬਹੁਤ ਕੁਝ ਸਿਖਿਆ ਹੈ ਤੇ

ਸਾਡਾ ਅਜੇ ਫ਼ਰਜ਼ ਖਤਮ ਨਹੀਂ ਹੋਇਆ। ਅਸੀਂ ਸਮਾਜ ਦੇ ਦੀਪ ਹਾਂ। ਅਸੀਂ ਹਨੇਰੇ ਵਿਚ ਚਾਨਣ ਕਰਨਾ ਹੈ। ਅਸੀਂ ਦੂਸਰਿਆਂ ਨੂੰ ਸੰਪੂਰਨ ਅਤੇ ਲਾਭਦਾਇਕ ਜੀਵਨ ਬਤੀਤ ਕਰਨ ਲਈ ਉਤਸ਼ਾਹਿਤ ਕਰਨਾ ਹੈ। ਅਸੀਂ ਆਪਣਾ ਇਹ ਫ਼ਰਜ਼ ਆਖਰੀ ਦਮ ਤੱਕ ਨਿਭਾਉਂਦੇ ਰਹਿਣਾ ਹੈ। ਅਸੀਂ ਸਮਾਜ ਤੋਂ ਬਹੁਤ ਕੁਝ ਲਿਆ ਹੈ ਅਤੇ ਇਹ ਸਮਾਜ ਨੂੰ ਵਾਪਸ ਕਰਨ ਲਈ ਜ਼ਿੰਮੇਵਾਰ ਹਾਂ ਅਤੇ ਇਸ ਲਈ ਜ਼ਿੰਮੇਵਾਰੀ ਤੋਂ ਕਦੇ ਵੀ ਮੁਨਕਰ ਨਹੀਂ ਹੋਣਾ ਚਾਹੀਦਾ।

# ਅਮਰੀਕਾ ਦਾ ਸਮਾਜਿਕ ਜੀਵਨ

ਅਮਰੀਕਾ ਵਿਚ ਭਾਰਤ ਦੀਆਂ ਦੋ ਹੀ ਵੱਡੀਆਂ ਬਰਾਦਰੀਆਂ ਰਹਿੰਦੀਆਂ ਹਨ, ਇਕ ਗੁਜਰਾਤੀ ਅਤੇ ਦੂਜੇ ਪੰਜਾਬੀ। ਗੁਜਰਾਤੀਆਂ ਦੀ ਗਿਣਤੀ ਤਕਰੀਬਨ 8 ਲੱਖ ਹੈ ਅਤੇ ਪੰਜਾਬੀਆਂ ਦੀ ਗਿਣਤੀ ਤਕਰੀਬਨ 5 ਲੱਖ ਹੈ। ਅਮਰੀਕਾ ਵਿਚ ਭਾਰਤੀਆਂ ਪ੍ਰਤੀ ਕਿਸੇ ਪ੍ਰਕਾਰ ਦੀ ਨਫ਼ਰਤ ਨਹੀਂ ਹੈ। ਇਸ ਦੇ ਉਲਟ ਭਾਰਤੀ ਲੋਕਾਂ ਲਈ ਅਮਰੀਕਾ ਵਿਚ ਪਿਆਰ ਅਤੇ ਸਤਿਕਾਰ ਹੈ। ਭਾਰਤੀਆਂ ਨੂੰ ਅਮਰੀਕਾ ਦੇ ਲੋਕ ਬਹੁਤ ਮਿਹਨਤੀ ਸਮਝਦੇ ਹਨ।

ਡਾਕਟਰੀ ਪੇਸ਼ੇ ਵਿਚ ਸਾਰੇ ਡਾਕਟਰਾਂ ਵਿਚੋਂ ਭਾਰਤੀ ਡਾਕਟਰਾਂ ਦੀ 6% ਗਿਣਤੀ ਹੈ। 33 ਕਰੋੜ ਅਮਰੀਕਾ ਦੀ ਆਬਾਦੀ ਵਿਚੋਂ ਭਾਰਤੀਆਂ ਦੀ ਗਿਣਤੀ 20 ਲੱਖ ਹੈ। ਪੰਜਾਬੀ ਅਤੇ ਗੁਜਰਾਤੀ ਜ਼ਿਆਦਾ ਕਾਰੋਬਾਰੀ ਹਨ। ਪੰਜਾਬ ਤੋਂ ਗਏ ਹੋਏ ਪੱਗ ਵਾਲੇ ਡਾਕਟਰ ਵੱਡੇ ਸ਼ਹਿਰਾਂ ਵਿਚ ਆਮ ਦੇਖਣ ਨੂੰ ਮਿਲਦੇ ਹਨ। ਮੈਂ ਬਹੁਤ ਅਮਰੀਕਨਾਂ ਨੂੰ ਕਹਿੰਦੇ ਹੋਏ ਸੁਣਿਆ ਹੈ ਕਿ ਭਾਰਤੀ ਡਾਕਟਰ ਮਰੀਜ਼ਾਂ ਨੂੰ ਬਹੁਤ ਤਵੱਜੋ ਨਾਲ ਦੇਖਦੇ ਹਨ ਅਤੇ ਉਸ ਤਰ੍ਹਾਂ ਦੀ ਤਵੱਜੋ ਅਮਰੀਕਨ ਡਾਕਟਰਾਂ ਵਿਚ ਨਹੀਂ ਹੈ। ਮਿਲਵਾਕੀ ਸ਼ਹਿਰ ਵਿਚ ਕਿਸੇ ਪਾਰਟੀ ਵਿਚ ਮਿਲਵਾਕੀ ਦੇ ਕਈ ਡਾਕਟਰ ਆਏ ਹੋਏ ਸਨ। ਉਹਨਾਂ ਵਿਚੋਂ ਇੱਕ ਮਸ਼ਹੂਰ ਨਾਮ ਡਾਕਟਰ ਕੁਲਵੰਤ ਸਿੰਘ ਧਾਲੀਵਾਲ ਦਾ ਹੈ। ਅਮਰੀਕਾ ਦੇ ਮਿਲਵਾਕੀ ਅਤੇ ਰਸੀਨ ਵਿਚ ਉਹ ਤਕਰੀਬਨ 50 ਸਾਲ ਤੋਂ ਵਧੇਰੇ ਸਮੇਂ ਤੋਂ ਪ੍ਰੈਕਟਿਸ ਕਰ ਰਹੇ ਹਨ। ਉਹਨਾਂ ਦੇ ਦੋ ਹਸਪਤਾਲ ਹਨ, ਇੱਕ ਰਸੀਨ ਸ਼ਹਿਰ ਵਿਚ ਅਤੇ ਇੱਕ ਕਨੋਸ਼ਾ ਸ਼ਹਿਰ ਵਿਚ। ਦੂਜਾ ਮਸ਼ਹੂਰ ਨਾਮ ਡਾ. ਅਮਰਜੀਤ ਸਿੰਘ ਦਾ ਹੈ, ਜੋ ਬਹੁਤ ਹੀ ਮਸ਼ਹੂਰ ਅੱਖਾਂ ਦਾ ਡਾਕਟਰ ਹੈ। ਇਹ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ ਅਤੇ ਯਾਦਵਿੰਦਰਾ ਪਬਲਿਕ ਸਕੂਲ ਪਟਿਆਲਾ ਤੋਂ ਪੜ੍ਹੇ ਹੋਏ ਹਨ। ਇਹਨਾਂ ਨੂੰ ਅਮਰੀਕਾ ਗਏ ਨੂੰ 50 ਸਾਲ ਹੋ ਗਏ ਹਨ। ਦੋਵੇਂ ਡਾਕਟਰ 70 ਸਾਲ ਤੋਂ ਵੱਧ ਉਮਰ ਦੇ ਹਨ। ਕੁਝ ਅਮਰੀਕਨ ਵੀ ਇਸ ਪਾਰਟੀ ਵਿਚ ਆਏ ਹੋਏ ਸਨ। ਇੱਕ ਅਮਰੀਕਨ ਮੇਰੇ ਕੋਲ ਆਇਆ ਤੇ ਮੈਨੂੰ ਪੁੱਛਣ ਲੱਗਾ ਕਿ ਮੇਰੀ ਮੈਡੀਕਲ ਸਪੈਸ਼ਿਲਟੀ ਕੀ ਹੈ? ਜਦੋਂ ਮੈਂ ਕਿਹਾ ਕਿ ਮੈਂ ਡਾਕਟਰ ਨਹੀਂ ਹਾਂ ਤਾਂ ਉਸ ਨੇ ਕਿਹਾ,"ਇਹ ਕਿਵੇਂ ਹੋਇਆ ਕਿ ਤੁਸੀਂ ਪੱਗ ਬੰਨ੍ਹਦੇ ਹੋ ਪਰ ਡਾਕਟਰ ਨਹੀਂ ਹੋ।" ਛੋਟੇ ਸ਼ਹਿਰਾਂ ਵਿਚ ਵੀ ਜਿਥੇ ਮੇਰੇ ਦੋਵੇਂ ਲੜਕੇ ਰਹਿ ਰਹੇ ਸਨ, ਉਥੇ ਵੀ ਦੋ

ਪੱਗਾਂ ਵਾਲੇ ਮਸ਼ਹੂਰ ਸਰਜਨ ਸਨ। ਇੱਕ ਦਾ ਨਾਮ ਡਾ. ਕਮਲਜੀਤ ਸਿੰਘ ਪਾਲ ਹੈ ਜੋ ਨਿਊਰੋ ਸਰਜਨ ਹੈ ਤੇ ਪਿਛਲੇ 40 ਸਾਲਾਂ ਤੋਂ ਵੱਧ ਅਮਰੀਕਾ ਵਿਚ ਪ੍ਰੈਕਟਿਸ ਕਰ ਰਹੇ ਹਨ। ਜਦੋਂ ਅਸੀਂ ਇਸ ਇਲਾਕੇ ਵਿਚ ਕਾਰੋਬਾਰ ਕਰਨ ਲਈ ਆਏ ਤਾਂ ਕਈ ਲੋਕ ਮੈਨੂੰ ਭੁਲੇਖੇ ਨਾਲ ਡਾ. ਪਾਲ ਸਮਝ ਲੈਂਦੇ ਸਨ। ਇੱਕ ਸਟੋਰ ਵਿਚ ਇੱਕ ਅਮਰੀਕਨ ਮੈਨੂੰ ਮਿਲਿਆ। ਉਹ ਮੈਨੂੰ ਕਹਿਣ ਲੱਗਾ ਕਿ ਤੁਸੀਂ ਮੈਨੂੰ ਠੀਕ ਕੀਤਾ ਹੈ ਤੇ ਅੱਜ ਮੈਂ ਤੁਹਾਡੀ ਵਜ੍ਹਾ ਨਾਲ ਹੀ ਜਿਊਂਦਾ ਹਾਂ। ਡਾ. ਪਾਲ ਹਮੇਸ਼ਾ ਕਾਲੀ ਪੱਗ ਬੰਨ੍ਹਦੇ ਸੀ ਤੇ ਅਕਸਰ ਉਹਨਾਂ ਦੀਆਂ ਫੋਟੋਆਂ ਡਾਇਰੈਕਟਰੀ ਦੇ ਯੈਲੋ ਪੇਜਾਂ ਵਿਚ ਦਿਸਦੀਆਂ ਸਨ। ਡਾਕਟਰੀ ਅਮਰੀਕਾ ਵਿਚ ਬਹੁਤ ਵੱਡਾ ਕਾਰੋਬਾਰ ਹੈ ਤੇ ਡਾਕਟਰਾਂ ਨੂੰ ਯੈਲੋ ਪੇਜ ਵਿਚ ਆਪਣਾ ਇਸ਼ਤਿਹਾਰ ਦੇਣਾ ਪੈਂਦਾ ਹੈ। ਕਿਸੇ ਸਿੱਖ ਜਾਂ ਦੇਸੀ ਡਾਕਟਰ ਨੂੰ ਦੇਖ ਕੇ ਅਮਰੀਕਨ ਬੜੇ ਖੁਸ਼ ਹੁੰਦੇ ਹਨ। ਦੂਸਰਾ ਪੱਗ ਵਾਲਾ ਡਾਕਟਰ ਮੇਰਾ ਛੋਟਾ ਲੜਕਾ ਗੁਰਜੀਤ ਹੈ, ਜੋ ਹੁਣ ਅਮਰੀਕਾ ਦਾ ਮਸ਼ਹੂਰ ਵੈਸਕੂਲਰ ਸਰਜਨ ਹੈ।

ਸਤੰਬਰ 2001 (9/11) ਵਿਚ ਮੁਸਲਿਮ ਅੱਤਵਾਦੀਆਂ ਵੱਲੋਂ ਨਿਊਯਾਰਕ ਦੀਆਂ ਦੋ ਵੱਡੀਆਂ ਇਮਾਰਤਾਂ ਢਾਹੁਣ ਨਾਲ ਅਮਰੀਕਨਾਂ ਵਿਚ ਮੁਸਲਮਾਨਾ ਪ੍ਰਤੀ ਨਫ਼ਰਤ ਪੈਦਾ ਹੋ ਗਈ ਹੈ। ਸਿੱਖਾਂ ਨੂੰ ਪੱਗ ਕਰਕੇ ਉਹਨਾਂ ਨੂੰ ਵੀ ਮੁਸਲਮਾਨ ਹੀ ਸਮਝਿਆ ਜਾਂਦਾ ਸੀ, ਕਿਉਂਕਿ ਓਸਾਮਾ ਬਿਨ ਲਾਦੇਨ ਪੱਗ ਬੰਨ੍ਹਦਾ ਸੀ। ਮੇਰੇ ਛੋਟੇ ਲੜਕੇ ਗੁਰਜੀਤ ਨੂੰ ਕੈਂਟਕੀ ਸ਼ਹਿਰ ਵਿਚ ਇੱਕ ਇੰਟਰਵਿਊ ਵਿਚ ਇਹੋ ਜਿਹੀ ਨਫ਼ਰਤ ਦੀ ਸਥਿਤੀ ਦਾ ਸਾਹਮਣਾ ਕਰਨਾ ਪਿਆ। ਇੰਟਰਵਿਊ ਲੈਣ ਵਾਲੇ ਡਾ. ਨੇ ਕਿਹਾ, “ ਤੁਹਾਨੂੰ ਕਿਸ ਨੇ ਬੁਲਾਇਆ ਹੈ?” ਮੇਰੇ ਪੁੱਤਰ ਨੇ ਕਿਹਾ ਕਿ ਮੈਂ ਤੁਹਾਡੀ ਚਿੱਠੀ ਤੇ ਹੀ ਆਇਆ ਹਾਂ। ਉਹਨਾਂ ਨੇ ਇੰਟਰਵਿਊ ਲੈਣ ਤੋਂ ਪਹਿਲਾਂ ਹੀ ਉਸ ਨੂੰ ਵਾਪਸ ਜਾਣ ਲਈ ਕਹਿ ਦਿੱਤਾ। ਪਰ ਇਹੋ ਜਿਹੇ ਇੱਕਾ ਦੁੱਕਾ ਵਾਕਿਆ ਨਾਲ ਸਾਨੂੰ ਇਹ ਸਿੱਟਾ ਨਹੀਂ ਕੱਢਣਾ ਚਾਹੀਦਾ ਕਿ ਅਮਰੀਕੀ ਲੋਕਾਂ ਨੂੰ ਭਾਰਤੀ ਲੋਕਾਂ ਨਾਲ ਨਫ਼ਰਤ ਹੈ।

ਹਿੰਦੂ ਲੋਕਾਂ ਨੇ ਅਮਰੀਕਾ ਵਿਚ ਵੱਡੇ ਵੱਡੇ ਸ਼ਹਿਰਾਂ ਵਿਚ ਬਹੁਤ ਵੱਡੇ ਮੰਦਰ ਬਣਾਏ ਹੋਏ ਹਨ। ਉਥੇ ਗੁਰਦਆਰੇ ਵੀ ਕਾਫ਼ੀ ਦਿੱਸਦੇ ਹਨ। ਜਦੋਂ 10 ਕੁ ਸਿੱਖ ਪਰਿਵਾਰ ਇਕੱਠੇ ਹੁੰਦੇ ਹਨ ਤਾਂ ਉਹ ਪਹਿਲੀ ਚੀਜ਼ ਗੁਰਦੁਆਰਾ ਬਣਾਉਣ ਬਾਰੇ ਹੀ ਸੋਚਦੇ ਹਨ। ਅਸੀਂ ਕਾਫ਼ੀ ਵਪਾਰ ਕੀਤੇ, ਕਈ ਗਾਹਕ ਸਾਨੂੰ ਪੁੱਛਦੇ ਸਨ ਕਿ ਤੁਸੀਂ ਇਸਾਈਆਂ ਬਾਰੇ ਕੀ ਸੋਚਦੇ ਹੋ? ਮੈਂ ਕਹਿੰਦਾ ਹੁੰਦਾ ਸੀ ਕਿ ਅੰਗਰੇਜ਼ਾਂ ਨੇ ਭਾਰਤ ‘ਤੇ 1947 ਤੱਕ ਰਾਜ ਕੀਤਾ ਅਤੇ ਉਹ ਸਾਰੇ ਇਸਾਈ ਸਨ। ਅੰਗਰੇਜ਼ਾਂ ਨੇ ਸਾਡੇ ਸਮਾਜਿਕ ਜੀਵਨ ਵਿਚ ਕਦੇ ਦਖ਼ਲ ਨਹੀਂ ਦਿੱਤਾ। ਅਸੀਂ ਉਹਨਾਂ ਦੀ ਇੱਜ਼ਤ ਕਰਦੇ ਹਾਂ। ਉਹ ਅਨੁਸ਼ਾਸਨਬੱਧ ਸਨ। ਜੇ ਅਸੀਂ ਵਿਦੇਸ਼ ਵਿਚ ਰਹਿਣਾ ਹੈ ਅਤੇ ਕਾਰੋਬਾਰ ਕਰਨਾ ਹੈ ਤਾਂ ਸਾਨੂੰ ਸਥਾਨਕ ਲੋਕਾਂ ਦੇ ਧਰਮ ਦਾ ਸਤਿਕਾਰ ਕਰਨਾ ਬਣਦਾ ਹੈ। ਜਦੋਂ

ਕਿਤੇ ਕਿਸੇ ਸਾਂਝੇ ਕੰਮ ਲਈ ਉਹਨਾਂ ਨੂੰ ਪੈਸੇ ਚਾਹੀਦੇ ਹਨ ਤਾਂ ਸਾਨੂੰ ਵੱਧ ਚੜ੍ਹ ਕੇ ਮਦਦ ਕਰਨੀ ਚਾਹੀਦੀ ਹੈ।

ਭਾਰਤੀਆਂ ਦਾ ਸਮਾਜਿਕ ਜੀਵਨ ਆਪਣੇ ਆਪ ਵਿਚ ਹੀ ਸੀਮਤ ਹੈ। ਇਹ ਜਨਮ ਦਿਨ ਜਾਂ ਹੋਰ ਦੂਸਰੇ ਵਿਆਹਾਂ ਵਰਗੇ ਪ੍ਰੋਗਰਾਮ ਵੀ ਮਨਾਉਂਦੇ ਰਹਿੰਦੇ ਹਨ। ਇਥੋਂ ਤੱਕ ਕਿ ਭਾਰਤੀਆਂ ਵਿਚ ਪੰਜਾਬੀਆਂ ਅਤੇ ਗੁਜਰਾਤੀਆਂ ਦਾ ਮਿਲਣਾ ਜੁਲਣਾ ਵੀ ਬਹੁਤ ਘੱਟ ਹੁੰਦਾ ਹੈ। ਹੁਣੇ ਜਿਹੇ ਇਕ ਪ੍ਰਚਲਣ ਸ਼ੁਰੂ ਹੋਇਆ ਹੈ, ਗੁਜਰਾਤੀ ਅਤੇ ਪੰਜਾਬੀਆਂ ਦੇ ਵਿਆਹ ਹੋਣੇ ਸ਼ੁਰੂ ਹੋ ਗਏ ਹਨ। ਇੱਥੋਂ ਤੱਕ ਕਿ ਅਮਰੀਕਨਾਂ ਦੇ ਸਿੱਖਾਂ ਨਾਲ ਬਹੁਤ ਘੱਟ ਵਿਆਹ ਹਨ। ਕੁਝ ਸਿੱਖ ਆਪਣੀਆਂ ਅਮਰੀਕੀ ਪਤਨੀਆਂ ਨੂੰ ਗੁਰਦੁਆਰਾ ਸਾਹਿਬ ਲੈ ਆਉਂਦੇ ਹਨ, ਉਹਨਾਂ ਦੀ ਗੱਲਬਾਤ ਸਤਿ ਸ੍ਰੀ ਅਕਾਲ ਬੁਲਾਉਣ ਦੇ ਨਾਲ ਹੀ ਖਤਮ ਹੋ ਜਾਂਦੀ ਹੈ।

ਸਾਡਾ ਪਰਿਵਾਰ ਇਲਾਕੇ ਵਿਚ ਕੁਝ ਗੁਰਦੁਆਰੇ ਬਣਾਉਣ ਵਿਚ ਮੋਹਰੀ ਰਿਹਾ ਹੈ। ਮਿਲਵਾਕੀ ਵਿਚ ਪਹਿਲਾ ਗੁਰਦੁਆਰਾ ਫੰਡੂਲਾਕ ਰੋਡ ਤੇ ਬਣਾਇਆ ਜਿਸ ਵਿਚ ਮੇਰੇ ਛੋਟੇ ਭਰਾ ਡਾ. ਜਗਜੀਤ ਦਾ ਬਹੁਤ ਵੱਡਾ ਯੋਗਦਾਨ ਸੀ। ਦੂਸਰਾ ਗੁਰਦੁਆਰਾ ਮਿਲਵਾਕੀ ਦੇ ਨਜ਼ਦੀਕ ਓਕ-ਕਰੀਕ ਵਿਚ ਮੇਰੇ ਛੋਟੇ ਭਰਾ ਸਤਵੰਤ ਸਿੰਘ ਕਾਲੇਕਾ ਦੇ ਉਦਮ ਅਤੇ ਉਤਸ਼ਾਹ ਦਾ ਨਤੀਜਾ ਸੀ। ਸਤਵੰਤ ਸਿੰਘ ਕਾਲੇਕਾ ਨੇ ਇਹ ਗੁਰਦੁਆਰਾ 13 ਏਕੜ ਦੀ ਥਾਂ ਲੈ ਕੇ ਕੰਮ ਸ਼ੁਰੂ ਕੀਤਾ ਤੇ ਬਹੁਤ ਵੱਡੀ ਅਤੇ ਸ਼ਾਨਦਾਰ ਬਿਲਡਿੰਗ ਬਣਵਾਈ। ਉਸ ਨੇ 18 ਸਾਲ ਆਪਣੀ ਸ਼ਹੀਦੀ ਤੱਕ ਗੁਰਦੁਆਰੇ ਦੇ ਪ੍ਰਧਾਨ ਦੇ ਅਹੁਦੇ ਵਜੋਂ ਸੇਵਾ ਕੀਤੀ। 5 ਅਗਸਤ 2012 ਨੂੰ ਇੱਕ ਪਾਗਲ ਗੋਰੇ, ਮਾਈਕਲ ਪੇਜ ਨੇ ਗੁਰਦੁਆਰਾ ਸਾਹਿਬ ਆ ਕੇ ਸੰਗਤ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਮੇਰਾ ਭਰਾ ਸਤਵੰਤ ਇੱਕ ਛੋਟੀ ਜਿਹੀ ਛੁਰੀ ਨਾਲ ਉਸ ਨਾਲ ਲੜਿਆ ਅਤੇ ਲੜਦਾ-ਲੜਦਾ ਸ਼ਹੀਦ ਹੋ ਗਿਆ।

ਮੈਡੀਸਨ ਸ਼ਹਿਰ ਵਿਚ ਤੀਸਰਾ ਗੁਰਦੁਆਰਾ ਮੇਰੇ ਉਤਸ਼ਾਹ ਦਾ ਕਾਰਨ ਸੀ। ਚੌਥਾ ਗੁਰਦੁਆਰਾ ਐਪਲਟਨ ਵਿਖੇ ਵੀ ਮੇਰੇ ਤੇ ਮੇਰੇ ਪਰਿਵਾਰ ਦਾ ਵੱਡਾ ਹਿੱਸਾ ਸੀ। ਗੁਰਦੁਆਰਾ ਸਾਹਿਬ ਜਾ ਕੇ ਪਾਠ ਤੇ ਸੇਵਾ ਕਰਨ ਤੋਂ ਇਲਾਵਾ ਅਸੀਂ ਘਰੇ ਵੀ ਤਕਰੀਬਨ ਦੋ ਸਾਲ ਵਿਚ ਇੱਕ ਵਾਰ ਪਾਠ ਕਰਵਾਉਂਦੇ ਸੀ। ਓਕਰਿਜ ਡਰਾਈਵ ਦੇ ਘਰ ਵਿਚ ਤਕਰੀਬਨ 200 ਸੰਗਤ ਬੇਸਮੈਂਟ ਵਿਚ ਆ ਜਾਂਦੀ ਹੈ, ਘਰ ਅੰਦਰ ਹੀ ਤਕਰੀਬਨ 100 ਤੋਂ 125 ਗੱਡੀਆਂ ਦੀ ਪਾਰਕਿੰਗ ਦੀ ਥਾਂ ਬਣੀ ਹੋਈ ਹੈ।

ਸਾਡਾ ਨਿੱਜੀ ਸਮਾਜਿਕ ਜੀਵਨ ਸਟਾਊਟਨ ਦੇ ਦਿਨਾਂ ਤੋਂ ਹੀ ਬਹੁਤ ਚੰਗਾ ਸੀ। ਮੇਰਾ ਛੋਟਾ ਭਰਾ ਜਗਜੀਤ ਸ਼ਿਕਾਗੋ ਰਹਿੰਦਾ ਸੀ। ਉਸ ਤੋਂ ਛੋਟਾ ਭਰਾ ਸਤਵੰਤ ਮਿਲਵਾਕੀ ਰਹਿੰਦਾ ਸੀ ਅਤੇ ਤੀਜਾ, ਸਭ ਤੋਂ ਛੋਟਾ ਭਰਾ ਗੁਰਵੰਤ ਸਿੰਘ ਮਿਲਵਾਕੀ ਨੇੜੇ ਰਸੀਨ ਵਿਖੇ ਰਹਿੰਦਾ ਸੀ। ਅਸੀਂ ਅਕਸਰ ਜਨਮ ਦਿਨਾਂ ਜਾਂ ਹੋਰ ਮਹੱਤਵਪੂਰਨ

ਮੌਕਿਆਂ ਤੇ ਇਕੱਠੇ ਹੁੰਦੇ ਸੀ। ਮੇਰੇ ਤਿੰਨੋ ਛੋਟੇ ਭਰਾ ਮੇਰੀ ਤੇ ਮੇਰੇ ਪਰਿਵਾਰ ਦੀ ਬਹੁਤ ਇਜ਼ਤ ਕਰਦੇ ਸਨ। ਮੈਨੂੰ ਜਦੋਂ ਵੀ ਆਰਥਿਕ ਲੋੜ ਪਈ ਤਾਂ ਮੈਂ ਉਹਨਾਂ ਤੋਂ ਪੈਸਾ ਮੰਗਿਆ। ਜਦ ਵੀ ਪੈਸਾ ਮੋੜਿਆ ਉਸ ਉੱਤੇ ਕੋਈ ਵਿਆਜ ਨਹੀਂ ਸੀ, ਇਹੀ ਸਾਡਾ ਸੱਭਿਆਚਾਰ ਤੇ ਨੈਤਿਕਤਾ ਹੈ। ਵਿਦੇਸ਼ ਵਿਚ ਸਾਨੂੰ ਆਪਣੇ ਦੇਸ਼ ਦੀ ਤਰ੍ਹਾਂ ਹੀ ਲੱਗਿਆ, ਕਿਉਂਕਿ ਸਮਾਜਿਕ ਤੌਰ ਤੇ ਅਸੀਂ ਘੁੱਲ ਮਿਲ ਜਾਂਦੇ ਸੀ। ਇਸ ਤੋਂ ਇਲਾਵਾ ਮਿਲਵਾਕੀ ਤੇ ਮੈਡੀਸਨ ਵਿਚ ਸਾਡੇ ਬਹੁਤ ਚੰਗੇ ਦੋਸਤ ਸਨ। ਡਾ. ਕੁਲਵੰਤ ਸਿੰਘ ਧਾਲੀਵਾਲ ਨਾਲ ਸਾਡਾ ਤਿੰਨ ਪੁਸ਼ਤਾਂ ਤੋਂ ਸਬੰਧ ਸੀ ਅਤੇ ਹੁਣ ਉਹ ਸਾਡਾ ਰਿਸ਼ਤੇਦਾਰ ਬਣ ਗਿਆ ਸੀ। ਉਸ ਦੇ ਦੋ ਸਾਲੇ ਸਾਬਕਾ ਪ੍ਰੋਫੈਸਰ ਸਰਬਜੀਤ ਸਿੰਘ ਅਤੇ ਡਾ. ਪਰਮਜੀਤ ਸਿੰਘ ਨਾਲ ਵੀ ਸਾਡੇ ਚੰਗੇ ਸਬੰਧ ਸਨ। ਸਤਵੰਤ ਦੀ ਪਤਨੀ ਸਤਪਾਲ ਦੇ ਪੰਜ ਭਰਾ ਸਨ ਜੋ ਮਿਲਵਾਕੀ ਵਿਚ ਹੀ ਰਹਿੰਦੇ ਸਨ, ਉਹ ਵੀ ਸਾਡੇ ਪਰਿਵਾਰ ਵਾਂਗ ਹੀ ਸਨ। ਗੁਰਵੰਤ ਦੇ ਦੋ ਰਿਸ਼ਤੇਦਾਰ ਵੀ ਮਿਲਵਾਕੀ ਵਿਚ ਹੀ ਰਹਿੰਦੇ ਸਨ। ਜਗਜੀਤ ਦੇ ਦੋ ਸਾਲੇ ਵੀ ਅਮਰੀਕਾ ਵਿਚ ਰਹਿੰਦੇ ਸਨ। ਉਹ ਸਾਡੇ ਨਾਲ ਬਹੁਤ ਚੰਗੇ ਸਨ। ਮੈਡੀਸਨ ਸ਼ਹਿਰ ਜਿਥੇ ਅਸੀਂ ਤਿੰਨ ਕੁ ਸਾਲ ਰਹੇ ਅਸੀਂ ਡਾ.ਗੁਰਵਤਨ ਸਿੰਘ ਨਾਲ ਦੋਸਤੀ ਬਣਾਈ। ਡਾ. ਗੁਰਵਤਨ ਸਿੰਘ ਸਾਇੰਸਦਾਨ ਹੈ ਤੇ ਸਮਾਜਿਕ ਤੌਰ ਤੇ ਮਿਲਣਸਾਰ ਹੈ। ਸਾਡੇ ਸਾਰੇ ਪ੍ਰੋਗਰਾਮਾਂ ਤੇ ਉਹ ਐਮ.ਸੀ ਹੁੰਦਾ ਸੀ। ਉਸ ਦੇ ਦੋਵੇਂ ਲੜਕੇ ਡਾਕਟਰ ਹਨ ਅਤੇ ਉਹ ਵੀ ਬਹੁਤ ਚੰਗੇ ਪਰਿਵਾਰਾਂ ਵਿਚ ਵਿਆਹੇ ਹੋਏ ਹਨ। ਗੁਰਵਤਨ ਦੀ ਪਤਨੀ, ਸਤਿਆ ਦਾ ਸੁਭਾਅ ਤੇ ਸੂਰਤ ਬਹੁਤ ਚੰਗੀ ਸੀ। ਇਕ ਐਸਾ ਪਰਿਵਾਰ ਜਿਸ ਦੀ ਅਸੀਂ ਬਹੁਤ ਇੱਜ਼ਤ ਕਰਦੇ ਸੀ, ਉਹ ਸੀ ਸੇਖੋਂ ਪਰਿਵਾਰ। ਹਰਿੰਦਰ ਸਿੰਘ ਸੇਖੋਂ ਮੇਰਾ ਬਹੁਤ ਚੰਗਾ ਦੋਸਤ ਸੀ। ਉਸ ਦਾ ਵੱਡਾ ਭਰਾ ਗੁਰਬਖ਼ਸ਼ ਸਿੰਘ ਯੂਨੀਵਰਸਿਟੀ ਵਿਚ ਸਾਇੰਸਦਾਨ ਸੀ। ਉਹ ਬਹੁਤ ਸੋਹਣੀ ਪੱਗ ਬੰਨ੍ਹਦਾ ਸੀ ਅਤੇ ਬਹੁਤ ਸੁੰਦਰ ਕੱਪੜੇ ਪਾਉਂਦਾ ਸੀ। ਉਹ ਪਟਿਆਲਾ ਸਟਾਈਲ ਨਾਲ ਦਾਹੜੀ ਬੰਨ੍ਹਦਾ ਸੀ। ਉਸ ਦੀ ਅਮਰੀਕਨ ਪਤਨੀ ਰੋਜ਼ ਆਪਣੇ ਨਾਮ ਵਾਂਗ ਹੀ ਸੀ, ਉਹ ਹਮੇਸ਼ਾ ਖੁਸ਼ ਰਹਿੰਦੀ ਸੀ। ਗੁਰਬਖਸ਼ ਦੀ ਮਾਤਾ ਅਤੇ ਸੱਸ ਦੋਵੇਂ ਗੁਰਬਖਸ਼ ਨਾਲ ਰਹਿੰਦੀਆਂ ਸਨ। ਇਕ ਹੋਰ ਪਰਿਵਾਰ ਜੋ ਪਟਿਆਲੇ ਤੋਂ ਸਾਡੇ ਦੋਸਤ ਸਨ,ਸ. ਜਸਪਾਲ ਸਿੰਘ ਚਹਿਲ, ਜੋ ਸਾਡੇ ਕਰਕੇ ਹੀ ਮੈਡੀਸਨ ਸ਼ਹਿਰ ਵਿਚ ਆਏ ਸਨ। ਇਸ ਪਰਿਵਾਰ ਨੂੰ ਵੀ ਅਸੀਂ ਪਟਿਆਲੇ ਤੋਂ ਹੀ ਜਾਣਦੇ ਹਾਂ, ਇਹ ਵੀ ਸਾਡੇ ਪੁਸ਼ਤੈਨੀ ਦੋਸਤ ਹਨ।

ਮਿਲਵਾਕੀ ਸ਼ਹਿਰ ਵਿਚ ਦੋ ਹੋਰ ਪਰਿਵਾਰ ਸਾਡੇ ਰਿਸ਼ਤੇਦਾਰ ਅਤੇ ਦੋਸਤ ਸਨ। ਸ. ਦਰਸ਼ਨ ਸਿੰਘ ਧਾਲੀਵਾਲ ਜੋ ਮੇਰੀ ਭੈਣ ਹਰਿੰਦਰ ਦੇ ਜੇਠ ਹਨ, ਵੀ ਬਹੁਤ ਮਿਲਣਸਾਰ ਹਨ। ਸ. ਬਚਨ ਸਿੰਘ ਗਿੱਲ, ਸਾਡੇ ਰਿਸ਼ਤੇਦਾਰ ਹੋਣ ਤੋਂ ਇਲਾਵਾ ਹਮੇਸ਼ਾ ਸਾਡੀ ਨੈਤਿਕ ਅਤੇ ਆਰਥਿਕ ਮਦਦ ਕੀਤੀ।

ਅਸੀਂ ਇਹਨਾਂ ਸਾਰਿਆਂ ਪਰਿਵਾਰਾਂ ਨਾਲ ਸੰਪਰਕ ਵਿਚ ਰਹਿੰਦੇ ਸੀ ਅਤੇ ਇਹਨਾਂ ਦੇ ਦੁੱਖ ਸੁੱਖ ਵਿਚ ਪਹੁੰਚਦੇ ਸੀ। ਹਰਿੰਦਰ ਸਿੰਘ ਸ਼ੇਖੋਂ ਦੇ ਸਹੁਰੇ ਦਾ ਵੀ ਬਹੁਤ ਵੱਡਾ ਪਰਿਵਾਰ ਸੀ। ਜਿਹਨਾਂ ਦੇ ਪ੍ਰੋਗਰਾਮਾਂ ਤੇ ਅਸੀਂ ਮੈਡੀਸਨ ਜਾਂਦੇ ਸੀ ਅਤੇ ਆਪਣੇ ਕੋਲ ਵੀ ਬੁਲਾਉਂਦੇ ਸੀ।

ਅਖ਼ੀਰ ਵਿਚ ਮੈਂ ਇਹੀ ਕਹਾਂਗਾ ਕਿ ਜਦੋਂ ਅਸੀਂ ਅਮਰੀਕਾ ਵਿਚ ਰਹਿੰਦੇ ਹਾਂ ਤਾਂ ਸਾਨੂੰ ਅਮਰਕੀਨ ਲੋਕਾਂ ਦੀ ਸਭਿਅਤਾ ਤੇ ਕਦਰਾਂ ਕੀਮਤਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਾਡੇ ਵਿਆਹਾਂ ਦਾ ਆਪਣਾ ਸਿਸਟਮ ਹੈ। ਸਾਨੂੰ ਕਦੇ ਵੀ ਉਹਨਾਂ ਦੇ ਡੇਟ ਜਾਂ ਲਿਵਿੰਗ ਰਿਲੇਸ਼ਨਸਿਪ ਬਾਰੇ ਮਜ਼ਾਕ ਨਹੀਂ ਕਰਨਾ ਚਾਹੀਦਾ। ਮੇਰੇ ਦੋਵੇਂ ਲੜਕੇ ਕਦੇ ਕਿਸੇ ਕੁੜੀ ਨਾਲ ਡੇਟ ਤੇ ਨਹੀਂ ਗਏ। ਪਰ ਉਹ ਤਾਂ ਸਾਡੇ ਆਪਣੇ ਪਰਿਵਾਰ ਦਾ ਆਪਣਾ ਸਭਿਆਚਾਰ ਅਤੇ ਅਨੁਸ਼ਾਸਨ ਹੈ। ਪਰ ਜਦੋਂ ਅਸੀਂ ਅਮਰੀਕਾ ਵਿਚ ਰਹਿੰਦੇ ਹਾਂ ਤਾਂ ਸਾਨੂੰ ਇਹੋ ਜਿਹੀਆਂ ਡੇਟਾਂ ਜਾਂ ਲਿਵਿੰਗ ਰਿਲੇਸ਼ਨਸ਼ਿਪ ਤੋਂ ਨਫ਼ਰਤ ਨਹੀਂ ਕਰਨੀ ਚਾਹੀਦੀ। ਸਾਡੇ ਅਠਾਰਾਂ ਵਰ੍ਹਿਆਂ ਦੇ ਅਮਰੀਕੀ ਜੀਵਨ ਵਿਚ ਸਾਨੂੰ ਕਦੇ ਵੀ ਕਿਸੇ ਅਮਰੀਕਨ ਨੇ ਕੋਈ ਪ੍ਰੇਸ਼ਾਨੀ ਨਹੀਂ ਦਿੱਤੀ, ਇਸ ਦੇ ਉਲਟ ਮੈਨੂੰ ਉਹਨਾਂ ਦੇ ਖੁੱਲ੍ਹੇ ਵਿਚਾਰਾਂ ਦਾ ਪਿਆਰ ਤੇ ਸਤਿਕਾਰ ਹੈ।

# ਉਨ੍ਹਾਂ ਅਠ੍ਹਾਰਾਂ ਵਰ੍ਹਿਆਂ ਦੀਆਂ ਕੁਝ ਕਹਾਣੀਆਂ

**1. ਸ਼ਹਿਰ ਵਿਚ ਭੂਤ:-** ਮਈ 1994 ਵਿਚ ਅਸੀਂ ਸਟਾਊਟਨ ਸ਼ਹਿਰ ਦੇ ਇੱਕ ਕਮਰੇ ਵਾਲੇ ਅਪਾਰਟਮੈਂਟ ਵਿਚ ਤਿੰਨ ਸੌ ਡਾਲਰ ਮਹੀਨਾ ਕਿਰਾਏ 'ਤੇ ਰਹਿੰਦੇ ਸੀ। ਸਟਾਊਟਨ ਉਹ ਸ਼ਹਿਰ ਹੈ ਜਿਥੇ ਅਸੀਂ ਪਹਿਲਾ ਕਾਰੋਬਾਰ ਕੀਤਾ। ਸਟਾਊਟਨ ਜਾਣ ਸਾਰ ਅਪ੍ਰੈਲ 1994 ਵਿਚ ਅਸੀਂ ਇਕ ਮਹੀਨਾ ਇਕ ਮੋਟਲ ਵਿਚ ਰਹੇ। ਕਿਸੇ ਗੋਰੇ ਦੇ ਕਹਿਣ ਤੇ ਅਸੀਂ ਇਹ ਅਪਾਰਟਮੈਂਟ ਕਿਰਾਏ ਤੇ ਲਿਆ ਸੀ। ਗਰਮੀ ਦਾ ਦਿਨ ਸੀ, ਮੇਰਾ ਵੱਡਾ ਪੁਤਰ ਗੁਰਮੀਤ ਗੈਸ ਸਟੇਸ਼ਨ ਤੇ ਕੰਮ ਕਰ ਰਿਹਾ ਸੀ। ਖਾਣੇ ਦਾ ਸਮਾਂ ਸੀ। ਮੈਂ, ਮੇਰੀ ਪਤਨੀ ਤੇ ਛੋਟਾ ਪੁਤਰ ਗੁਰਜੀਤ ਖਾਣਾ ਖਾਣ ਲਈ ਤਿਆਰ ਸੀ। ਇੰਨੇ ਵਿਚ ਅਸੀਂ, ਇਕ ਲੜਕੀ ਦੀ ਦੁੱਖ ਭਰੀ ਆਵਾਜ਼ ਸੁਣੀ, "Please open the door." ਮੈਂ ਦਰਵਾਜ਼ਾ ਖੋਲ੍ਹਿਆ ਅਤੇ ਦੇਖਿਆ ਕਿ ਬਾਹਰ ਕੋਈ ਵੀ ਨਹੀਂ ਸੀ। ਹਾਲੇ ਅਸੀਂ ਬੈਠੇ ਹੀ ਸੀ ਕਿ ਉਹੀ ਆਵਾਜ਼ ਫਿਰ ਆਈ, ਰਬਕਅ ਵੀਕ ਦਰਰਗ। ਮੈਂ ਫਿਰ ਦੇਖਿਆ ਉਥੇ ਕੋਈ ਵੀ ਨਹੀਂ ਸੀ। ਜਦੋਂ ਦਰਵਾਜ਼ਾ ਬੰਦ ਕਰਕੇ ਅਸੀਂ ਫਰਾਟਾ ਪੱਖਾ ਚਲਾਇਆ ਤਾਂ ਇਸ ਵਾਰ ਉਹ ਆਵਾਜ਼ ਇਸ ਪੱਖੇ ਵਿਚੋਂ ਆਉਣ ਲੱਗ ਪਈ। ਇਸ ਨਾਲ ਮੇਰਾ ਛੋਟਾ ਲੜਕਾ ਗੁਰਜੀਤ ਸਹਿਮ ਗਿਆ। ਉਸ ਦੇ ਚਿਹਰੇ ਦਾ ਰੰਗ ਪੀਲਾ ਹੋ ਗਿਆ। ਮੈਂ ਆਪਣਾ ਹੱਥ ਗੁਰਜੀਤ ਦੀ ਪਿੱਠ ਤੇ ਰੱਖਿਆ ਤੇ ਉਸ ਨੂੰ ਸ਼ਾਂਤ ਹੋਣ ਲਈ ਕਿਹਾ। ਮੈਂ ਰੂਹ ਨੂੰ ਇਸ ਪ੍ਰਕਾਰ ਅੰਗਰੇਜ਼ੀ ਵਿੱਚ ਸੰਬੋਧਨ ਕੀਤਾ," ਪਿਆਰੀ ਰੂਹ, ਅਸੀਂ ਭਾਰਤ ਤੋਂ ਇਥੇ ਬੱਚਿਆਂ ਨੂੰ ਪੜਾਉਣ ਲਈ ਆਏ ਹਾਂ। ਸਾਡੇ ਕੋਲ ਜੋ ਜ਼ਮੀਨ ਜਾਇਦਾਦ ਸੀ ਅਸੀਂ ਸਭ ਵੇਚ ਕੇ ਬੱਚਿਆਂ ਦੀ ਪੜ੍ਹਾਈ ਤੇ ਲਾ ਰਹੇ ਹਾਂ। ਕਿਰਪਾ ਕਰਕੇ ਮੇਰੇ ਲੜਕੇ ਨੂੰ ਨਾ ਡਰਾਓ। ਅਸੀਂ ਕਿਰਾਏ ਦੇ ਮਕਾਨ ਤੇ ਹਾਂ, ਅਸੀਂ ਕਿਸੇ ਹੋਰ ਥਾਂ ਤੇ ਚਲੇ ਜਾਵਾਂਗੇ।" ਮੇਰੀ ਪਤਨੀ ਜਸਮਿੰਦਰ ਕੌਰ ਨੇ ਵੀ ਮੈਨੂੰ ਦੱਸਿਆ ਕਿ ਰੂਹ ਨੇ ਉਹਨਾਂ ਦੇ ਮੋਢਿਆਂ ਨੂੰ ਹਿਲਾਇਆ ਸੀ। ਮੇਰੀ ਪਤਨੀ ਨੇ ਮੰਜਾ ਖੱਬੇ ਸੱਜੇ ਕਰ ਲਿਆ ਸੀ। ਉਸ ਨੇ ਰੂਹ ਨੂੰ ਬੇਨਤੀ ਕੀਤੀ ਕਿ ਸਾਨੂੰ ਵਪਾਰ ਤੇ ਮਦਦ ਕਰੇ ਅਤੇ ਬੱਚਿਆਂ ਨੂੰ ਤਕਲੀਫ਼ ਨਾ ਦੇਵੇ। ਮੇਰਾ ਨਿੱਜੀ ਤਜਰਬਾ ਇਹ ਹੈ ਕਿ ਰੱਬ ਤੋਂ ਵੱਡਾ ਕੁਝ ਵੀ ਨਹੀਂ ਹੈ ਜੇ ਤੁਸੀਂ ਰੱਬ ਨੂੰ ਅਰਦਾਸ ਕਰਦੇ ਹੋ ਤਾਂ ਤੁਹਾਡਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।

**2. ਜ਼ਿਆਦਾ ਭਲਾ ਕਰਨਾ ਕਈ ਵਾਰ ਸੂਤ ਨਹੀਂ ਬੈਠਦਾ:-** ਸਟਾਊਟਨ ਵਿਖੇ ਅਸੀਂ ਨਵੇਂ ਵਪਾਰੀ ਸੀ, ਮੈਂ ਵੱਡੀ ਉਮਰ ਦੇ ਲੋਕਾਂ ਨੂੰ ਖੁਸ਼ ਕਰਨ ਲਈ, ਉਹਨਾਂ ਦਾ

ਦੁੱਧ ਆਦਿ ਚੁੱਕ ਕੇ ਉਹਨਾਂ ਦੀ ਗੱਡੀ ਵਿਚ ਰੱਖ ਦਿੰਦਾ ਸੀ। ਇੱਕ ਵਾਰ ਇੰਝ ਹੋਇਆ ਕਿ ਇੱਕ ਬਜੁਰਗ ਗਾਹਕ ਨਵੀਂ ਕੈਡਲਕ ਗੱਡੀ ਵਿਚ ਆਇਆ। ਉਸ ਦੀ ਡਿੱਗੀ ਰਿਮੋਟ ਦੀ ਮਦਦ ਨਾਲ ਖੁੱਲ੍ਹਦੀ ਤੇ ਬੰਦ ਹੁੰਦੀ ਸੀ। ਮੈਨੂੰ ਇਸ ਬਾਰੇ ਪਤਾ ਨਹੀਂ ਸੀ। ਮੈਂ ਡਿੱਗੀ ਖੋਲ੍ਹੀ ਤੇ ਦੁੱਧ ਰੱਖ ਕੇ ਡਿੱਗੀ ਜ਼ੋਰ ਨਾਲ ਬੰਦ ਕਰ ਦਿੱਤੀ। ਮਾਲਕ ਮੇਰੇ ਤੇ ਬਹੁਤ ਗੁੱਸੇ ਹੋਇਆ। ਉਸ ਨੇ ਕਿਹਾ,“ ਤੁਸੀਂ ਆਪਣਾ ਸੋਸ਼ਲ ਸਿਕਿਓਰਟੀ ਨੰਬਰ ਦਿਓ। ਜੋ ਵੀ ਮੇਰਾ ਨੁਕਸਾਨ ਹੋਇਆ ਹੈ ਮੈਂ ਤੁਹਾਡੇ ਤੋਂ ਕਲੇਮ ਕਰਾਂਗਾ।” ਮੈਂ ਡਰ ਗਿਆ। ਬਾਅਦ ਵਿਚ ਪਤਾ ਲੱਗਿਆ ਕਿ ਕਾਰ ਨੂੰ ਕੋਈ ਨੁਕਸਾਨ ਨਹੀਂ ਸੀ ਹੋਇਆ। ਸਬਕ ਇਹ ਸਿਖਿਆ ਕਿ ਕਦੇ ਕਿਸੇ ਦੀ ਜਾਇਦਾਦ ਜਾਂ ਮਸ਼ੀਨਰੀ ਨਾਲ ਧੱਕਾ ਕਰਨ ਦੀ ਕੋਸ਼ਿਸ਼ ਨਾ ਕਰੋ।

**3. ਸਟਾਕ ਠੀਕ ਰੱਖਣਾ:–** ਸਟਾਊਟਨ ਵਿਖੇ ਇੱਕ ਗੋਰਾ ਗਾਹਕ ਅੰਡੇ ਲੱਭ ਰਿਹਾ ਸੀ। ਸਾਡੇ ਵਾਕਿੰਗ ਕੂਲਰ ਵਿਚ ਦੁੱਧ ਕੋਲ ਇਕ ਦਰਜਨ ਅੰਡਿਆਂ ਦੀ ਟ੍ਰੇ ਪਈ ਸੀ। ਉਸ ਨੇ ਇੱਕ ਦਰਜਨ ਅੰਡਿਆਂ ਦੀ ਟ੍ਰੇ ਲਿਆ ਕੇ ਕੈਸ਼ ਰਜਿਸਟਰ ਕੋਲ ਮੇਰੇ ਸਾਹਮਣੇ ਰੱਖ ਦਿਤੀ। ਉਸ ਨੇ ਮੈਨੂੰ ਪੁੱਛਿਆ ਕਿ ਸਾਡੇ ਸਟੋਰ ਵਿੱਚ ਹੋਰ ਅੰਡੇ ਵੀ ਹਨ? ਮੈਂ ਪੁਛਿਆ ਕਿ ਕੀ ਉਸ ਨੂੰ ਵੱਧ ਅੰਡੇ ਚਾਹੀਦੇ ਹਨ? ਇਸ ਗੱਲ ਤੇ ਗੋਰੇ ਨੇ ਕਿਹਾ ਕਿ ਉਸ ਨੂੰ ਸਿਰਫ਼ ਇਕ ਦਰਜਨ ਅੰਡੇ ਹੀ ਚਾਹੀਦੇ ਹਨ। ਉਸ ਨੇ ਉਹ ਦਰਜਨ ਅੰਡੇ ਵੀ ਵਾਪਸ ਰੱਖ ਦਿੱਤੇ। ਅਸੀਂ ਸਬਕ ਇਹ ਸਿਖਿਆ ਕਿ ਸਟਾਕ ਹਮੇਸ਼ਾ ਵਾਧੂ ਹੋਣਾ ਚਾਹੀਦਾ ਹੈ। ਘੱਟ ਸਟਾਕ ਦੇ ਨਾਲ ਗਾਹਕ ਸਮਝਦਾ ਹੈ ਕਿ ਇਹ ਅੰਡੇ ਪੁਰਾਣੇ ਹਨ।

**4. ਚੌਕਸੀ–:** ਮੈਡੀਸਨ ਵਿਖੇ ਇਕ ਗੋਰਾ ਗਾਹਕ ਸਾਡੇ ਸਟੋਰ ਵਿਚ ਕਾਫ਼ੀ ਦੇਰ ਰਹਿੰਦਾ ਸੀ। ਉਹ ਸਮੋਸੇ ਖ਼ਰੀਦਦਾ ਸੀ ਅਤੇ ਗਰਮ ਕਰਕੇ ਖਾਂਦਾ ਰਹਿੰਦਾ ਸੀ। ਅਸੀਂ ਸਮੋਸੇ ਨਹੀਂ ਬਣਾਉਂਦੇ ਸੀ ਪਰ ਮੈਡੀਸਨ ਤੋਂ ਹੀ ਇਕ ਇੰਡੀਅਨ ਸਟੋਰ ਤੋਂ ਲੈ ਕੇ ਆਉਂਦੇ ਤੇ ਵੇਚਦੇ ਸੀ। ਰੋਜ਼ਾਨਾ ਇਹ ਵਿਅਕਤੀ ਸਾਡੇ ਕੋਲ ਆਉਂਦਾ ਇੱਕ ਜਾਂ ਦੋ ਸਮੋਸੇ ਖਾਂਦਾ ਤੇ ਗੱਲਾਂ ਕਰਦਾ ਰਹਿੰਦਾ ਸੀ। ਇਕ ਦਿਨ ਉਸ ਨੇ ਕਿਹਾ ਕਿ ਆਪਾਂ ਕੁਝ ਬੰਦੇ ਲਿਆਉਣ ਦਾ ਵਪਾਰ ਕਰਦੇ ਹਾਂ। ਉਸ ਨੇ ਸਾਨੂੰ ਇਹ ਵੀ ਕਿਹਾ ਕਿ ਭਾਰਤ ਵਿਚ ਸਾਡੇ ਕਾਫ਼ੀ ਲਿੰਕ ਹੋਣਗੇ। ਉਹ ਸਾਡੀ ਆਰਥਿਕ ਹਾਲਤ ਜਾਨਣਾ ਚਾਹੁੰਦਾ ਸੀ। ਉਹ ਸਮਝਦਾ ਸੀ ਕਿ ਅਸੀਂ ਭਾਰਤ ਤੋਂ ਸੀ.ਆਈ.ਏ ਵਰਗੀ ਏਜੰਸੀ ਵੱਲੋਂ ਆਏ ਹਾਂ। ਉਸ ਨੇ ਸਾਨੂੰ ਭਾਰਤ ਦਾ ਏਜੰਟ ਸਮਝਿਆ ਜੋ ਕਿ ਅਮਰੀਕਾ ਦੀਆਂ ਭਾਰਤ ਨੂੰ ਰਿਪੋਰਟਾਂ ਭੇਜਦੇ ਹੋਵਾਂਗੇ। ਛੋਟੇ ਸਟੋਰ ਤੇ ਕੰਮ ਕਰਦੇ ਹੋਏ ਸਾਡੀ ਦਿਖ ਸਟੋਰ ਦੇ ਮਾਲਕ ਨਾਲੋਂ ਜ਼ਿਆਦਾ ਚੰਗੀ ਸੀ। ਅਸੀਂ ਇਹ ਸਿੱਖਿਆ ਕਿ ਹਮੇਸ਼ਾ ਚੌਕੰਨੇ ਰਹੋ ਅਤੇ ਫਾਲਤੂ ਗੱਲਾਂ ਨਾ ਕਰੋ।

**5. ਸਿੱਖ ਸਿਪਾਹੀ ਦਾ ਸੁਪਨੇ ਵਿਚ ਦਿੱਖਣਾ:–** ਮੈਡੀਸਨ ਵਿਖੇ ਇਕ ਬਜ਼ੁਰਗ ਜੋ 70 ਕੁ ਸਾਲ ਦਾ ਲੱਗਦਾ ਸੀ ਜੋ ਕਿ ਛੋਟੇ ਜਿਹੇ ਬੱਚੇ ਨਾਲ ਸਟੋਰ ਵਿਚ ਆਇਆ

ਸੀ। ਬਜ਼ੁਰਗ ਬੱਚੇ ਨੂੰ ਕੁਝ ਸਮਝਾ ਰਿਹਾ ਸੀ, ਤੇ ਆਪਣੀ ਉਂਗਲ ਮੇਰੇ ਵੱਲ ਕਰ ਰਿਹਾ ਸੀ। ਅਜਿਹਾ ਦੇਖ ਕੇ ਮੈਂ ਉਹਨਾਂ ਦੇ ਨੇੜੇ ਗਿਆ ਤੇ ਕਿਹਾ ਕਿ ਮੈ ਉਹਨਾਂ ਦੀ ਕੋਈ ਮਦਦ ਕਰ ਸਕਦਾ ਹਾਂ? ਬਜ਼ੁਰਗ ਨੇ ਆਪਣੇ ਬਾਰੇ ਦੱਸਿਆ ਕਿ ਉਹ ਜਾਪਾਨ ਨੇਵੀ ਵਿਚੋਂ ਐਡਮਿਰਲ ਰਿਟਾਇਰ ਹੋਇਆ ਹੈ। ਉਸ ਨੇ ਮੈਨੂੰ ਪੁਛਿਆ ਕਿ ਮੇਰਾ ਜਨਮ ਕਿਹੜੇ ਸੰਨ ਦਾ ਹੈ। ਮੈਂ ਕਿਹਾ ਕਿ 1942 ਦਾ। ਇਸ ਗੱਲ ਤੇ ਉਸ ਨੇ ਆਪਣਾ ਸਨਾਖਤੀ ਕਾਰਡ ਕੱਢਿਆ, ਜਿਸ ਤੇ ਲਿਖਿਆ ਸੀ ਕਿ ਉਹ 1942 ਵਿਚ ਕਮਿਸ਼ੰਡ ਹੋਇਆ ਸੀ। ਉਹ ਕਹਿਣ ਲੱਗਾ ਕਿ ਮੈਂ ਇਕ ਸੱਚੀ ਗੱਲ ਦੱਸਣੀ ਚਾਹੁੰਦਾ ਹਾਂ। ਦੂਜੀ ਸੰਸਾਰ ਯੁੱਧ ਵਿਚ ਜਾਪਾਨ ਨੂੰ ਆਲੇ-ਦੁਆਲੇ ਅੰਗਰੇਜ਼ੀ ਫੌਜਾਂ ਨੇ ਘੇਰਿਆ ਹੋਇਆ ਸੀ। ਅੰਗਰੇਜ਼ਾਂ ਨੂੰ ਸਿਖ ਰੈਜੀਮੈਂਟ ਤੇ ਸਭ ਤੋਂ ਵੱਧ ਮਾਣ ਸੀ। " ਮੈਨੂੰ ਸੁਪਨੇ ਵਿਚ ਇੱਕ ਲੰਬਾ ਸਿੱਖ ਦਿਸਦਾ ਸੀ ਜਿਸ ਦੇ ਹੱਥ ਵਿਚ **ਬੈ**ਨੱਟ ਫੜਿਆ ਹੁੰਦਾ ਸੀ ਅਤੇ ਮੇਰੇ ਘਰ ਨੂੰ ਘੇਰਿਆ ਹੁੰਦਾ ਸੀ। ਲੋਕ ਸਮਝਦੇ ਹਨ ਕਿ ਅਸੀਂ ਜਾਪਾਨੀ ਬਹੁਤ ਬਹਾਦਰ ਹੁੰਦੇ ਹਾਂ ਪਰ ਮੇਰੇ ਅਨੁਸਾਰ ਜਦੋਂ ਵੀ ਯੁੱਧ ਜਾਂ ਬਹਾਦਰੀ ਦੀ ਗੱਲ ਆਉਂਦੀ ਹੈ ਤਾਂ ਸਿੱਖਾਂ ਜਿਹਾ ਕੋਈ ਵੀ ਨਹੀਂ।"

**6. ਪੰਜਾਹ ਡਾਲਰ ਦਾ ਨਕਲੀ ਨੋਟ:-** ਮੈਂ ਜਾਂ ਗੁਰਮੀਤ ਤਕਰੀਬਨ ਰੋਜ਼ਾਨਾ ਬੈਂਕ ਵਿਚ ਪੈਸੇ ਜਮ੍ਹਾਂ ਕਰਵਾਉਂਦੇ ਸੀ। ਇਕ ਵਾਰ ਮੇਰਾ ਲੜਕਾ ਗੁਰਮੀਤ ਸਿੰਘ ਬੈਂਕ ਵਿਚ ਪੈਸੇ ਜਮ੍ਹਾਂ ਕਰਵਾਉਣ ਗਿਆ ਤਾਂ ਉਸ ਨੂੰ ਪਤਾ ਹੀ ਨਹੀਂ ਚੱਲਿਆ ਕਿ ਬੈਂਕ ਵਾਲਿਆਂ ਨੇ ਕਦੋਂ ਪੁਲਿਸ ਬੁਲਾ ਲਈ। ਪੁਲਿਸ ਨੇ ਉਸ ਤੋਂ ਪੁੱਛਣਾ ਸ਼ੁਰੂ ਕੀਤਾ ਕਿ ਉਸ ਕੋਲ ਇਹ ਨੋਟ ਕਿਥੋਂ ਆਇਆ ਹੈ। ਇਹ ਦੱਸਣ ਤੇ ਉਹਨਾਂ ਦੇ ਵਪਾਰ ਤੇ ਸੈਂਕੜੇ ਹੀ ਗਾਹਕ ਆਉਂਦੇ ਹਨ, ਇਸ ਲਈ ਇਹ ਦੱਸਣਾ ਮੁਸ਼ਕਿਲ ਹੈ ਕਿ ਇਹ ਨੋਟ ਕਿਥੋਂ ਆਇਆ ਹੈ, ਪੁਲਿਸ ਦੀ ਤਸੱਲੀ ਹੋ ਗਈ। ਇਸ ਗੱਲ ਤੋਂ ਸਮਝਣਾ ਜ਼ਰੂਰੀ ਹੈ ਕਿ ਬੈਂਕ ਨੇ ਛੋਟੀ ਜਿਹੀ ਗੱਲ ਵੀ ਕਿੰਨੀ ਸੰਜੀਦਗੀ ਨਾਲ ਲਈ ਤੇ ਪੁਲਿਸ ਬੁਲਾ ਲਈ। ਚਾਹੇ ਕੋਈ ਗਲਤੀ ਨਹੀਂ ਲੱਭੀ ਫਿਰ ਵੀ ਬੈਂਕ ਤੇ ਪੁਲਿਸ ਦੇ ਕੰਮ ਕਰਨ ਦੀ ਗਤੀ ਦੀ ਤਾਰੀਫ਼ ਕਰਨੀ ਬਣਦੀ ਹੈ।

**7. ਅਮੀਰ ਕੌਣ ਹੈ:-** ਮੈਡੀਸਨ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨਾਲ ਮੇਰਾ ਕਾਫ਼ੀ ਦੋਸਤਾਨਾ ਜਿਹਾ ਹੋ ਗਿਆ। ਮੇਰੇ ਦੋਵੇਂ ਪੁਤਰ ਯੂਨੀਵਰਸਿਟੀ ਪੜ੍ਹਦੇ ਸਨ। ਉਸ ਪ੍ਰੋਫੈਸਰ ਨੂੰ ਇਹ ਵੀ ਪਤਾ ਸੀ ਕਿ ਮੇਰੀਆਂ ਤਿੰਨੋਂ ਨੌਕਰੀਆਂ ਵਿਚੋਂ ਇੱਕ ਨੌਕਰੀ ਪ੍ਰੋਫੈਸਰ ਦੀ ਵੀ ਸੀ। ਇਕ ਦਿਨ ਉਹ ਮੈਨੂੰ ਪੁੱਛਣ ਲੱਗਾ, " ਕੈਪਟਨ ਸਾਹਿਬ ਤੁਸੀਂ ਭਾਰਤ ਵਿਚ ਵੀ ਸੀ ਤੇ ਹੁਣ ਅਮਰੀਕਾ ਵਿਚ ਰਹਿੰਦੇ ਹੋ ਅਤੇ ਤੁਸੀਂ ਪੜ੍ਹੇ ਲਿਖੇ ਵੀ ਹੋ। ਮੈਨੂੰ ਇਹ ਦੱਸੋਂ ਕਿ ਭਾਰਤ ਤੇ ਅਮਰੀਕਾ ਵਿਚੋਂ ਅਮੀਰ ਕੌਣ ਹੈ।" ਮੈਂ ਪ੍ਰੋਫੈਸਰ ਨੂੰ ਕਿਹਾ ਮੇਰਾ ਜਵਾਬ, ਸਵਾਲ ਦੇ ਰੂਪ ਵਿਚ ਹੀ ਹੋਏਗਾ ਅਤੇ ਤੁਹਾਨੂੰ ਜਵਾਬ ਦੇਣਾ ਪਵੇਗਾ। ਇਸ ਦੇ ਜਵਾਬ ਵਿਚੋਂ ਹੀ ਤੁਹਾਡੇ ਸਵਾਲ ਦਾ ਜਵਾਬ ਮਿਲ ਜਾਵੇਗਾ। ਮੈਂ ਉਸ ਨੂੰ ਸਾਡੇ ਘਰ ਦੀ ਕਹਾਣੀ ਦੱਸੀ, ਜਿਥੇ ਮੈਂ ਤੋਪਖਾਨਾ ਗੇਟ ਕੋਲ

ਮਾਤਾ-ਪਿਤਾ ਦੇ ਬਣਾਏ ਮਕਾਨ ਵਿਚ ਵੱਡਾ ਹੋਇਆ। ਉਸ ਘਰ ਦੇ ਬਿਲਕੁਲ ਸਾਹਮਣੇ ਕੁਝ ਸਰਕਾਰੀ ਜ਼ਮੀਨ ਪਈ ਸੀ। ਭਾਰਤ ਦੀ ਵੰਡ ਤੋਂ ਬਾਅਦ 1947 ਵਿਚ ਸਰਕਾਰ ਨੇ ਕੁਝ ਕੁਆਟਰ ਬਣਾ ਦਿਤੇ, ਜੋ ਸਰਨਾਰਥੀ ਪਰਿਵਾਰਾਂ ਨੂੰ ਅਲਾਟ ਕੀਤੇ ਗਏ ਸਨ। ਸਾਡੇ ਘਰ ਦੇ ਬਿਲਕੁਲ ਸਾਹਮਣੇ ਇਕ ਰਿਕਸ਼ਾ ਚਾਲਕ ਰਹਿੰਦਾ ਸੀ। ਉਹ ਰਿਕਸ਼ਾ ਚਾਲਕ 30 ਕੁ ਸਾਲ ਦਾ ਸੀ। ਉਸ ਦੇ ਮਾਂ ਬਾਪ ਜੋ 60 ਕੁ ਸਾਲਾਂ ਦੇ ਸਨ, ਉਹ ਵੀ ਉਸ ਦੇ ਨਾਲ ਹੀ ਰਹਿੰਦੇ ਸਨ। ਉਸ ਦੀ ਪਤਨੀ ਤੇ ਇਕ ਬੱਚਾ ਵੀ ਸੀ। ਮੈਂ ਪ੍ਰੋਫੈਸਰ ਨੂੰ ਦੱਸਿਆ ਕਿ ਕਈ ਵਾਰ ਰਿਕਸ਼ਾ ਚਾਲਕਾਂ ਕੋਲ ਆਪਣੀ ਰਿਕਸ਼ਾ ਵੀ ਨਹੀਂ ਹੁੰਦੀ ਤੇ ਉਹ ਰਿਕਸ਼ਾ ਵੀ ਕਿਰਾਏ ਤੇ ਲੈ ਕੇ ਚਲਾਉਂਦੇ ਹਨ।ਮੈਂ ਰੋਜ਼ਾਨਾ ਉਸ ਨੂੰ ਦੇਖਦਾ ਸੀ ਕਿ ਉਹ ਰਿਕਸ਼ਾ ਚਾਲਕ ਸ਼ਾਮ ਦੇ ਖਾਣੇ ਲਈ ਕੁਝ ਲੱਕੜਾਂ ਅਤੇ ਸੌਦਾ ਆਦਿ ਲੈ ਕੇ ਆਉਂਦਾ ਸੀ। ਉਹ ਸ਼ਾਮ ਨੂੰ 7.30 ਵਜੇ ਖਾਣਾ ਬਣਾ ਲੈਂਦੇ ਸੀ। ਰਿਕਸ਼ਾ ਚਾਲਕ ਪਹਿਲਾਂ ਆਪਣੇ ਮਾਤਾ ਪਿਤਾ ਨੂੰ ਖਾਣਾ ਦਿੰਦਾ ਸੀ। ਫਿਰ ਆਪਣੇ ਬੱਚੇ ਤੇ ਪਤਨੀ ਨੂੰ ਅਤੇ ਅਖੀਰ ਵਿਚ ਆਪ ਖਾਂਦਾ ਸੀ। ਹਰੇਕ ਇਨਸਾਨ ਭਾਰਤ ਨੂੰ ਗਰੀਬ ਦੇਸ਼ ਸਮਝਦਾ ਹੈ।

ਜਦੋਂ ਮੇਰੇ ਪਿਤਾ ਜੀ ਦਾ 1990 ਵਿਚ ਪਟਿਆਲੇ ਵਿਖੇ ਦਿਹਾਂਤ ਹੋਇਆ, ਮੇਰੇ ਤਿੰਨੋਂ ਭਰਾ ਜੋ ਅਮਰੀਕਾ ਰਹਿੰਦੇ ਸੀ, ਮਾਤਾ ਜੀ ਨੂੰ ਲੈ ਕੇ ਅਮਰੀਕਾ ਚਲੇ ਗਏ। ਉਸ ਵੇਲੇ ਮੇਰੇ ਮਾਤਾ ਜੀ 74 ਸਾਲ ਦੇ ਸਨ, ਅਤੇ ਪਿਛਲੇ ਚਾਰ ਸਾਲ ਤੋਂ ਪਾਰਕਿਨਸਨ ਬਿਮਾਰੀ ਨਾਲ ਜੂਝ ਰਹੇ ਸਨ। ਉਹ ਸਮਝਦੇ ਸਨ ਕਿ ਸਾਡੇ ਪਿਤਾ ਜੀ ਤੇ ਉਸ ਤੋਂ ਪਹਿਲਾਂ ਸਾਡੇ ਵੱਡੇ ਭਰਾ ਜੋ 1988 ਵਿਚ ਸੁਰਗਵਾਸ ਹੋ ਗਿਆ ਸੀ, ਦੀ ਮੈਂ ਸੇਵਾ ਕੀਤੀ। ਤਿੰਨੋਂ ਕਹਿਣ ਲੱਗੇ,"ਮਾਤਾ ਜੀ ਦੀ ਸੇਵਾ ਹੁਣ ਅਸੀਂ ਕਰਾਂਗੇ।" ਕੁਝ ਦਿਨਾਂ ਬਾਅਦ ਪਿਤਾ ਜੀ ਦੀਆਂ ਸਾਰੀਆਂ ਰਸਮਾਂ ਪੂਰੀਆਂ ਕਰਕੇ ਮੇਰੇ ਤਿੰਨੇ ਭਰਾ ਮਾਤਾ ਜੀ ਨੂੰ ਲੈ ਕੇ ਅਮਰੀਕਾ ਚਲੇ ਗਏ ਅਤੇ ਉਥੇ ਉਹਨਾਂ ਦਾ ਇਲਾਜ ਸ਼ੁਰੂ ਕਰਵਾ ਦਿੱਤਾ।

1992 ਵਿਚ ਮੇਰੇ ਮਾਤਾ ਜੀ ਅਮਰੀਕਾ ਵਿਚ ਕਾਫ਼ੀ ਬਿਮਾਰ ਹੋ ਗਏ ਅਤੇ ਉਹਨਾਂ ਨੂੰ ਸਿਰਫ਼ ਸਾਹ ਹੀ ਆਉਂਦਾ ਸੀ। ਮੇਰੀਆਂ ਤਿੰਨੇ ਭਰਜਾਈਆਂ ਹੀ ਉਹਨਾਂ ਨੂੰ ਦੇਖਣ ਲਈ ਹਸਪਤਾਲ ਜਾਂਦੀਆਂ ਸਨ। ਉਹ ਤਕਰੀਬਨ ਵੈਜੀਟੇਬਲ ਸਟੇਜ ਵਿਚ ਪਹੁੰਚ ਗਏ ਸਨ। ਉਥੇ ਦੇ ਇਕ ਗੋਰੇ ਡਾਕਟਰ ਨੇ ਮੇਰੀ ਇੱਕ ਭਰਜਾਈ ਨੂੰ ਕਿਹਾ," ਇਹੋ ਜਿਹੇ ਜੀਵਨ ਦਾ ਕੀ ਲਾਭ ਹੈ। ਜੇ ਤੁਸੀਂ ਚਾਹੋਂ ਤਾਂ ਮੈਂ ਇਹਨਾਂ ਦੀਆਂ ਪਾਈਪਾਂ ਕੱਢ ਦਿੰਦਾਂ ਹਾਂ ਤੇ ਇਸ ਨਾਲ ਇਹਨਾਂ ਦਾ ਸਰੀਰ ਸ਼ਾਂਤ ਹੋ ਜਾਵੇਗਾ।" ਇਸ ਤੇ ਮੇਰੀਆਂ ਭਰਜਾਈਆਂ ਨੇ ਕਿਹਾ ਕਿ ਉਹ ਇਹ ਫ਼ੈਸਲਾ ਨਹੀਂ ਲੈ ਸਕਦੇ, ਕਿਉਂਕਿ ਇਹਨਾਂ ਦੇ 3 ਲੜਕੇ ਇਥੇ ਹੀ ਰਹਿੰਦੇ ਹਨ, (ਉਸ ਸਮੇਂ ਮੈਂ ਤੇ ਮੇਰਾ ਪਰਿਵਾਰ ਅਮਰੀਕਾ ਨਹੀਂ ਸੀ ਗਿਆ)। ਜਦੋਂ ਇਹ ਗੱਲ ਮੇਰੇ ਭਰਾਵਾਂ ਕੋਲ ਪੁੱਜੀ ਤਾਂ, ਮੇਰੇ ਅਮਰੀਕਾ ਰਹਿੰਦੇ ਤਿੰਨ ਭਰਾਵਾਂ ਵਿਚੋਂ ਸਭ ਤੋਂ ਵੱਡਾ ਜਗਜੀਤ ਸੀ। ਉਸ ਨੇ ਭਰਾਵਾਂ

ਤੇ ਭਰਜਾਈਆਂ ਨੂੰ ਸੰਬੋਧਨ ਕਰਦਿਆਂ ਕਿਹਾ,“ ਕੀ ਇਸ ਲਈ ਹੀ ਮਾਤਾ ਨੇ ਸਾਨੂੰ ਜਨਮ ਦਿੱਤਾ ਸੀ।” ਇਸ ਤੇ ਦੋ ਭਰਾ ਤੇ ਤਿੰਨ ਭਰਜਾਈਆਂ ਸ਼ਰਮਸਾਰ ਹੋ ਗਈਆਂ।

1993 ਦੀ ਗੱਲ ਹੈ ਕਿ ਸਾਡੇ ਮਾਤਾ ਜੀ ਬਹੁਤ ਬਿਮਾਰ ਹੋ ਗਏ। ਡਾਕਟਰਾਂ ਨੇ ਸਿਫ਼ਾਰਸ਼ ਕੀਤੀ ਕਿ ਉਹਨਾਂ ਨੂੰ ਤਿੰਨ ਦਿਨਾਂ ਲਈ ਓਲਡ ਹੋਮ ਭੇਜ ਦੇਣ। ਉਸ ਸਮੇਂ ਮੈਂ, ਮੇਰੀ ਪਤਨੀ ਤੇ ਬੱਚੇ ਅਮਰੀਕਾ ਪਹੁੰਚ ਗਏ ਸੀ। ਮੈਂ ਤੇ ਮੇਰੀ ਪਤਨੀ, ਮਾਤਾ ਜੀ ਨੂੰ ਮਿਲਣ ਓਲਡ ਹੋਮ ਗਏ, ਉਥੇ ਅਸੀਂ ਬਜ਼ੁਰਗਾਂ ਦਾ ਹਾਲ ਦੇਖਿਆ। ਬਜ਼ੁਰਗਾਂ ਕੋਲ ਕੁਝ ਜਵਾਨੀ ਦੀਆਂ ਫੋਟੋਆਂ ਪਈਆਂ ਸਨ। ਕੁਝ ਕੁ ਬਜ਼ੁਰਗਾਂ ਕੋਲ ਬੱਚਿਆਂ ਦੀਆਂ ਫੋਟੋਆਂ ਵੀ ਪਈਆਂ ਸਨ। ਮੈਂ ਇਕ ਦੋ ਬਜ਼ੁਰਗਾਂ ਨੂੰ ਪੁੱਛਿਆ ਕਿ ਉਹਨਾਂ ਦੇ ਬੱਚੇ ਉਹਨਾਂ ਨੂੰ ਕਦੋਂ ਮਿਲਣ ਆਉਂਦੇ ਹਨ। ਉਹਨਾਂ ਨੇ ਕਿਹਾ ਲਗਪਗ ਮਹੀਨੇ ਵਿਚ ਇਕ ਵਾਰ।

ਸਾਡੇ ਮਾਤਾ ਜੀ ਪੂਰਾ ਜੀਵਨ ਬਤੀਤ ਕਰਕੇ ਨਵੰਬਰ 1996 ਨੂੰ ਸਦੀਵੀ ਵਿਛੋੜਾ ਦੇ ਗਏ। ਉਸ ਸਮੇਂ ਮਾਤਾ ਜੀ 81 ਸਾਲ ਦੇ ਸਨ। ਸਾਰੀਆਂ ਰਸਮਾਂ ਅਸੀਂ ਚਾਰੇ ਭਰਾਵਾਂ ਅਤੇ ਪਰਿਵਾਰਾਂ ਨੇ ਸੰਪੂਰਨ ਕਰਵਾਈਆਂ। ਮਾਤਾ ਜੀ ਦੀ ਯਾਦ ਵਿਚ ਮਿਲਵਾਕੀ ਗੁਰਦੁਆਰਾ ਸਾਹਿਬ (ਫੰਡੂਲਾਕ ਰੋਡ) ਅਖੰਡ ਪਾਠ ਕਰਵਾਏ ਗਏ ਅਤੇ ਗੁਰੂ ਕੇ ਲੰਗਰ ਵਰਤਾਏ ਗਏ। ਤਕਰੀਬਨ ਤਿੰਨ ਸੌ ਤੋਂ ਵੱਧ ਸੰਗਤ ਨੇ ਸਮਾਗਮ ਵਿਚ ਹਿੱਸਾ ਲਿਆ। ਉਸ ਵੇਲੇ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਮੇਰਾ ਛੋਟਾ ਭਰਾ ਸਤਵੰਤ ਸਿੰਘ ਸੀ। ਮੈਨੂੰ ਮਾਤਾ ਜੀ ਬਾਰੇ ਬੋਲਣ ਲਈ ਕਿਹਾ ਗਿਆ। ਸੰਗਤ ਨੂੰ ਸੰਬੋਧਨ ਕਰਦਿਆਂ ਮੈਂ ਦੁਗਾਲ ਦਾ 1965 ਦਾ ਵਾਕਿਆ ਯਾਦ ਕਰਵਾਇਆ। ਜਦ ਮੈਂ ਲੜਾਈ ਵਾਸਤੇ ਜਾ ਰਿਹਾ ਸੀ ਅਤੇ ਮਾਤਾ ਜੀ ਨੇ ਕਿਹਾ ਸੀ,“ਕਾਕਾ ਦੁੱਖ-ਸੁੱਖ ਬੰਦਿਆਂ ਤੇ ਹੀ ਆਉਂਦੇ ਹਨ, ਅੱਛੀ ਤਰ੍ਹਾਂ ਕੰਮ ਕਰਨਾ।” ਮੈਂ ਭਾਵਨਾਤਮਿਕ ਤਰੀਕੇ ਨਾਲ ਕਿਹਾ,“ਮੇਰੀ ਇੱਛਾ ਹੈ ਕਿ ਸਾਰੀਆਂ ਮਾਵਾਂ ਮੇਰੀ ਮਾਂ ਵਰਗੀਆਂ ਬਹਾਦਰ ਹੋਣ ਅਤੇ ਆਪਣੇ ਪੁੱਤਰ ਨੂੰ ਇਹੋ ਜਿਹਾ ਵਰ ਦੇਣ।”

ਮੈਂ ਪ੍ਰੋਫੈਸਰ ਨੂੰ ਕਿਹਾ ਕਿ ਮੇਰੇ ਲਈ ਇਹ ਸਮਝਣਾ ਮੁਸ਼ਕਿਲ ਹੈ ਕਿ ਕਿਹੜਾ ਦੇਸ਼ ਅਮੀਰ ਹੈ ਤੇ ਕਿਹੜਾ ਦੇਸ਼ ਗਰੀਬ। ਉਸ ਪ੍ਰੋਫੈਸਰ ਨੂੰ ਮੈਂ ਕਿਹਾ ਕਿ ਸਾਰੀ ਗੱਲ ਸੁਣ ਕੇ ਤੂੰ ਹੀ ਦੱਸ ਕਿ ਭਾਰਤ ਅਤੇ ਅਮਰੀਕਾ ਵਿਚੋਂ ਕਿਹੜਾ ਦੇਸ਼ ਅਮੀਰ ਹੈ ਅਤੇ ਕਿਹੜਾ ਗਰੀਬ। ਉਹ ਪ੍ਰੋਫੈਸਰ ਮੈਨੂੰ ਦੁਬਾਰਾ ਕਦੇ ਦੱਸਣ ਨਹੀਂ ਆਇਆ, ਕਿਉਂਕਿ ਉਸ ਕੋਲ ਕੋਈ ਜਵਾਬ ਨਹੀਂ ਸੀ ਹੋ ਸਕਦਾ।

# ਘਰ ਖ਼ਰੀਦਣਾ-ਕੁਝ ਨੁਕਤੇ

**1. ਘਰ ਖ਼ਰੀਦਣਾ:-** ਅਮਰੀਕਾ ਵਿਚ ਘਰ ਖ਼ਰੀਦਣਾ ਬਹੁਤ ਸੌਖਾ ਹੈ। ਪਰ ਘਰ ਉਦੋਂ ਹੀ ਲੈਣਾ ਚਾਹੀਦਾ ਹੈ ਜਦੋਂ ਉਸ ਇਲਾਕੇ ਵਿਚ ਘੱਟੋ ਘੱਟ 10 ਸਾਲ ਲਈ ਰਹਿਣਾ ਹੋਵੇ ਅਤੇ ਜਦੋਂ ਬੰਦਾ ਆਰਥਿਕ ਤੌਰ ਤੇ ਪੂਰੀ ਤਰ੍ਹਾਂ ਸਥਾਪਤ ਹੋ ਜਾਵੇ। ਅਮਰੀਕੀ ਹਾਲਤਾਂ ਵਿਚ ਕਿਰਾਏ ਦਾ ਅਪਾਰਟਮੈਂਟ ਵੀ ਬਹੁਤ ਵਧੀਆ ਵਿਕਲਪ ਹੈ। ਮਲਕੀਅਤ ਵਾਸਤੇ ਘਰ ਚੁਣਨ ਲਈ ਖ਼ਰੀਦਦਾਰ ਨੂੰ ਬਹੁਤ ਚੁਕੰਨਾ ਹੋਣਾ ਚਾਹੀਦਾ ਹੈ। ਪ੍ਰਾਪਰਟੀ ਡੀਲਰ, ਵਿਕਰੇਤਾ ਦੀ ਪ੍ਰਤੀਨਿਧਤਾ ਕਰਦਾ ਹੈ। ਉਹ ਤੁਹਾਨੂੰ ਘਰ ਦੀਆਂ ਕਮਜ਼ੋਰੀਆਂ ਬਾਰੇ ਕਦੇ ਵੀ ਨਹੀਂ ਦੱਸੇਗਾ। ਇਸ ਕੰਮ ਨੂੰ ਕਰਨ ਦਾ ਇੱਕ ਹੋਰ ਵੀ ਤਰੀਕਾ ਹੈ। ਆਪਣੀ ਮਰਜ਼ੀ ਦੇ ਪ੍ਰਾਪਰਟੀ ਡੀਲਰ ਦੀ ਚੋਣ ਕਰ ਲਵੋ, ਜੋ ਤੁਹਾਡੀ ਪ੍ਰਤੀਨਿਧਤਾ ਕਰ ਸਕਦਾ ਹੈ। ਤੁਹਾਡੇ ਪ੍ਰਾਪਰਟੀ ਡੀਲਰ ਦਾ ਕਮਿਸ਼ਨ ਵੀ ਵਿਕਰੇਤਾ ਨੇ ਹੀ ਦੇਣਾ ਹੈ। ਭਾਰਤੀ ਲੋਕਾਂ ਵਿਚ ਆਮ ਗੱਲ ਦੇਖਣ ਵਿਚ ਆਉਂਦੀ ਹੈ ਕਿ ਉਹ ਵਿਕਰੇਤਾ ਦੇ ਪ੍ਰਾਪਰਟੀ ਡੀਲਰ ਦਾ ਇਤਬਾਰ ਕਰਨ ਲੱਗ ਜਾਂਦੇ ਹਨ ਅਤੇ ਇਹ ਭੁੱਲ ਜਾਂਦੇ ਹਨ ਕਿ ਉਹ ਵਿਕਰੇਤਾ ਦਾ ਪ੍ਰਤੀਨਿਧੀ ਹੈ। ਕਦੇ ਵੀ ਘਰ ਨੂੰ ਬਿਨਾ ਅਪਾਇੰਟਮੈਂਟ ਤੋਂ ਨਾ ਦੇਖੋ ਅਤੇ ਜੇ ਹੋ ਸਕੇ ਤਾਂ ਆਪਣੇ ਪ੍ਰਾਪਰਟੀ ਡੀਲਰ ਨੂੰ ਨਾਲ ਲੈ ਕੇ ਜਾਓ। ਅਸੀਂ ਭਾਰਤੀ ਲੋਕ, ਫ਼ੈਸਲਾ ਕਰਨ ਲੱਗਿਆਂ ਬਹੁਤ ਸਮਾਂ ਲਾਉਂਦੇ ਹਾਂ। ਮੈਂ ਦੇਖਿਆ ਹੈ ਕਿ ਅਸੀਂ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਕਈ ਵਾਰ ਘਰ ਲਿਜਾ ਕੇ ਦਿਖਾਉਂਦੇ ਹਾਂ। ਮੇਰਾ ਛੋਟਾ ਭਰਾ ਸਤਵੰਤ ( ਮਿਤੀ:-5-ਅਗਸਤ-2012 ਨੂੰ ਓਕਰਿਜ ਗੁਰਦੁਆਰੇ ਦੇ ਸਾਕੇ ਵਿਚ ਸ਼ਹੀਦ ਹੋਇਆ) 1996 ਵਿਚ ਮਿਲਵਾਕੀ ਵਿਖੇ 4949, ਬਾਰਟਲ ਸਟਰੀਟ ਉਤੇ ਮਕਾਨ ਲੈਣਾ ਚਾਹੁੰਦਾ ਸੀ। ਉਸ ਦੀ ਆਫ਼ਰ ਮਨਜ਼ੂਰ ਹੋ ਗਈ। ਉਹ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਰਜਿਸਟਰੀ ਹੋਣ ਤੋਂ ਪਹਿਲਾਂ ਹੀ 3-4 ਵਾਰ ਘਰ ਦਿਖਾਉਣ ਚਲਾ ਗਿਆ। ਹਾਲਤ ਇਹੋ ਜਿਹੇ ਹੋ ਗਏ ਕਿ ਵਿਕਰੇਤਾ ਸੌਦਾ ਰੱਦ ਕਰਨ ਵਾਲਾ ਹੀ ਸੀ ਕਿ ਕਿਸੇ ਸਿਆਣੇ ਵਿਅਕਤੀ ਦੇ ਦਖ਼ਲ ਨਾਲ ਇਹ ਸੌਦਾ ਬਚ ਗਿਆ।

**2. ਘਰ ਦਾ ਨਿਰੀਖਣ:-** ਘਰ ਦਾ ਨਿਰੀਖਣ ਕਰਨਾ ਬਹੁਤ ਜ਼ਰੂਰੀ ਹੈ। ਕਈ ਵਾਰ ਵਿਕਰੇਤਾ ਜਿੱਦ ਕਰਦਾ ਹੈ ਕਿ ਨਿਰੀਖਣ, ਖ਼ਰੀਦਣ ਵਾਲੇ ਦੇ ਖ਼ਰਚ ਤੇ ਹੋਵੇਗਾ। ਤੁਸੀਂ ਘਰ ਖ਼ਰੀਦਣਾ ਹੈ, ਤੁਹਾਨੂੰ ਇਹ ਖ਼ਰਚ ਬਰਦਾਸ਼ਤ ਕਰਨ ਵਿਚ ਕੋਈ ਝਿਜਕ

ਨਹੀਂ ਹੋਣੀ ਚਾਹੀਦੀ। ਕਿਸੇ ਵਧੀਆ ਬਿਲਡਿੰਗ ਇੰਸਪੈਕਟਰ ਕੋਲ ਜਾਓ, ਉਹ ਲਗਪਗ 200 ਡਾਲਰ ਲੈਂਦੇ ਹਨ। ਬਿਲਡਿੰਗ ਅਤੇ ਉਸ ਦਾ ਸਮਾਨ ਦੇਖਣ ਤੋਂ ਬਾਅਦ ਇੰਸਪੈਕਟਰ ਤੁਹਾਨੂੰ ਵਿਸਥਾਰਪੂਰਵਕ ਰਿਪੋਰਟ ਲਿਖ ਕੇ ਦਿੰਦਾ ਹੈ। ਤੁਹਾਨੂੰ ਇਹ ਵੀ ਅੰਦਾਜ਼ਾ ਹੋ ਜਾਂਦਾ ਹੈ ਕਿ ਬਿਲਡਿੰਗ ਦੀ ਛੱਤ ਕਦੋਂ ਬਦਲਣੀ ਪਏਗੀ, ਫਰਸ਼ਾਂ ਦੀ ਕੀ ਹਾਲਤ ਹੈ। ਦਰਵਾਜ਼ੇ, ਰੌਸ਼ਨਦਾਨਾਂ ਅਤੇ ਬਾਰੀਆਂ ਦੀ ਕੀ ਹਾਲਤ ਹੈ। ਤੁਸੀਂ ਇਸ ਰਿਪੋਰਟ ਨੂੰ ਪੜ੍ਹ ਕੇ ਜਾਣ ਲੈਂਦੇ ਹੋ ਕਿ ਤੁਹਾਨੂੰ ਇੰਨੇ ਪੈਸਿਆਂ ਵਿਚ ਕੀ ਮਿਲ ਰਿਹਾ ਹੈ। ਤੁਸੀਂ ਬਿਲਡਿੰਗ ਦੇ ਨੁਕਸ ਆਦਿ ਦੱਸ ਕੇ ਵਿਕਰੇਤਾ ਤੋਂ ਕੀਮਤ ਵੀ ਘਟਾ ਸਕਦੇ ਹੋ।ਕਈ ਵਾਰ ਸਮਝਦਾਰ ਖ਼ਰੀਦਦਾਰਾਂ ਨੇ ਇਸ ਰਿਪੋਰਟ ਦੇ ਆਧਾਰ ਤੇ ਵਿਕਰੇਤਾ ਤੋਂ ਹਜ਼ਾਰਾਂ ਡਾਲਰ ਕੀਮਤ ਘਟਾਈ ਹੈ।

**3. ਆਂਢ-ਗੁਆਂਢ ਦੀ ਪਰਖ:-** ਜਦ ਵੀ ਘਰ ਲੈਣਾ ਹੋਵੇ ਆਂਢ-ਗੁਆਂਢ ਜ਼ਰੂਰ ਦੇਖੋ। ਕਦੇ ਵੀ ਵੱਡੀ ਸੜਕ ਤੇ ਘਰ ਨਾ ਲਵੋ। 1995 ਵਿਚ ਅਸੀਂ ਮੈਡੀਸਨ ਵਿਖੇ ਪਹਿਲਾ ਮਕਾਨ ਖ਼ਰੀਦਿਆ ਜੋ ਕਿ ਮੇਨ ਰੋਡ ਉਤੇ ਸਥਿਤ ਸੀ। ਸਤੰਬਰ 1995 ਵਿਚ ਅਸੀਂ ਆਪਣੇ ਘਰ ਕੀਰਤਨ ਕਰਵਾਇਆ, ਜਿਸ ਵਿਚ ਅਸੀਂ ਭੈਣ ਭਰਾਵਾਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਬੁਲਾਇਆ।ਰਿਸ਼ਤੇਦਾਰਾਂ ਵਿਚ ਮੇਰੇ ਛੋਟੇ ਤਿੰਨ ਭਰਾ ਤੇ ਉਹਨਾਂ ਦੇ ਪਰਿਵਾਰ ਵੀ ਸ਼ਾਮਿਲ ਸਨ। ਮੇਰੇ ਤੋਂ ਛੋਟਾ ਭਰਾ ਡਾ. ਜਗਜੀਤ ਸਿੰਘ ਉਥੇ 20 ਸਾਲਾਂ ਦੇ ਵੱਧ ਸਮੇਂ ਤੋਂ ਉਥੇ ਰਹਿ ਰਿਹਾ ਸੀ। ਉਸ ਨੇ ਮੈਨੂੰ ਪੁਛਿਆ ਕਿ ਮੇਨ ਰੋਡ ਤੇ ਘਰ ਕਿਉਂ ਲਿਆ ਹੈ? ਮੈਂ ਉਸ ਨੂੰ ਦੱਸਿਆ ਕਿ ਮੈਂ ਭਾਰਤ ਤੋਂ ਆਇਆ ਹਾਂ ਅਤੇ ਮੈਨੂੰ ਰੌਣਕ ਬਹੁਤ ਪਸੰਦ ਹੈ।

ਤਜ਼ਰਬੇ ਨਾਲ ਮੈਂ ਮਹਿਸੂਸ ਕੀਤਾ ਕਿ ਸਾਨੂੰ ਘਰ ਲੇਨ ਵਿਚ ਲੈਣਾ ਚਾਹੀਦਾ ਹੈ ਨਾ ਕਿ ਮੇਨ ਰੋਡ ਉੱਤੇ।

**4. ਸਕੂਲ ਸਿਸਟਮ:-** ਅਮਰੀਕਨ ਲੋਕ ਮਕਾਨ ਲੈਣ ਤੋਂ ਪਹਿਲਾਂ ਸਕੂਲ ਸਿਸਟਮ ਨੂੰ ਦੇਖਦੇ ਹਨ। ਜੇ ਸਕੂਲ ਸਿਸਟਮ ਵਧੀਆ ਹੋਵੇ ਤਾਂ ਮਕਾਨਾਂ ਦੀ ਕੀਮਤ ਵੱਧ ਜਾਂਦੀ ਹੈ। ਇਸ ਦੇ ਉਲਟ ਵੀ ਸੱਚ ਹੈ। ਸਰਕਾਰੀ ਸਕੂਲਾਂ ਵਿਚ ਸਾਰੇ ਪੜ੍ਹਦੇ ਬੱਚਿਆਂ ਦੀ ਵਿਦਿਆ ਮੁਫ਼ਤ ਹੁੰਦੀ ਹੈ। ਵਿਦਿਆ ਦਾ ਖ਼ਰਚਾ ਅਤੇ ਸੜਕਾਂ ਦੀ ਬਣਤਰ, ਸ਼ਹਿਰ ਦੀ ਸਫਾਈ ਅਤੇ ਸਰਦੀਆਂ ਵਿਚ ਬਰਫ ਸਾਫ ਕਰਨੀ, ਮਕਾਨਾਂ ਤੇ ਲੱਗੇ ਟੈਕਸਾਂ ਤੋਂ ਪੂਰਾ ਕਰਦੇ ਹਨ। ਮਕਾਨ ਦਾ ਟੈਕਸ ਮਕਾਨਾਂ ਦੇ ਮਾਲਕਾਂ ਤੋਂ ਲਿਆ ਜਾਂਦਾ ਹੈ।

**5. ਬੇਸਮੈਂਟ ਦੇਖਣਾ:-** ਬੇਸਮੈਂਟ ਬਿਲਕੁਲ ਸੁੱਕੀ ਹੋਣੀ ਚਾਹੀਦੀ ਹੈ। ਭਾਰਤੀਆਂ ਨੂੰ ਬੇਸਮੈਂਟ ਫਿਨਿਸ਼ ਕਰਨ ਦਾ ਬਹੁਤ ਸ਼ੌਕ ਹੈ। ਕਈ ਵਾਰ ਸੀਵਰੇਜ਼ ਦਾ ਗੰਦਾ ਪਾਣੀ ਵਾਪਸ ਆ ਜਾਂਦਾ ਹੈ ਅਤੇ ਬੇਸਮੈਂਟ ਗੰਦੇ ਪਾਣੀ ਨਾਲ ਭਰ ਜਾਂਦੀ ਹੈ। ਮੈਂ ਬਹੁਤ ਸਾਰੇ ਭਾਰਤੀਆਂ ਨੂੰ ਬੇਸਮੈਂਟਾ ਤੇ ਹਜ਼ਾਰਾਂ ਡਾਲਰ ਖ਼ਰਚ ਕਰਕੇ ਪੇਂਟ ਆਦਿ ਕਰਦੇ ਦੇਖਿਆ ਹੈ। ਕਈਆਂ ਨੇ ਬਹੁਤ ਮਹਿੰਗੇ-ਮਹਿੰਗੇ ਕਾਰਪੇਟ ਵੀ ਵਿਛਾਏ ਹੁੰਦੇ ਹਨ।

ਬੇਸਮੈਂਟ ਵਿਚ ਪਾਣੀ ਕੱਢਣ ਲਈ ਸਿਸਟਮ ਹਰ ਅੱਛੇ ਮਕਾਨ ਵਿਚ ਲੱਗਿਆ ਹੁੰਦਾ ਹੈ। ਜੇ ਸਿਸਟਮ ਨਾ ਹੋਵੇ ਤਾਂ ਸਿਸਟਮ ਲਗਾ ਲੈਣਾ ਬਹੁਤ ਜ਼ਰੂਰੀ ਹੈ। ਇਹ ਸਿਸਟਮ ਵੀ ਬਿਜਲੀ ਤੇ ਹੀ ਨਿਰਭਰ ਹੁੰਦਾ ਹੈ। ਕਈ ਵਾਰ ਹੜ੍ਹ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਬਿਜਲੀ ਖ਼ਰਾਬ ਹੋ ਜਾਂਦੀ ਹੈ ਤੇ ਇਹ ਸਿਸਟਮ ਵੀ ਨਹੀਂ ਚਲਦਾ। ਉਦੋਂ ਹੀ ਪਤਾ ਲੱਗਦਾ ਹੈ ਕਿ ਸੀਵਰ ਦਾ ਪਾਣੀ ਬੇਸਮੈਂਟ ਵਿਚ ਭਰ ਗਿਆ। ਸਿਆਣੇ ਮਾਲਕ ਇਸ ਸਿਸਟਮ ਦੇ ਨਾਲ ਬੈਟਰੀ ਵੀ ਲਗਾ ਲੈਂਦੇ ਹਨ ਤਾਂ ਕਿ ਬਿਜਲੀ ਖ਼ਰਾਬ ਹੋਣ ਦੀ ਹਾਲਤ ਵਿਚ ਵੀ ਬੇਸਮੈਂਟ ਵਿਚ ਪਾਣੀ ਨਾ ਆਵੇ। ਮਕਾਨ ਦੇ ਸਾਰੇ ਗੁਣ ਔਗੁਣ ਤੁਹਾਨੂੰ ਮਕਾਨ ਲੈਣ ਤੋਂ ਪਹਿਲਾਂ ਦੇਖ ਲੈਣੇ ਚਾਹੀਦੇ ਹਨ। ਭਾਰਤ ਵਾਂਗ ਉਥੇ ਮਕਾਨਾਂ ਦੀ ਕੀਮਤ ਜ਼ਿਆਦਾ ਨਹੀਂ ਵੱਧਦੀ। ਜੇ ਤੁਸੀਂ ਸਮਝਦੇ ਹੋ ਕਿ ਮਕਾਨ ਲੈ ਕੇ ਤੁਸੀਂ ਇਸ ਵਿਚੋਂ ਪੈਸੇ ਕਮਾਓਗੇ ਤਾਂ ਇਹ ਵਧੀਆ ਪ੍ਰਾਜੈਕਟ ਨਹੀਂ ਹੈ।

ਅਮਰੀਕਨ ਲੋਕ ਆਪਣਾ ਜੀਵਨ ਕਿਰਾਏ ਦੇ ਸਾਦੇ ਅਪਾਰਟਮੈਂਟਾਂ ਤੋਂ ਸ਼ੁਰੂ ਕਰਦੇ ਹਨ। ਆਮਦਨ ਵਧਣ ਨਾਲ ਉਹ ਬਿਹਤਰ ਅਪਾਰਟਮੈਂਟ ਵਿਚ ਚਲੇ ਜਾਂਦੇ ਹਨ। ਉਸ ਤੋਂ ਬਾਅਦ ਉਹ ਛੋਟੇ ਮਕਾਨ ਖ਼ਰੀਦ ਲੈਂਦੇ ਹਨ, ਜਿਸ ਨੂੰ ਸਟਾਰਟਰ ਹੋਮ ਕਹਿੰਦੇ ਹਨ। ਅਖੀਰ ਵਿਚ ਉਹ ਵੱਡਾ ਮਕਾਨ ਖ਼ਰੀਦਦੇ ਹਨ। ਇੱਕ ਵਾਰ ਬੱਚੇ 17-18 ਸਾਲ ਦੇ ਹੋ ਜਾਣ ਤਾਂ ਬੱਚੇ ਘਰ ਤੋਂ ਬਾਹਰ ਚਲੇ ਜਾਂਦੇ ਹਨ ਤੇ ਆਜ਼ਾਦੀ ਨਾਲ ਅਲੱਗ ਰਹਿਣਾ ਚਾਹੁੰਦੇ ਹਨ। ਮਾਤਾ ਪਿਤਾ ਨੂੰ ਬੱਚਿਆਂ ਤੋਂ ਬਗੈਰ ਘਰ ਸੁੰਨਾ ਲੱਗਦਾ ਹੈ ਜਿਸ ਲਈ ਵਿਸ਼ੇਸ਼ ਸ਼ਬਦ ਐਂਪਟੀ ਸਿੰਡਰੋਮ ਵਰਤਿਆ ਜਾਂਦਾ ਹੈ। ਉਹ ਵੱਡਾ ਘਰ ਵੇਚ ਦਿੰਦੇ ਹਨ ਜਾਂ ਛੋਟੇ ਘਰ ਵਿਚ ਚਲੇ ਜਾਂਦੇ ਹਨ ਜਾਂ ਫਿਰ ਕਿਰਾਏ ਦੇ ਅਪਾਰਟਮੈਂਟ ਵਿਚ ਰਹਿਣ ਲੱਗ ਜਾਂਦੇ ਹਨ।

# ਵਪਾਰ ਖਰੀਦਣਾ

ਜਿਵੇਂ ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ ਸਾਡੇ ਪਰਿਵਾਰ ਨੇ 1994 ਤੋਂ ਲੈ ਕੇ 2008 ਤੱਕ ਦਸ ਵਪਾਰ ਖ਼ਰੀਦੇ। ਜ਼ਿਆਦਾਤਰ ਵਪਾਰਾਂ ਵਿਚ ਅਸੀਂ ਪੈਸੇ ਕਮਾਏ। ਅਸੀਂ ਵਪਾਰ ਨੂੰ ਸਮਝਣ ਲੱਗਿਆਂ ਜ਼ਿਆਦਾ ਸਮਾਂ ਨਹੀਂ ਲੈਂਦੇ ਸੀ। ਦੂਜੇ ਸ਼ਬਦਾਂ ਵਿਚ ਅਸੀਂ ਵਪਾਰ ਨੂੰ ਬਹੁਤ ਜਲਦੀ ਖ਼ਰੀਦਿਆ। ਸ਼ੁਰੂਆਤੀ ਦੌਰ ਵਿਚ ਮੈਂ ਆਪਣੇ ਛੋਟੇ ਭਰਾਵਾਂ ਦੀ ਸਲਾਹ ਵੀ ਲੈਂਦਾ ਸੀ ਜੋ ਮਿਲਵਾਕੀ ਅਤੇ ਰਸੀਨ ਸ਼ਹਿਰਾਂ ਵਿਚ ਕਾਰੋਬਾਰ ਕਰਦੇ ਸਨ। ਪਰ ਕੁਝ ਦੇਰ ਬਾਅਦ ਮੈਂ ਮਹਿਸੂਸ ਕੀਤਾ ਕਿ ਉਹਨਾਂ ਦਾ ਵਪਾਰ ਕਰਨ ਦਾ ਢੰਗ ਮੇਰੇ ਨਾਲੋਂ ਅਲੱਗ ਸੀ। ਉਹ ਜ਼ਿਆਦਾ ਆਬਾਦੀ ਵਾਲੇ ਮਿਲਵਾਕੀ ਅਤੇ ਰਸੀਨ ਇਲਾਕਿਆਂ ਵਿਚ ਵਪਾਰ ਕਰਦੇ ਸਨ, ਜਿਥੇ ਅਨੁਸ਼ਾਸਨਹੀਨਤਾ ਦਾ ਬੋਲਬਾਲਾ ਸੀ। ਗਾਹਕ ਉਹਨਾਂ ਦਾ ਪੈਸਾ ਚੋਰੀ ਵੀ ਕਰ ਲੈਂਦੇ ਸਨ। ਉਹਨਾਂ ਦੇ ਮੁਨਾਫ਼ੇ ਦਾ ਰੇਟ ਵੀ ਬਹੁਤ ਜ਼ਿਆਦਾ ਸੀ। ਉਹ ਕਦੇ ਵੀ ਆਪਣੀਆਂ ਖ਼ਰੀਦ ਅਤੇ ਵਿਕਰੀ ਦਾ ਹਿਸਾਬ ਠੀਕ ਤਰ੍ਹਾਂ ਨਹੀਂ ਸੀ ਰੱਖਦੇ। ਸਾਡੀ ਕਾਰਗੁਜ਼ਾਰੀ ਕੁਝ ਅਲੱਗ ਸੀ। ਅਸੀਂ ਪੂਰੀ ਇਮਾਨਦਾਰੀ ਨਾਲ ਵਪਾਰ ਕਰਦੇ ਸੀ। ਮੈਂ ਸਾਰੀਆਂ ਵਿਕਰੀਆਂ ਅਤੇ ਖ਼ਰੀਦਾਂ ਦਾ ਰਿਕਾਰਡ ਰੱਖਦਾ ਸੀ। ਮੈਂ ਹਮੇਸ਼ਾ ਹੀ ਵਧੀਆ ਸ਼ਹਿਰਾਂ ਅਤੇ ਗੋਰਿਆਂ ਦੇ ਪੜੋਸ ਵਿਚ ਵਪਾਰ ਕੀਤਾ। ਸਾਡੇ ਮੁਨਾਫ਼ੇ ਦੀ ਦਰ ਵੀ ਬਹੁਤ ਵਾਜਬ ਸੀ। ਕਈ ਚੀਜ਼ਾਂ ਵਿਚ ਅਸੀਂ ਕੀਮਤਾਂ ਨੂੰ ਬਹੁਤ ਘੱਟ ਰੱਖਿਆ।

ਪਹਿਲਾ ਵਪਾਰ ਸਟਾਊਟਨ, ਅਸੀਂ ਦੋ ਮੀਟਿੰਗਾਂ ਵਿਚ ਹੀ ਨਿਬੇੜ ਦਿੱਤਾ। ਦੂਜੇ ਵਪਾਰ ਵਿਚ ਅਸੀਂ ਮੈਡੀਸਨ ਵਿਚ ਥਾਂ ਦੇਖੀ ਅਤੇ ਸੌਦਾ ਪੱਕਾ ਕਰ ਦਿੱਤਾ। ਤੀਜੇ ਵਪਾਰ ਲਈ ਅਸੀਂ ਇੱਕ ਦਿਨ ਮਾਲਕ ਨੂੰ ਮਿਲੇ ਅਤੇ 24 ਘੰਟਿਆਂ ਵਿਚ ਆਫ਼ਰ ਦੇ ਦਿੱਤੀ। ਚੌਥਾ ਵਪਾਰ ਮੇਰੇ ਪੁੱਤਰ ਗੁਰਮੀਤ ਨੇ ਦੋ ਤਿੰਨ ਮੀਟਿੰਗਾਂ ਵਿਚ ਮੁਕਾ ਦਿੱਤਾ। ਪੰਜਵਾਂ ਵਪਾਰ ਟਰੱਕ ਸਟਾਪ ਜੋ ਕਿ ਸਾਡੇ ਲਈ ਕਾਫ਼ੀ ਵੱਡਾ ਵਪਾਰ ਸੀ, ਅਸੀਂ ਮੀਟਿੰਗ ਤੋਂ ਪਹਿਲਾਂ ਦੋ ਤਿੰਨ ਵਾਰ ਦੇਖਿਆ। ਸਾਨੂੰ ਦੇਖਣ ਵਿਚ ਇਹ ਵਪਾਰ ਬਹੁਤ ਵੱਡਾ ਲੱਗਦਾ ਸੀ ਅਤੇ ਕੁਝ ਵਪਾਰ ਚਲਾਉਣ ਦੀ ਝਿਜਕ ਵੀ ਸੀ। ਫਿਰ ਅਸੀਂ ਹੌਂਸਲਾ ਕੀਤਾ ਅਤੇ ਯੂ.ਐਸ. ਆਇਲ ਕੰਪਨੀ ਨਾਲ ਪਹਿਲੀ ਮੀਟਿੰਗ ਵਿਚ ਹੀ ਸਾਰਾ ਫ਼ੈਸਲਾ ਕਰ ਲਿਆ। ਇਸੇ ਤਰ੍ਹਾਂ ਹੋਰ ਸਾਰੇ ਵਪਾਰ ਵੀ ਅਸੀਂ ਬਹੁਤ

ਤੇਜ਼ੀ ਨਾਲ ਖ਼ਰੀਦੇ। ਇਹ ਸਾਰੇ ਵਪਾਰਾਂ ਨੂੰ ਖ਼ਰੀਦਣ ਲਈ ਕਈ ਹੋਰ ਭਾਰਤੀ ਗਾਹਕ ਵੀ ਸਨ। ਪਰ ਉਹ ਫ਼ੈਸਲਾ ਕਰਨ ਵਿਚ ਬਹੁਤ ਸਮਾਂ ਲਾਉਂਦੇ ਸਨ। ਜਦੋਂ ਕਿ ਅਸੀਂ ਬਹੁਤ ਛੇਤੀ ਗੱਲ ਨਿਬੇੜ ਦਿੰਦੇ ਸੀ। ਨਤੀਜਾ ਇਹ ਹੋਇਆ ਕਿ ਅਸੀਂ ਕਾਮਯਾਬ ਹੋ ਗਏ, ਜਦ ਕਿ ਦੂਜੇ ਭਾਰਤੀ ਵਪਾਰ ਦੀਆਂ ਕੀਮਤਾਂ ਘਟਾਉਣ ਦੇ ਚੱਕਰ ਵਿਚ ਗੱਲਾਂ ਹੀ ਕਰਦੇ ਰਹਿ ਗਏ।

**ਬੈਂਕ ਤੋਂ ਕਰਜ਼ਾ ਲੈਣਾ:-** ਬੈਂਕ ਤੋਂ ਪਹਿਲਾ ਕਰਜ਼ਾ ਲੈਣਾ ਬਹੁਤ ਮੁਸ਼ਕਿਲ ਹੁੰਦਾ ਹੈ। ਕਈ ਵਾਰ ਗਾਹਕ 30% ਡਾਊਨ ਪੇਮੈਂਟ ਦੇਣ ਲਈ ਤਿਆਰ ਹੁੰਦਾ ਹੈ ਤੇ ਬੈਂਕ ਕਰਜ਼ਾ ਨਹੀਂ ਦਿੰਦਾ। ਗੱਲ ਅਸਲ ਵਿਚ ਇਹ ਹੈ ਕਿ ਬੈਂਕ ਤੁਹਾਡੇ ਨਾਲ ਸੌਖਾ ਮਹਿਸੂਸ ਕਰੇ ਤਾਂ ਹੀ ਕਰਜ਼ਾ ਮਿਲਦਾ ਹੈ। ਕਰਜ਼ਾ ਲੈਣ ਵਾਲੇ ਵਿਅਕਤੀ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵਿਸਥਾਰਪੂਰਵਕ ਵਪਾਰ ਦੇ ਖ਼ਰਚੇ ਅਤੇ ਆਮਦਨ ਦਾ ਧਿਆਨ ਕਰੇ ਅਤੇ ਬੈਂਕ ਨੂੰ ਵਿਸਥਾਰਪੂਰਵਕ ਪ੍ਰਾਜੈਕਟ ਰਿਪੋਰਟ ਬਣਾ ਕੇ ਦੱਸੇ ਕਿ ਉਹ ਕਿਵੇਂ ਕਾਮਯਾਬ ਹੋਵੇਗਾ ਜਾਂ ਹੋਵੇਗੀ। ਲੋਨ ਵਿਚ ਬਿਨੈਕਾਰ ਬੈਂਕ ਕੋਲ ਜਦੋਂ ਵੀ ਜਾਵੇ, ਪੰਜ ਸਾਲ ਦੇ ਅੰਕੜੇ ਤਿਆਰ ਕਰਕੇ ਪ੍ਰੋਜੈਕਸ਼ਨ ਰਿਪੋਰਟ ਲੈ ਕੇ ਜਾਵੇ। ਮੈਂ ਹਮੇਸ਼ਾ ਹੀ ਆਪਣਿਆਂ ਅੰਕੜਿਆਂ ਨੂੰ ਅਸਲੀ ਦੇ ਨੇੜੇ ਪ੍ਰੋਜੈਕਟ ਕੀਤਾ। ਉਦਾਹਰਣ ਦੇ ਤੌਰ ਤੇ ਮੈਂ ਅੰਕੜਿਆਂ ਦਾ ਵਾਧਾ ਹਰ ਸਾਲ 5% ਦੱਸਿਆ। ਖ਼ਰਚਿਆਂ ਵਿਚ ਬਹੁਤੀ ਅਦਲਾ ਬਦਲੀ ਨਹੀਂ ਕੀਤੀ ਜਾ ਸਕਦੀ, ਜਿਵੇਂ ਕਿ ਬਿਜਲੀ ਦਾ ਬਿਲ, ਸੀਵਰੇਜ਼ ਦੇ ਖ਼ਰਚੇ ਅਤੇ ਬੀਮਾ ਆਦਿ। ਅਸੀਂ ਭਾਰਤੀ ਕਾਫ਼ੀ ਪੈਸਾ ਤਨਖਾਹਾਂ ਵਿਚੋਂ ਹੀ ਬਚਾਉਂਦੇ ਹਾਂ। ਤਨਖਾਹਾਂ ਅਤੇ ਤਨਖਾਹਾਂ ਨਾਲ ਸਬੰਧਤ ਖ਼ਰਚੇ ਕਿਸੇ ਵਪਾਰ ਲਈ ਕਾਫ਼ੀ ਵੱਡਾ ਖ਼ਰਚਾ ਹੀ ਨਹੀਂ ਹੈ ਅਤੇ ਇਸ ਉਤੇ ਟੈਕਸ ਵੀ ਲੱਗੇ ਹੁੰਦੇ ਹਨ।

ਮੈਂ ਪ੍ਰੋਜੈਕਸ਼ਨ ਆਪ ਹੀ ਬਣਾ ਲੈਂਦਾ ਸੀ। ਮੈਂ ਦੂਜੇ ਭਾਰਤੀਆਂ ਦੀ ਮਦਦ ਕਰਨ ਲਈ ਉਹਨਾਂ ਦੀ ਪ੍ਰੋਜੈਕਸ਼ਨ ਵੀ ਬਣਾ ਦਿੰਦਾ ਸੀ। ਜੇ ਲੋੜ ਹੋਵੇ ਤਾਂ ਤੁਹਾਨੂੰ ਸੀ.ਪੀ.ਏ ਜਾਂ ਅਕਾਊਂਟੈਂਟ ਦੀ ਮਦਦ ਲੈਣਾ ਵੀ ਕਾਫ਼ੀ ਲਾਹੇਵੰਦ ਹੋ ਸਕਦੀ ਹੈ।

ਅਸੀਂ ਤਕਰੀਬਨ ਇਕ ਬੈਂਕ ਨਾਲ ਹੀ ਲੈਣ ਦੇਣ ਕੀਤਾ। ਉਹ ਬੈਂਕ ਸਾਡੇ ਤੇ ਬਹੁਤ ਇਤਬਾਰ ਕਰਨ ਲੱਗ ਪਿਆ। ਜਦੋਂ ਬਹੁਤੇ ਭਾਰਤੀ ਵਪਾਰੀ ਦੀਵਾਲੀਆਪਨ ਘੋਸ਼ਿਤ ਕਰ ਰਹੇ ਸਨ ਤਾਂ ਸਾਡਾ ਬੈਂਕ ਅਫਸਰ, ਮਾਰਕ ਸਟਰ, ਮੈਨੂੰ ਮੇਰੇ ਘਰ ਮਿਲਣ ਆਇਆ। ਇਹ ਸਾਲ 2009 ਦੀ ਗੱਲ ਹੈ।ਉਸ ਵੇਲੇ ਮੈਂ ਬੈਂਕ ਨੂੰ 30 ਲੱਖ ਡਾਲਰ ਦੇਣਾ ਸੀ। ਮਾਰਕ ਸਟਰ ਨੇ ਮੇਰੇ ਪੁੱਤਰ ਨੂੰ ਕਿਹਾ ਕਿ ਉਹ ਮੈਨੂੰ ਘਰੇ ਮਿਲਣਾ ਚਾਹੁੰਦਾ ਹੈ। ਉਦੋਂ ਤੱਕ ਮੈਂ ਵਪਾਰ ਤੋਂ ਰਿਟਾਇਰ ਹੋ ਚੁੱਕਾ ਸੀ, ਪਰ ਮੈਂ ਅਜੇ ਅਮਰੀਕਾ ਵਿਚ ਹੀ ਰਹਿੰਦਾ ਸੀ। ਮੈਂ ਮਾਰਕ ਸਟਰ ਨੂੰ ਸਾਡੇ ਟਰੱਕ ਸਟਾਪ ਤੇ ਆਉਣ ਲਈ ਕਿਹਾ। ਮੈਂ ਉਥੋਂ ਉਸ ਨੂੰ ਕਾਰ ਵਿਚ ਆਪਣੇ ਘਰ ਲਿਆਂਦਾ। ਜਦੋਂ ਮੈਂ ਗੱਡੀ ਚਲਾ ਰਿਹਾ ਸੀ ਤਾਂ ਮਾਰਕ ਸਟਰ, ਮੇਰੇ ਵੱਲ ਬੜੀ ਤਵੱਜੋ

ਨਾਲ ਦੇਖ ਰਿਹਾ ਸੀ। ਮੈਂ ਪੁਛਿਆ ਕਿ ਤੁਸੀਂ ਮੇਰੇ ਵੱਲ ਇੰਨੀ ਤਵਜੋਂ ਨਾਲ ਕਿਉਂ ਦੇਖ ਰਹੇ ਹੋ? ਮਾਰਕ ਸਟਰ ਨੇ ਬੜੀ ਨਿਮਰਤਾ ਨਾਲ ਕਿਹਾ," ਜਨਾਬ ਤੁਸੀਂ ਸਾਨੂੰ 30 ਲੱਖ ਡਾਲਰ ਮੋੜਨਾ ਹੈ। ਕੀ ਤੁਹਾਨੂੰ ਡਰ ਨਹੀਂ ਲੱਗਦਾ?" ਏਨੇ ਵਿਚ ਅਸੀਂ ਘਰ ਪਹੁੰਚ ਗਏ। ਮੈਂ ਮਾਰਕ ਸਟਰ ਨੂੰ ਚਾਹ, ਕਾਫ਼ੀ ਆਦਿ ਲਈ ਪੁੱਛਿਆ। ਮੈਂ ਅਤੇ ਮਾਰਕ ਸਟਰ ਅੱਧਾ ਪੌਣਾ ਘੰਟਾ ਡਰਾਇੰਗ ਰੂਮ ਵਿਚ ਹੀ ਬੈਠੇ ਰਹੇ। ਮੈਂ ਮਾਰਕ ਸਟਰ ਨੂੰ ਦੱਸਿਆ ਕਿ ਅਸੀਂ ਰੱਬ ਤੋਂ ਡਰਨ ਵਾਲੇ ਲੋਕ ਹਾਂ। ਅਸੀਂ ਧਾਰਮਿਕ ਬਿਰਤੀ ਵਾਲੇ ਬੰਦੇ ਹਾਂ ਤੇ ਅਸੀਂ ਕਦੇ ਵੀ ਦੀਵਾਲੀਆਪਨ ਘੋਸ਼ਿਤ ਨਹੀਂ ਕਰਾਂਗੇ। ਜਦੋਂ ਅਸੀਂ ਭਾਰਤ ਤੋਂ ਆਏ ਸੀ, ਅਸੀਂ ਮਿਲਵਾਕੀ ਸ਼ਹਿਰ ਵਿਚ ਦੋ ਅਲੱਗ ਅਲੱਗ ਅਪਾਰਟਮੈਂਟਾਂ ਵਿਚ ਕਿਰਾਏ ਤੇ ਰਹੇ। ਅਸੀਂ ਇਹੋ ਜਿਹੇ ਹਾਲਤਾਂ ਵਿਚ ਦੁਬਾਰਾ ਜਾਣ ਲਈ ਤਿਆਰ ਹਾਂ। ਉਸ ਦੇ ਪੁੱਛਣ ਤੇ ਕਿ ਤੁਸੀਂ ਇਸ ਵੱਡੇ ਘਰ ਦਾ ਕੀ ਕਰੋਗੇ। ਮੈਂ ਉਸ ਨੂੰ ਕਿਹਾ ਕਿ ਤੁਸੀਂ ਜੋ ਕੁਝ ਦੇਖ ਰਹੇ ਹੋ, ਸਭ ਕੁਝ ਵੇਚ ਦਿਆਂਗੇ ਅਤੇ ਤੁਹਾਡਾ ਇੱਕ ਇੱਕ ਪੈਸਾ ਚੁਕਾ ਦਿਆਂਗੇ। ਅਜਿਹਾ ਹੀ ਹੋਇਆ। ਰੱਬ ਦੀ ਕਿਰਪਾ ਨਾਲ ਮੈਂ ਅੱਜ ਮਾਣ ਨਾਲ ਕਹਿ ਰਿਹਾ ਹਾਂ ਕਿ ਅਸੀਂ ਉਸ ਦਾ ਇੱਕ ਇੱਕ ਪੈਸਾ ਵਾਪਸ ਮੋੜ ਦਿੱਤਾ।

ਕਈ ਬੈਂਕਾਂ ਨਾਲ ਵਰਤਣ ਦੀ ਜਗ੍ਹਾ ਇੱਕ ਬੈਂਕ ਨਾਲ ਚੰਗੀ ਗੱਲਬਾਤ ਰੱਖਣਾ ਹੀ ਚੰਗਾ ਰਹਿੰਦਾ ਹੈ। ਅਸੀਂ ਇਸ ਤਰ੍ਹਾਂ ਹੀ ਕੀਤਾ। ਮੈਡੀਸਨ ਰਹਿੰਦਿਆਂ ਅਸੀਂ ਐਮ ਐਂਡ ਆਈ ਬੈਂਕ ਦੇ ਸੀਨੀਅਰ ਬੈਂਕਰ, ਗੋਡਵਿਨ ਆਮਾਗਾਸ਼ੀ, ਨਾਲ ਸਬੰਧ ਬਣਾਏ। ਦੋਂ ਤਿੰਨ ਸਾਲਾਂ ਵਿਚ ਉਸ ਨੂੰ ਸਾਡੇ ਤੇ ਬਹੁਤ ਇਤਬਾਰ ਹੋ ਗਿਆ। ਜਦੋਂ ਅਸੀਂ ਐਪਲਟਨ, ਤੀਸਰਾ ਵਪਾਰ ਲੈਣ ਜਾਣਾ ਸੀ, ਉਸ ਤੋਂ ਪਹਿਲਾਂ ਹੀ ਗੌਡਵਿਨ ਨੇ ਸਾਡੇ ਨਵੇਂ ਬੈਂਕ ਅਫਸਰ, ਮਾਰਕ ਸਟਰ ਨੂੰ ਸਾਡੀ ਪੁਰਜ਼ੋਰ ਸਿਫ਼ਾਰਸ਼ ਕੀਤੀ। ਜਿਸ ਕਰਕੇ ਸਾਨੂੰ ਉਥੇ ਕਰਜ਼ਾ ਮਿਲਣ ਵਿਚ ਕੋਈ ਦਿਕਤ ਨਹੀਂ ਆਈ। ਮਾਰਕ ਸਟਰ, ਸਾਡੇ ਪਿੱਛੇ ਚਟਾਨ ਵਾਂਗ ਖੜ੍ਹ ਗਿਆ। ਜਦੋਂ ਅਸੀਂ ਪੰਜਵਾਂ ਵਪਾਰ ਖ਼ਰੀਦਿਆ ਸਾਡੇ ਕੋਲ ਸਿਰਫ਼ 1,30,000 ਡਾਲਰ ਹੀ ਸਨ ਅਤੇ ਇਕੱਲੀ ਪ੍ਰਾਪਰਟੀ ਦੀ ਕੀਮਤ ਹੀ 14,50,000 ਡਾਲਰ ਸੀ। ਪ੍ਰਾਪਰਟੀ ਅਤੇ ਹੋਰ ਡੇਢ ਕੁ ਲੱਖ ਡਾਲਰ ਦਾ ਕਰਜ਼ਾ ਸੀ। ਆਖ਼ਰ ਵਿਚ ਅਸੀਂ ਸਿਰਫ ਡੇਢ ਲੱਖ ਡਾਲਰ ਹੀ ਪਾਇਆ ਅਤੇ ਬਾਕੀ ਦਾ ਸਾਰਾ ਕਰਜ਼ਾ ਹੀ ਸੀ।

ਇੱਕ ਵਾਰ ਬੈਂਕ, ਤੁਹਾਡੀ ਡਾਊਨ ਪੇਮੈਂਟ ਅਤੇ ਵਿਆਜ ਦੀ ਦਰ ਫਿਕਸ ਕਰ ਦੇਵੇ ਅਤੇ ਕਰਜ਼ਾ ਮੋੜਨ ਦਾ ਸਮਾਂ ਮਿਥ ਦੇਵੇ ਜਿਸ ਸਮੇਂ ਵਿਚ ਤੁਸੀਂ ਕਰਜ਼ਾ ਵਪਾਸ ਮੋੜਨਾ ਹੈ, ਤਾਂ ਆਪਣੀਆਂ ਪੇਮੈਂਟਾਂ ਸਮੇਂ ਸਿਰ ਕਰੋ। ਜੇ ਕੋਈ ਪਰੇਸ਼ਾਨੀ ਹੈ ਤਾਂ ਆਪਣੇ ਬੈਂਕ ਅਫਸਰ ਨਾਲ ਗੱਲ ਕਰੋ। ਤੁਸੀਂ ਪ੍ਰਾਪਰਟੀ ਨੂੰ ਰਿਫਾਇਨੈਂਨਸ ਵੀ ਕਰਵਾ ਸਕਦੇ ਹੋ। ਕਈ ਵਾਰ ਰਿਫਾਇਨੈਂਨਸ ਕਰਕੇ ਤੁਸੀਂ ਪੈਸਾ ਕੱਢ ਵੀ ਸਕਦੇ

ਹੋ। ਜਿਵੇਂ ਅਸੀਂ ਦੂਜੇ ਵਪਾਰ ਮੈਡੀਸਨ ਵਿਚ ਕੀਤਾ। ਐਪਲਟਨ ਵਿਚ ਸਾਨੂੰ ਤੀਜਾ ਕਾਰੋਬਾਰ ਖ਼ਰੀਦਣ ਲਈ ਪੈਸਾ ਚਾਹੀਦਾ ਸੀ। ਅਸੀਂ ਮੈਡੀਸਨ ਵਾਲਾ ਵਪਾਰ ਰਿਫਾਇਨੈਂਨਸ ਕਰਵਾ ਲਿਆ। ਇਹ ਵੀ ਯਾਦ ਰੱਖੋ ਕਿ ਤੁਹਾਡਾ ਕੈਸ਼ ਫਲੋ ਤੁਹਾਡੇ ਹੱਕ ਵਿਚ ਰਹੇ। ਅਜਿਹਾ ਕਰਨ ਲਈ ਤੁਸੀਂ ਕਰਜ਼ੇ ਦੀ ਅਦਾਇਗੀ ਦਾ ਸਮਾਂ ਲੰਬਾ ਕਰ ਸਕਦੇ ਹੋ। ਉਦਾਹਰਣ ਦੇ ਤੌਰ ਤੇ ਜੇ ਪਹਿਲਾ ਕਰਜ਼ਾ 10 ਸਾਲ ਲਈ ਸੀ ਤੇ ਤੁਸੀਂ ਦੋ ਸਾਲਾਂ ਬਾਅਦ ਰਿਫਾਇਨੈਂਨਸ ਕਰਵਾਉਣਾ ਚਾਹੁੰਦੇ ਹੋ ਤਾਂ ਤੁਸੀਂ ਪੈਸੇ ਕੱਟ ਕੇ ਵੀ ਤਕਰੀਬਨ ਓਨੀ ਹੀ ਕਿਸ਼ਤ ਦੇ ਸਕਦੇ ਹੋ। ਅਜਿਹਾ ਕਰਨ ਲਈ ਤੁਹਾਨੂੰ ਨਵੇਂ ਕਰਜ਼ੇ ਦਾ ਸਮਾਂ ਵਧਾਉਣਾ ਪਵੇਗਾ।

**ਵਪਾਰ ਨੂੰ ਵੇਚਣਾ:** ਅਸੀਂ ਤਕਰੀਬਨ ਸਾਰੇ ਵਪਾਰਾਂ ਵਿਚੋਂ ਹੀ ਪੈਸੇ ਕਮਾਏ। ਦੋ ਵਪਾਰਾਂ ਵਿਚੋਂ ਸਾਨੂੰ ਕੁਝ ਪੈਸੇ ਘਟੇ ਵੀ। ਪੈਸੇ ਕਮਾਉਣ ਦਾ ਕਾਰਨ ਇਹ ਸੀ ਕਿ ਅਸੀਂ ਸਾਰੀਆਂ ਖ਼ਰੀਦਾਂ ਅਤੇ ਵਿਕਰੀਆਂ ਦਾ ਪੂਰਾ ਰਿਕਾਰਡ ਰੱਖਦੇ ਸੀ। ਹੋਣ ਵਾਲੇ ਵਪਾਰ ਦੇ ਖ਼ਰੀਦਦਾਰ ਕਈ ਵਾਰ ਇਹ ਵੀ ਪੁੱਛਦੇ ਸੀ ਕਿ ਸਾਡੀ ਦੋ ਨੰਬਰ ਦੀ ਵਿਕਰੀ ਕਿੰਨੀ ਹੈ? ਅਜਿਹਾ ਪੁੱਛਣ ਤੇ ਮੈਂ ਕਹਿੰਦਾ ਕਿ ਅਸੀਂ ਦੋ ਨੰਬਰ ਦਾ ਕੰਮ ਨਹੀਂ ਕਰਦੇ, ਕਈ ਵਪਾਰੀ ਹੈਰਾਨ ਵੀ ਹੋ ਜਾਂਦੇ ਸਨ। ਦੋ ਵਪਾਰਾਂ ਵਿਚ ਅਸੀਂ ਖ਼ਰੀਦਦਾਰ ਨੂੰ ਫੰਡੂਲਾਕ ਅਤੇ ਮਾਲ ਐਪਲਟਲ ਵਿਚ ਲੋਨ ਆਪਣੇ ਐੱਮ ਐਂਡ ਆਈ ਬੈਂਕ ਤੋਂ ਅਪਰੂਵ ਕਰਵਾ ਕੇ ਦੇ ਦਿੱਤਾ ਸੀ। ਸਾਡੇ ਬੈਂਕ ਨਾਲ ਬਹੁਤ ਵਧੀਆ ਰਿਸ਼ਤੇ ਸਨ। ਮਾਰਕ ਸਟਰ ਨੇ ਇਹ ਲੋਨ ਆਰਾਮ ਨਾਲ ਸੈਂਕਸ਼ਨ ਕਰ ਦਿੱਤੇ। ਇਸ ਨਾਲ ਨਵੇਂ ਖ਼ਰੀਦਦਾਰ ਦਾ ਵੀ ਭਲਾ ਹੋਇਆ ਤੇ ਸਾਡੇ ਵਪਾਰ ਵਿਚ ਵਾਧਾ ਵੀ ਹੋਇਆ।

# ਵਪਾਰ ਚਲਾਉਣਾ

**ਵਪਾਰ ਨੂੰ ਕਾਮਯਾਬੀ ਨਾਲ ਚਲਾਉਣਾ:-** ਵਪਾਰ ਖ਼ਰੀਦਣਾ ਇੱਕ ਗੱਲ ਹੈ, ਅਤੇ ਉਸ ਨੂੰ ਕਾਮਯਾਬੀ ਨਾਲ ਚਲਾਉਣਾ, ਦੂਜੀ ਵੱਡੀ ਗੱਲ ਹੈ। ਵਪਾਰ ਨੂੰ ਇਸ ਤਰੀਕੇ ਨਾਲ ਚਲਾਉਣਾ ਚਾਹੀਦਾ ਹੈ ਕਿ ਇਹ ਆਰਥਿਕ ਤੌਰ ਤੇ ਲਾਹੇਵੰਦ ਹੋਵੇ ਅਤੇ ਵਪਾਰ ਦਾ ਨਾਮ ਵੀ ਬਣੇ। ਇਕ ਵਾਰ ਵਪਾਰ ਦਾ ਨਾਮ ਬਣ ਗਿਆ, ਤਾਂ ਇਹ ਮਾਲਕ ਨੂੰ ਇੱਜ਼ਤਦਾਰ ਰੋਟੀ ਤੋਂ ਇਲਾਵਾ ਹੋਰ ਲੋਕਾਂ ਨੂੰ ਰੁਜ਼ਗਾਰ ਵੀ ਦਿੰਦਾ ਹੈ। ਸਰਕਾਰ ਵੀ ਸੇਲ ਟੈਕਸ ਅਤੇ ਆਮਦਨ ਟੈਕਸ ਵਜੋਂ ਪੈਸੇ ਕਮਾਉਂਦੀ ਹੈ। ਇੱਕ ਕਾਮਯਾਬ ਵਪਾਰ ਸਾਰਿਆਂ ਵਾਸਤੇ ਬੱਲੇ-ਬੱਲੇ ਵਾਲੀ ਗੱਲ ਹੈ। ਜਦ ਵੀ ਅਜਿਹਾ ਕਾਰੋਬਾਰ ਵੇਚਿਆ ਜਾਵੇ ਤਾਂ ਉਸ ਦੀ ਚੰਗੀ ਕੀਮਤ ਮਿਲਦੀ ਹੈ। ਇਸ ਦੇ ਉਲਟ ਜੇ ਕਾਰੋਬਾਰ ਵਧੀਆ ਢੰਗ ਨਾਲ ਨਾ ਚਲਾਇਆ ਜਾਵੇ ਤਾਂ ਉਹ ਕਾਰੋਬਾਰ ਆਰਥਿਕ ਤੌਰ ਤੇ ਵੀ ਪਛੜ ਜਾਂਦਾ ਹੈ। ਮਾਲਕ ਨੂੰ ਵੀ ਕੁਝ ਨਹੀਂ ਬਚਦਾ ਅਤੇ ਸਰਕਾਰ ਨੂੰ ਵੀ ਘਾਟਾ ਪੈਂਦਾ ਹੈ। ਇੱਕ ਵਾਰ ਤੁਸੀਂ ਵਪਾਰ ਵਿਚ ਰੋਜ਼ਾਨਾ ਦੇ ਆਧਾਰ ਤੇ ਪੈਸੇ ਗੁਆਉਂਦੇ ਹੋ ਤਾਂ ਇਹ ਅਵਸ਼ ਹੈ, ਕਿ ਜਿਸ ਦਿਨ ਤੁਸੀਂ ਵਪਾਰ ਵੇਚੋਗੇ, ਤਾਂ ਘਾਟੇ 'ਤੇ ਹੀ ਵੇਚੋਗੇ। ਇਸ ਲਈ ਵਪਾਰ ਨੂੰ ਸੰਜੀਦਗੀ ਅਤੇ ਪੂਰੀ ਯੋਗਤਾ ਨਾਲ ਚਲਾਉਣਾ ਬਹੁਤ ਜ਼ਰੂਰੀ ਹੈ। ਹੇਠ ਲਿਖੇ ਪੈਰਿਆਂ ਤੋਂ ਕੁਝ ਹੋਰ ਵਿਸਥਾਰ ਦਾ ਆਪ ਨੂੰ ਪਤਾ ਲੱਗ ਜਾਵੇਗਾ:-

**1. ਵਸੀਅਤ ਲਿਖਣਾ:-** ਅਮਰੀਕਾ ਵਿਚ ਘਰ ਅਤੇ ਹੋਰ ਜਾਇਦਾਦ ਇਨਸਾਨ ਦੇ ਮਰਨ ਤੋਂ ਬਾਅਦ ਵਿਵਾਹਿਤ ਜੋੜਿਆਂ ਵਿਚ ਤਬਦੀਲ ਹੋਣਾ, ਸੁਭਾਵਿਕ ਹੈ। ਜੇ ਪ੍ਰਾਪਰਟੀ ਪਤੀ ਜਾਂ ਪਤਨੀ ਵਿਚੋਂ ਇੱਕ ਦੇ ਨਾਮ ਤੇ ਵੀ ਹੋਵੇ ਤਾਂ ਸਾਰੀ ਜਾਇਦਾਦ ਅਤੇ ਨਕਦੀ ਆਦਿ ਜੀਅ ਰਹੇ ਜੀਵਨ ਸਾਥੀ ਨੂੰ ਮਿਲਦੀ ਹੈ। ਕਈ ਪਰਿਵਾਰ ਇਹੋ ਜਿਹੇ ਹੁੰਦੇ ਹਨ, ਜਿਥੇ ਬੰਦਾ ਅਤੇ ਔਰਤਾਂ ਵਿਆਹ ਤੋਂ ਬਿਨਾਂ ਵੀ ਇਕੱਠੇ ਰਹਿ ਰਹੇ ਹਨ। ਇਸ ਨੂੰ ਲਿਵ ਇਨ ਰਿਸ਼ਤਾ ਕਹਿੰਦੇ ਹਨ। ਅਮਰੀਕਾ ਦੇ ਨਿਯਮਾਂ ਅਨੁਸਾਰ ਜੇ ਤੁਸੀਂ 20 ਸਾਲ ਵੀ ਇਸ ਰਿਸ਼ਤੇ ਵਿਚ ਰਹੇ ਹੋ, ਪਰ ਤੁਸੀਂ ਸ਼ਾਦੀ ਸ਼ੁਦਾ ਨਹੀਂ ਹੋ। ਸ਼ਾਦੀਸ਼ੁਦਾ ਹੋਣ ਲਈ ਤੁਹਾਨੂੰ ਵਿਆਹ ਰਜਿਸਟਰ ਕਰਵਾਉਣਾ ਪੈਂਦਾ ਹੈ। ਵਸੀਅਤ ਕਰਾਉਣ ਤੋਂ ਬਿਨਾਂ ਬੱਚੇ ਜਾਇਦਾਦ ਦੇ ਹੱਕਦਾਰ ਨਹੀਂ ਬਣਦੇ। ਇਸ ਕਰਕੇ ਵਸੀਅਤ ਕਰਾਉਣਾ ਬਹੁਤ ਜ਼ਰੂਰੀ ਹੈ। ਵਸੀਅਤ ਕਰਾਉਣ ਲੱਗਿਆਂ ਚੰਗੇ ਵਕੀਲ ਦੀ ਸਲਾਹ ਲੈ ਲੈਣੀ ਚਾਹੀਦੀ ਹੈ ਤਾਂ ਕਿ ਕੋਈ ਅਜਿਹਾ ਨੁਕਤਾ ਨਾ ਰਹਿ ਜਾਵੇ ਜੋ

ਉਸ ਵਸੀਅਤ ਵਿਚ ਨਾ ਆਇਆ ਹੋਵੇ। ਬੱਚਿਆਂ ਨੂੰ ਪ੍ਰਾਪਰਟੀ ਦਾ ਹਿੱਸਾ ਜਾਂ ਹੋਰ ਨਕਦੀ ਆਦਿ ਤਾਂ ਹੀ ਮਿਲਦੀ ਹੈ ਜੇ ਉਹਨਾਂ ਦੇ ਹੱਕ ਵਿਚ ਮਾਤਾ ਜਾਂ ਪਿਤਾ ਨੇ ਵਸੀਅਤ ਕੀਤੀ ਹੋਵੇ। ਇਸ ਕਰਕੇ ਇਹ ਜ਼ਰੂਰੀ ਹੈ ਕਿ ਜਦੋਂ ਵੀ ਬੱਚਾ ਪੈਦਾ ਹੋਵੇ, ਉਸ ਬਾਰੇ ਵਸੀਅਤ ਲਿਖੀ ਜਾਵੇ।

**2. ਮੈਡੀਕਲ ਵਸੀਅਤ:–** ਆਮ ਵਸੀਅਤ ਤੋਂ ਇਲਾਵਾ ਇੱਕ ਹੋਰ ਵਸੀਅਤ ਵੀ ਹੈ, ਜਿਸ ਨੂੰ ਮੈਡੀਕਲ ਵਸੀਅਤ ਕਹਿ ਸਕਦੇ ਹਾਂ। ਬਿਮਾਰੀ ਦੀ ਹਾਲਤ ਵਿਚ ਜਦੋਂ ਮਰੀਜ਼ ਆਪਣੀ ਸਿਹਤ ਬਾਰੇ ਫ਼ੈਸਲਾ ਲੈਣ ਦੇ ਕਾਬਿਲ ਨਹੀਂ ਹੁੰਦਾ, ਉਸ ਵੇਲੇ ਡਾਕਟਰੀ ਵਸੀਅਤ ਬਹੁਤ ਜ਼ਰੂਰੀ ਹੋ ਜਾਂਦੀ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਤੁਹਾਡੀ ਵਸੀਅਤ ਵਿਚ ਕੋਈ ਦੋਸਤ, ਰਿਸ਼ਤੇਦਾਰ ਜਾਂ ਬੱਚਾ ਨਿਯੁਕਤ ਹੋਵੇ ਜੋ ਕਿ ਤੁਹਾਡੀ ਸਿਹਤ ਬਾਰੇ ਕੋਈ ਫ਼ੈਸਲਾ ਲੈ ਸਕੇ, ਜਦੋਂ ਤੁਸੀਂ ਅਜਿਹਾ ਫ਼ੈਸਲਾ ਲੈਣ ਲਈ ਅਸਮਰਥ ਹੋ। ਇੱਕ ਬਿਮਾਰ, ਕੌਮੇ ਵਿਚ ਚਲਾ ਜਾਂਦਾ ਹੈ ਤੇ ਡਾਕਟਰਾਂ ਨੂੰ ਡਾਕਟਰੀ ਸੇਧ ਚਾਹੀਦੀ ਹੈ। ਸਿਰਫ਼ ਉਹੀ ਇਨਸਾਨ, ਜਿਸ ਕੋਲ ਮਰੀਜ਼ ਦੀ ਕੀਤੀ ਹੋਈ ਮੈਡੀਕਲ ਵਸੀਅਤ ਹੈ ਮਰੀਜ਼ ਬਾਰੇ ਫ਼ੈਸਲਾ ਲੈ ਸਕਦਾ ਹੈ। ਉਸ ਦੇ ਫ਼ੈਸਲੇ ਨੂੰ ਹੀ ਇਲਾਜ ਕਰਨ ਵਾਲੇ ਡਾਕਟਰ ਮੰਨਣਗੇ। ਜਿਵੇਂ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਇਹ ਬਿਹਤਰ ਹੈ ਕਿ ਤੁਸੀਂ ਚੰਗੇ ਵਕੀਲ ਕੋਲ ਜਾਓ ਤਾਂ ਕਿ ਸਾਰੀਆਂ ਸਥਿਤੀਆਂ ਕਵਰ ਹੋ ਜਾਣ ਅਤੇ ਮੈਡੀਕਲ ਵਸੀਅਤ ਇਕ ਸੰਪੂਰਨ ਵਸੀਅਤ ਹੋਵੇ।

ਤੁਹਾਡੇ ਆਪਣੇ ਹੀ ਕਾਮਯਾਬ ਹੋਣ ਨਾਲ ਗੱਲ ਨਹੀਂ ਬਣੇਗੀ। ਇਹ ਹੋਰ ਵੀ ਜ਼ਰੂਰੀ ਹੈ ਕਿ ਤੁਸੀਂ ਆਪਣੇ ਜੀਵਨ ਕਾਲ ਵਿਚ ਫ਼ੈਸਲਾ ਕਰਕੇ ਜਾਓ ਕਿ ਤੁਹਾਡੇ ਤੋਂ ਬਾਅਦ ਇਸ ਜਾਇਦਾਦ ਨੂੰ ਕਾਮਯਾਬੀ ਨਾਲ ਕੌਣ ਚਲਾ ਸਕਦਾ ਹੈ। ਅਮਰੀਕਨ ਕਾਨੂੰਨ ਅਨੁਸਾਰ ਜੇ ਲੜਕਾ ਜਾਂ ਲੜਕੀ ਲਈ ਕੋਈ ਵਸੀਅਤ ਨਹੀਂ ਹੈ ਤਾਂ ਸਾਰੀ ਜਾਇਦਾਦ ਸਰਕਾਰ ਕੋਲ ਚਲੀ ਜਾਂਦੀ ਹੈ। ਇਸ ਲਈ ਅਮਰੀਕਾ ਵਿਚ ਸਿਆਣੇ ਲੋਕ ਬੱਚੇ ਦੇ ਜਨਮ ਤੇ ਹੀ ਵਸੀਅਤ ਕਰ ਦਿੰਦੇ ਹਨ। ਵਪਾਰੀ ਨੇ ਵਪਾਰ ਵਿਚੋਂ ਸਿਰਫ਼ ਪੈਸਾ ਹੀ ਨਹੀਂ ਬਣਾਉਣਾ, ਬਲਕਿ ਕਾਰੋਬਾਰ ਦਾ ਨਾਮ ਵੀ ਬਣਾਉਣਾ ਹੁੰਦਾ ਹੈ।

**3. ਬੀਮਾ:–** ਵਪਾਰ ਲਈ ਇਮਾਰਤਾਂ, ਘਰ ਬਾਰ ਅਤੇ ਮਸ਼ੀਨਰੀ ਆਦਿ ਦਾ ਬੀਮਾ ਕਰਵਾ ਕੇ ਰੱਖੋ। ਮੇਰੇ ਬਚਪਨ ਦੇ ਦੋਸਤ, ਸ਼੍ਰੀ ਬਾਲ ਕ੍ਰਿਸ਼ਨ ਸਿੰਗਲਾ ਜੋ ਪਟਿਆਲੇ ਦੀ ਬਹੁਤ ਵੱਡੀ ਸ਼ਖ਼ਸੀਅਤ ਹੈ, ਕੋਲ ਕਈ ਵਪਾਰ ਸਨ। ਕਈ ਵਪਾਰਾਂ ਵਿਚੋਂ ਇੱਕ ਵਪਾਰ ਸਮਿੰਟ ਦਾ ਸੀ। 1993 ਵਿਚ ਪਟਿਆਲਾ ਸ਼ਹਿਰ ਵਿਚ ਹੜ੍ਹ ਆ ਗਿਆ। ਉਹ ਕੁਝ ਹਫ਼ਤਿਆਂ ਲਈ ਆਸਟ੍ਰੇਲੀਆ ਗਏ ਹੋਏ ਸਨ। ਉਹਨਾਂ ਦੀ ਗ਼ੈਰ-ਹਾਜ਼ਰੀ ਵਿਚ ਹੜ੍ਹ ਨਾਲ ਸਮਿੰਟ ਦਾ ਸਟੋਰ ਪਾਣੀ ਨਾਲ ਭਰ ਗਿਆ ਅਤੇ ਸਾਰਾ ਸਮਿੰਟ ਪਾਣੀ ਵਿਚ ਰੁੜ ਗਿਆ। ਸਟੋਰ ਵਿਚ ਤਕਰੀਬਨ 10 ਲੱਖ ਦਾ ਸਮਿੰਟ ਦਾ ਸਟਾਕ ਸੀ।

ਉਸ ਦੀ ਬੀਮਾ ਪਲਿਸੀ ਦੀ ਮਿਤੀ ਅਜੇ ਕੁਝ ਦਿਨ ਪਹਿਲਾਂ ਹੀ ਖਤਮ ਹੋ ਗਈ ਸੀ, ਜਦੋਂ ਉਹ ਆਸਟ੍ਰੇਲੀਆ ਗਏ ਹੋਏ ਸਨ। ਉਹਨਾਂ ਨੂੰ ਕਲੇਮ ਦਾ ਇਕ ਵੀ ਪੈਸਾ ਨਹੀਂ ਮਿਲਿਆ। ਬਾਲ ਕ੍ਰਿਸ਼ਨ ਪਿਛਲੇ 60 ਸਾਲਾਂ ਤੋਂ ਮੇਰਾ ਬਹੁਤ ਪਿਆਰਾ ਮਿੱਤਰ ਹੈ। ਇਸ ਘਟਨਾ ਤੋਂ ਅਸੀਂ ਇਹ ਸਬਕ ਸਿਖਿਆ ਕਿ ਅਸੀਂ ਬੀਮੇ ਦੀ ਹਰ ਪੇਮੈਂਟ ਈ.ਐੱਫ.ਟੀ ਰਾਹੀਂ ਕਰਦੇ ਸੀ। ਈ.ਐਫ.ਟੀ ਦਾ ਪੂਰਾ ਨਾਮ ਇਲੈਕਟ੍ਰਾਨਿਕ ਫੰਡ ਟਰਾਂਸਫਰ ਹੈ। ਜੇ ਤੁਸੀਂ ਭੁੱਲ ਵੀ ਜਾਓ ਤਾਂ ਬੈਂਕ ਮਿਥੇ ਦਿਨ ਨੂੰ ਬੀਮਾ ਕੰਪਨੀ ਦੇ ਪੈਸੇ ਭਰ ਦਿੰਦਾ ਹੈ ਤੇ ਤੁਸੀਂ ਸਦਾ ਲਈ ਸੁਰੱਖਿਅਤ ਰਹਿੰਦੇ ਹੋ।

**4. ਨਿੱਜੀ ਬੀਮਾ:–** ਨਿਜੀ ਬੀਮਾ ਦੋ ਤਰ੍ਹਾਂ ਦਾ ਹੁੰਦਾ ਹੈ। ਇੱਕ ਆਮ ਅਤੇ ਦੂਜਾ ਟਰਮ। ਟਰਮ ਬੀਮਾ ਸਿਰਫ਼ ਇੱਕ ਸਾਲ ਦਾ ਹੁੰਦਾ ਹੈ ਅਤੇ ਇਸ ਦੀ ਮਹੀਨਾਵਾਰ ਕਿਸ਼ਤ ਵੀ ਬਹੁਤ ਘੱਟ ਹੁੰਦੀ ਹੈ। ਜੇ ਕੋਈ ਅਣਸੁਖਾਵੀਂ ਘਟਨਾ ਇਕ ਸਾਲ ਵਿਚ ਹੋ ਜਾਵੇ ਤਾਂ ਲਾਭਪਾਤਰੀ ਨੂੰ ਪੂਰਾ ਲਾਭ ਮਿਲਦਾ ਹੈ। ਇਹ ਮਹਤੱਵਪੂਰਨ ਹੈ ਕਿ ਜਿੰਨਾ ਕਰਜ਼ਾ ਬੈਂਕ ਨੂੰ ਦੇਣਾ ਹੈ ਉਸ ਤੋਂ ਵੱਧ ਦਾ ਬੀਮਾ ਕਰਵਾਓ। ਇਸ ਦਾ ਮੰਤਵ ਇਹ ਹੁੰਦਾ ਹੈ ਕਿ ਜੇ ਕੋਈ ਦੁਰਘਟਨਾ ਹੋ ਜਾਵੇ, ਪਿਛੇ ਰਹਿੰਦੇ ਘਰ ਦੇ ਜੀਆਂ ਦੀਆਂ ਲੋੜਾਂ ਦੀ ਰੱਖਿਆ ਹੋ ਜਾਵੇ। ਬੈਂਕ ਨੂੰ ਕਰਜ਼ਾ ਦੇਣ ਤੋਂ ਬਾਅਦ ਵੀ ਨਿਰਭਰ ਪਰਿਵਾਰ ਨੂੰ ਕੁਝ ਪੈਸਾ ਬਚ ਜਾਵੇ। ਦੂਜੇ ਸ਼ਬਦਾਂ ਵਿਚ ਉਹ ਆਪਣਾ ਜੀਵਨ ਪੱਧਰ ਡਿੱਗਣ ਤੋਂ ਬਚ ਜਾਣ। ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਜੀਵਨ ਸਾਥੀ ਨੂੰ ਪੂਰੀ ਤਰ੍ਹਾਂ ਬੀਮੇ ਨਾਲ ਸੁਰੱਖਿਅਤ ਰੱਖੋ ਅਤੇ ਬੀਮੇ ਦੀਆਂ ਕਿਸ਼ਤਾਂ ਈ.ਐਫ.ਟੀ ਰਾਹੀਂ ਦਿਓ। ਇਹ ਬੀਮਾ ਕਰਾਉਣਾ, ਬੈਂਕ ਤੋਂ ਲੋਨ ਲੈਣ ਲਈ ਵੀ ਬਹੁਤ ਸਹਾਇਕ ਹੁੰਦਾ ਹੈ। ਮੈਡੀਸਨ ਵਿਖੇ ਮੇਰੇ ਪਹਿਲੇ ਬੈਂਕ ਲੋਨ ਲਈ ਬੈਂਕ ਨੇ ਮੈਨੂੰ ਕਿਹਾ ਕਿ ਮੈਂ ਇੱਕ ਲੱਖ ਦਾ ਬੀਮਾ ਕਰਵਾਵਾਂ ਅਤੇ ਬੈਂਕ ਨੂੰ ਪਾਰਟੀ ਬਣਾਵਾਂ। ਚਾਹੇ ਮੇਰੀ ਉਮਰ ਉਸ ਸਮੇਂ 50 ਸਾਲ ਦੀ ਹੀ ਸੀ ਅਤੇ ਕਰਜ਼ਾ ਸਿਰਫ਼ 90,000 ਦਾ ਸੀ, ਪਰ ਬੈਂਕ ਅਫ਼ਸਰ ਸੁਰੱਖਿਅਤ ਮਹਿਸੂਸ ਕਰਨਾ ਚਾਹੁੰਦਾ ਸੀ। ਉਸ ਤੋਂ ਬਾਅਦ ਕਦੇ ਕਿਸੇ ਬੈਂਕ ਨੇ ਇਹ ਗੱਲ ਨਹੀਂ ਪੁੱਛੀ, ਪਰ ਮੈਂ ਹਮੇਸ਼ਾ ਲੋਨ ਤੋਂ ਵੱਧ ਦਾ ਬੀਮਾ ਕਰਵਾ ਲੈਂਦਾ ਸੀ ਅਤੇ ਇਸ ਗੱਲ ਨੇ ਮੈਨੂੰ ਲੋਨ ਲੈਣ ਵਿਚ ਬਹੁਤ ਸਹਾਇਤਾ ਕੀਤੀ। ਬੈਂਕ ਵੀ ਮੈਨੂੰ ਆਰਾਮ ਨਾਲ ਲੋਨ ਦੇ ਦਿੰਦੇ ਸਨ, ਕਿਉਂਕਿ ਉਹ ਮੈਨੂੰ ਜ਼ਿੰਮੇਵਾਰ ਅਤੇ ਸੰਜੀਦਾ ਕਰਜ਼ਦਾਰ ਸਮਝਦੇ ਸਨ।

**5. ਵਾਤਾਵਰਣ:–** ਵਪਾਰ ਦਾ ਅੰਦਰਲਾ ਵਾਤਾਵਰਣ ਹਮੇਸ਼ਾ ਅੱਛਾ ਰੱਖਣਾ ਚਾਹੀਦਾ ਹੈ। ਨਮੀ ਤੇ ਗਰਮੀ ਨਾਲ ਗਾਹਕ ਨੂੰ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ। ਸਰਦੀ ਵਿਚ ਸਟੋਰ ਵਿਚ ਨਿਘਾਸ ਰੱਖੋ। ਰਾਤ ਨੂੰ ਸਟੋਰ ਬੰਦ ਕਰਨ ਲੱਗਿਆਂ ਕਦੇ ਵੀ ਏ.ਸੀ ਬੰਦ ਨਾ ਕਰੋ। ਅਸੀਂ ਇਹ ਸਬਕ, ਦੋ ਨੰਬਰ ਵਪਾਰ ਕਰਦਿਆਂ ਮੈਡੀਸਨ ਵਿਖੇ ਸਿੱਖਿਆ। ਅਸੀਂ ਬਿਜਲੀ ਦੀ ਬੱਚਤ ਕਰਨ ਲਈ ਰਾਤ ਨੂੰ ਸਟੋਰ ਬੰਦ ਕਰਦੇ ਸਮੇਂ

ਏ.ਸੀ ਯੂਨਿਟ ਵੀ ਬੰਦ ਕਰ ਦਿੰਦੇ ਸੀ। ਗਰਮੀਆਂ ਦੇ ਮਹੀਨਿਆਂ ਵਿਚ ਜਦੋਂ ਅਸੀਂ ਸਵੇਰੇ ਵਪਾਰ ਤੇ ਆਉਂਦੇ ਤਾਂ ਸਾਰੇ ਕਮਰੇ ਗਰਮ ਹੁੰਦੇ ਸਨ। ਅਸੀਂ ਕੂਲਿੰਗ ਤੇ ਹੀਟਿੰਗ ਕੰਪਨੀ ਬੁਲਾਈ, ਉਸ ਨੇ 50 ਡਾਲਰ ਲਏ ਅਤੇ ਮੈਨੂੰ ਇੱਕ ਸਬਕ ਦਿੱਤਾ ਕਿ ਰਾਤ ਨੂੰ ਕਦੇ ਵੀ ਏ.ਸੀ ਬੰਦ ਨਾ ਕਰੋ। ਸਾਰੇ ਕੂਲਰ ਅਤੇ ਫਰੀਜ਼ਰ ਗਰਮੀ ਛੱਡਦੇ ਹਨ। ਜੇ ਅਸੀਂ ਏ.ਸੀ ਬੰਦ ਕਰ ਦਿਆਂਗੇ ਤਾਂ ਇੰਨੀ ਗਰਮੀ ਸਟੋਰ ਵਿਚ ਇਕੱਠੀ ਹੋ ਜਾਂਦੀ ਹੈ ਕਿ ਏ.ਸੀ ਨੂੰ ਗਰਮੀ, ਠੰਢ ਵਿਚ ਤਬਦੀਲ ਕਰਨ ਲਈ ਕਈ ਘੰਟੇ ਲੱਗ ਜਾਂਦੇ ਹਨ। ਮੇਰਾ ਛੋਟਾ ਭਰਾ, ਸਤਵੰਤ ਸਿੰਘ ਕਾਲੇਕਾ (ਸ਼ਹੀਦ) ਕੋਲ ਮਿਲਵਾਕੀ ਦੇ 13ਵੀਂ ਸਟਰੀਟ ਉਤੇ ਇਕ ਸਟੋਰ ਸੀ। ਉਸ ਦੇ ਸਟੋਰ ਵਿਚ ਏ.ਸੀ ਨਹੀਂ ਸੀ ਲੱਗਿਆ ਹੋਇਆ। ਉਸ ਦਾ ਆਂਢ-ਗੁਆਂਢ ਗਰੀਬ ਸੀ ਅਤੇ ਉਹਨਾਂ ਨੇ ਏ.ਸੀ. ਦਾ ਨਾ ਹੋਣਾ ਕਦੇ ਬੁਰਾ ਨਹੀਂ ਸਮਝਿਆ। ਮੈਂ ਛੋਟੇ ਭਰਾ ਨੂੰ ਸਮਝਾਇਆ ਕਿ ਉਹ ਏ.ਸੀ ਜ਼ਰੂਰ ਲਗਾ ਲਵੇ ਕਿਉਂਕਿ ਗਾਹਕ ਤਾਂ 10 ਮਿੰਟ ਲਈ ਹੀ ਆਉਂਦਾ ਹੈ ਪਰ ਉਹ ਉਥੇ 10 ਘੰਟੇ ਕੰਮ ਕਰਦਾ ਸੀ। ਜੇ ਤੁਸੀਂ ਵਪਾਰ ਕਾਮਯਾਬੀ ਨਾਲ ਚਲਾਉਣਾ ਹੈ ਤੇ ਉਸ ਨੂੰ ਯੋਗਤਾ ਨਾਲ ਚਲਾਉਣਾ ਬਹੁਤ ਜ਼ਰੂਰੀ ਹੈ।

**6. ਸਫ਼ਾਈ:-** ਅਸੀਂ ਦਸ ਦੇ ਦਸ ਵਪਾਰ ਗੋਰਿਆਂ ਦੇ ਆਸ-ਪੜੋਸ ਵਿਚ ਹੀ ਕੀਤੇ ਅਤੇ ਉਹ ਤੁਹਾਡੀ ਪ੍ਰੋਫ਼ੈਸਨਲ ਪਹੁੰਚ ਨੂੰ ਬਹੁਤ ਵਧੀਆ ਸਮਝਦੇ ਸਨ। ਕਿਸੇ ਵਪਾਰ ਨੂੰ ਯੋਗਤਾ ਨਾਲ ਚਲਾਉਣ ਵਿਚ ਸਫ਼ਾਈ ਸਭ ਤੋਂ ਵੱਡੀ ਜ਼ਰੂਰਤ ਹੈ। ਆਪਣਾ ਸਟਾਕ, ਰੈਕ ਅਤੇ ਫਰਸ਼ ਸਦਾ ਸਾਫ਼ ਰੱਖੋ। ਕਈ ਵਾਰ ਇਮਾਰਤ ਦੇ ਬਾਹਰ ਕਾਗਜ਼ ਅਤੇ ਸਿਗਰੇਟ ਆਦਿ ਦੇ ਟੋਟੇ ਵੀ ਪਏ ਦਿਸਦੇ ਹਨ। ਬਾਥਰੂਮਾਂ ਨੂੰ ਦਿਨ ਵਿਚ ਦੋ ਵਾਰ ਜ਼ਰੂਰ ਸਾਫ਼ ਕਰੋ ਅਤੇ ਸਫ਼ਾਈ ਤੋਂ ਬਾਅਦ ਏਅਰ ਫਰੈਸ਼ਨਰ ਮਾਰੋ। ਸਭ ਤੋਂ ਵਧੀਆ ਗੁਸਲਖਾਨਾ ਉਹ ਹੈ ਜੋ ਖੁਸ਼ਕ ਅਤੇ ਸਾਫ਼ ਹੁੰਦਾ ਹੈ ਅਤੇ ਜਿਸ ਵਿਚੋਂ ਖੁਸ਼ਬੂ ਆਵੇ। ਅੰਦਰੋਂ ਬਾਹਰੋਂ ਸਫ਼ਾਈ ਕਰਦਿਆਂ, ਝਾੜੂ ਪੋਚੇ ਮਾਰਦਿਆਂ ਇਸ ਗੱਲ ਦਾ ਧਿਆਨ ਰੱਖੋ ਕਿ ਤੁਸੀਂ ਗਾਹਕ ਨੂੰ ਪਰੇਸ਼ਾਨ ਤਾਂ ਨਹੀਂ ਕਰ ਰਹੇ। ਸਿਆਣੇ ਵਪਾਰੀ ਸਟੋਰ ਬੰਦ ਕਰਨ ਤੋਂ ਇੱਕ ਘੰਟਾ ਪਹਿਲਾਂ ਝਾੜੂ ਮਾਰਦੇ ਹਨ ਅਤੇ ਅੱਧਾ ਘੰਟਾ ਪਹਿਲਾਂ ਪੋਚਾ ਮਾਰਦੇ ਹਨ।

**7. ਪਾਰਕਿੰਗ:-** ਪਾਰਕਿੰਗ ਲਾਟ ਨੂੰ ਰੋਜ਼ਾਨਾ ਸਾਫ਼ ਕਰਨਾ ਚਾਹੀਦਾ ਹੈ। ਜਦੋਂ ਇਹ ਮੱਧਮ ਪੈ ਜਾਵੇ ਇਸ ਉਤੇ ਰੰਗ ਮਾਰਨਾ ਚਾਹੀਦਾ ਹੈ। ਉਸ ਤੋਂ ਬਾਅਦ ਚਿੱਟੀਆਂ ਤੇ ਪੀਲੀਆਂ ਲਾਈਨਾਂ ਮਾਰਨੀਆਂ ਚਾਹੀਦੀਆਂ ਹਨ। ਅਪਾਹਜ ਲੋਕਾਂ ਲਈ ਕੁਝ ਪਾਰਕਿੰਗ ਛੱਡਣੀ ਚਾਹੀਦੀ ਹੈ ਅਤੇ ਅਪਾਹਜ ਦਾ ਚਿੰਨ੍ਹ ਵੀ ਲਾਉਣਾ ਚਾਹੀਦਾ ਹੈ। ਸਾਨੂੰ ਭਾਰਤੀਆਂ ਨੂੰ ਆਦਤ ਹੈ ਕਿ ਅਸੀਂ ਆਪਣੀ ਗੱਡੀ ਵਪਾਰ ਦੀ ਸਭ ਤੋਂ ਚੰਗੀ ਥਾਂ ਤੇ ਲਾਉਂਦੇ ਹਾਂ। ਅਸਲ ਵਿਚ ਸਾਨੂੰ ਚੰਗੀ ਥਾਂ ਗਾਹਕ ਲਈ ਛੱਡਣੀ ਚਾਹੀਦੀ ਹੈ ਅਤੇ ਆਪਣੀ ਗੱਡੀ ਕਿਸੇ ਹੋਰ ਥਾਂ ਤੇ ਲਾਉਣੀ ਚਾਹੀਦੀ ਹੈ।

8. ਭਾਸ਼ਾ:- ਜੇ ਅਸੀਂ ਅਮਰੀਕਾ ਵਿਚ ਵਪਾਰ ਕਰਨਾ ਹੈ ਤਾਂ ਸਾਨੂੰ ਲੋਕਾਂ ਸਾਹਮਣੇ ਅੰਗਰੇਜ਼ੀ ਬੋਲਣੀ ਚਾਹੀਦੀ ਹੈ। ਜਦੋਂ ਅਸੀਂ ਹਿੰਦੁਸਤਾਨੀ ਭਾਸ਼ਾਵਾਂ ਵਿਚ ਬੋਲਦੇ ਹਾਂ ਅਤੇ ਲੋਕਾਂ ਸਾਹਮਣੇ ਬੋਲਦੇ ਹਾਂ, ਅਮਰੀਕਨ ਸਾਡੇ ਬਾਰੇ ਸ਼ੱਕ ਕਰਨ ਲੱਗ ਜਾਂਦੇ ਹਨ। ਉਂਝ ਵੀ, ਇਹ ਸਭਿਅਕ ਨਹੀਂ ਲੱਗਦਾ। ਅਸੀਂ ਤਾਂ ਹਰ ਵਪਾਰ ਵਿਚ ਇਕ ਛੋਟੀ ਜਿਹੀ ਥਾਂ ਵਿਚ ਦਫ਼ਤਰ ਬਣਾ ਲੈਂਦੇ ਸੀ ਜਿਥੇ ਬੈਠ ਕੇ ਅਸੀਂ ਗੱਲਾਂ ਕਰ ਸਕਦੇ ਸੀ ਜਾਂ ਟੈਲੀਫੋਨ ਕਰਦੇ ਸੀ।

**9. ਖਾਣਾ:-** ਦੇਸੀ ਖਾਣਾ ਖਾਣ ਬਾਰੇ ਮੈਂ ਦੇਖਿਆ ਹੈ ਕਿ ਜਦੋਂ ਹਿੰਦੁਸਤਾਨੀ ਖਾਣਾ ਗਰਮ ਹੁੰਦਾ ਹੈ ਤਾਂ ਤੇਲ ਦੀ ਬਦਬੂ ਆਉਂਦੀ ਹੈ ਜੋ ਅਮਰੀਕਨ ਲੋਕਾਂ ਨੂੰ ਚੰਗੀ ਨਹੀਂ ਲੱਗਦੀ। ਇਸ ਦੇ ਨਾਲ ਵਪਾਰ ਦੀ ਦਿਖ ਸੁਖਾਵੀਂ ਨਹੀਂ ਲੱਗਦੀ।

**10. ਕਾਮੇ ਦੀ ਦਿਖ:-** ਅਸੀਂ ਸਾਰਾ ਕੰਮ ਚੰਗੇ ਕੱਪੜੇ ਪਾ ਕੇ ਹੀ ਕਰਦੇ ਸੀ। ਕਦੇ ਵੀ ਗੰਦੇ ਜਾਂ ਫੱਟੇ ਕੱਪੜੇ ਨਹੀਂ ਪਾਉਣੇ ਚਾਹੀਦੇ। ਮੈਂ ਹਮੇਸ਼ਾ ਪੱਗ ਬੰਨ੍ਹ ਕੇ ਹੀ ਕੰਮ ਕਰਦਾ ਸੀ ਅਤੇ ਅਮਰੀਕਾ ਵਿਚ ਇਨੇ ਸਾਲ ਕੰਮ ਕਰਦਿਆਂ ਕੋਈ ਸਮੱਸਿਆ ਨਹੀਂ ਆਈ। ਤੁਸੀਂ ਵੀ ਇਸ ਤਰ੍ਹਾਂ ਹੀ ਕਰ ਸਕਦੇ ਹੋ। ਮੈਂ ਸਿੱਖ ਸੇਵਾਦਾਰ ਜੋ ਗੁਰਦੁਆਰਾ ਸਾਹਿਬ ਵਿਚ  ਕੰਮ ਕਰਦੇ ਸੀ, ਉਹਨਾਂ ਨੂੰ ਵਪਾਰਾਂ ਤੇ ਖੁੱਲ੍ਹੀਆਂ ਦਾਹੜੀਆਂ ਤੇ ਕਿਰਪਾਨ ਪਾ ਕੇ ਕੰਮ ਕਰਦੇ ਦੇਖਿਆ ਹੈ। ਜੇ ਤੁਸੀਂ ਹਜ਼ਾਮਤ ਕਰਦੇ ਹੋ ਤਾਂ ਤੁਹਾਨੂੰ ਰੋਜ਼ਾਨਾ ਹਜ਼ਾਮਤ ਕਰਨੀ ਚਾਹੀਦੀ ਹੈ। ਅੱਧੀ ਪਚੱਧੀ ਦਾਹੜੀ, ਗਾਹਕ ਤੇ ਚੰਗਾ ਪ੍ਰਭਾਵ ਨਹੀਂ ਪਾਉਂਦੀ। ਅਮਰੀਕਨ ਬਹੁਤ ਭੋਲੇ-ਭਾਲੇ ਲੋਕ ਹੁੰਦੇ ਹਨ। ਉਹ ਤੁਹਾਨੂੰ ਮੁਸਲਮਾਨ ਸਮਝ ਲੈਂਦੇ ਹਨ। 9/11 ਤੋਂ ਬਾਅਦ ਅਮਰੀਕਨ ਮੁਸਲਮਾਨਾਂ ਨੂੰ ਜ਼ਿਆਦਾ ਪਸੰਦ ਨਹੀਂ ਕਰਦੇ।

**11. ਬੱਚਤ:-** ਅਸੀਂ ਭਾਰਤੀ ਲੋਕ, ਬੱਚਤ ਕਰਨ ਵਿਚ ਬਹੁਤ ਹੁਸ਼ਿਆਰ ਹਾਂ। ਸਾਰੀ ਦੁਨੀਆ ਵਿਚ ਕੁਝ ਕਤਲ ਪੈਸੇ ਨਾ ਮੋੜਨ ਦੇ ਸਬੰਧ ਵਿਚ ਹੀ ਹੋਏ ਹਨ, ਜਦ ਕਿ ਲੈਣਦਾਰ ਨੂੰ ਪੈਸੇ ਨਾ ਮੋੜਨ ਦੇ ਚੱਕਰ ਵਿਚ ਕਤਲ ਕੀਤਾ ਗਿਆ। ਇਸ ਕਰਕੇ ਇਸ ਗੱਲ ਬਾਰੇ ਬਹੁਤ ਚੋਕੰਨੇ ਰਹੋ। ਅਮਰੀਕਾ ਵਿਚ ਐੱਫ.ਡੀ ਦਾ ਵਿਆਜ ਵੱਧ ਰਹੀ ਮਹਿੰਗਾਈ ਨਾਲੋਂ ਵੀ ਘੱਟ ਹੈ। ਅਜਿਹੇ ਹਾਲਾਤ ਵਿਚ ਸੋਨਾ ਖ਼ਰੀਦ ਲੈਣਾ ਅਜੇ ਵੀ ਕਾਫ਼ੀ ਚੰਗਾ ਵਿਕਲਪ ਹੈ।

ਅਧਿਆਇ 24

# ਸਿੱਟਾ

ਅਮਰੀਕਾ, ਉਤਸ਼ਾਹਪੂਰਵਕ ਲੋਕਾਂ ਲਈ ਅੱਜ ਵੀ ਸੁਪਨਿਆਂ ਦੀ ਧਰਤੀ ਹੈ। ਅਮਰੀਕਾ 1776 ਵਿਚ ਅੰਗਰੇਜ਼ਾਂ ਦੇ ਰਾਜ ਤੋਂ ਆਜ਼ਾਦ ਹੋਣ ਤੋਂ ਤਕਰੀਬਨ ਪਹਿਲੀ ਸੰਸਾਰਕ ਯੁੱਧ ਦੇ ਖਤਮ ਹੋਣ ਤੱਕ ਦੁਨੀਆਂ ਦੀ ਇੱਕ ਨੰਬਰ ਸ਼ਕਤੀ ਬਣ ਗਿਆ। ਦੂਜੀ ਸੰਸਾਰ ਯੁੱਧ ਵਿਚ ਵੀ ਅਮਰੀਕਾ ਹੋਰ ਤਰੱਕੀ ਕਰ ਗਿਆ। ਅਮਰੀਕਾ ਦੀਆਂ ਲੋਕ ਰਾਜੀ ਪ੍ਰੰਪਰਾਵਾਂ ਕਰਕੇ ਦੁਨੀਆ ਦੀ ਹਰਮਨ ਪਿਆਰੀ ਜਗ੍ਹਾ ਬਣ ਗਈ। ਤਰੱਕੀ ਕਰਨ ਦਾ ਹਰ ਚਾਹਵਾਨ ਚਾਹੇ ਉਹ ਯੂਰਪ ਦਾ ਹੋਵੇ, ਚਾਹੇ ਏਸ਼ੀਆ ਦਾ ਹੋਵੇ ਜਾਂ ਚਾਹੇ ਅਫਰੀਕਾ ਅਤੇ ਸਾਊਥ ਅਮਰੀਕਾ ਦਾ ਹੋਵੇ, ਹਰੇਕ ਦੀ ਜੀਵਨ ਦੀ ਇੱਛਾ ਅਮਰੀਕਾ ਜਾਣ ਦੀ ਹੀ ਹੋ ਗਈ ਹੈ। ਅਮਰੀਕਾ ਦੇ ਲੋਕ ਉਦਾਰਵਾਦੀ ਹਨ। ਅਮਰੀਕਾ ਵਿਚ ਕਾਰੋਬਾਰ ਅਤੇ ਨੌਕਰੀਆਂ ਦੇ ਬਹੁਤ ਖੁੱਲ੍ਹੇ ਮੌਕੇ ਹਨ। ਉਥੇ ਜੀਵਨ ਬਹੁਤ ਸੁਖਾਲਾ ਹੈ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਅਮਰੀਕਾ ਮਹਾਨ ਕਿਵੇਂ ਬਣਿਆ? 1996 ਦੀ ਗੱਲ ਹੈ, ਅਸੀਂ ਮੈਡੀਸਨ ਸ਼ਹਿਰ ਵਿਖੇ ਵਪਾਰ ਕਰੇ ਰਹੇ ਸੀ। ਦੋ ਅਮਰੀਕੀ ਸਾਡੇ ਸਟੋਰ ਵਿਚ ਖੜ੍ਹੇ ਗੱਲਾਂ ਕਰ ਰਹੇ ਸਨ ਤੇ ਇਹੀ ਸਵਾਲ ਤੇ ਬਹਿਸ ਹੋ ਰਹੀ ਸੀ ਕਿ ਅਮਰੀਕਾ ਨੂੰ ਮਹਾਨ ਕਿਸ ਨੇ ਬਣਾਇਆ ਹੈ। ਉਹਨਾਂ ਵਿਚੋਂ ਇਕ ਨੇ ਕਿਹਾ,“ ਚੰਗੀਆਂ ਸੜਕਾਂ, ਚੰਗਾ ਇਨਫਰਾਸਟ੍ਰਕਚਰ ਅਤੇ ਤਕਨਾਲੋਜੀ ਨੇ ਅਮਰੀਕਾ ਨੂੰ ਮਹਾਨ ਬਣਾਇਆ ਹੈ।” ਮੈਂ ਕਿਹਾ,“ ਕੋਲੰਬਸ ਨੇ ਅਮਰੀਕਾ ਨੂੰ 1492 ਵਿਚ ਲੱਭਿਆ। ਉਸ ਨੇ ਅਮਰੀਕਾ ਲੱਭਣ ਵਿਚ ਜਾਨ ਜ਼ੋਖਮ ਵਿਚ ਪਾਈ ਅਤੇ ਸਾਹਸ ਵਾਲਾ ਕੰਮ ਕੀਤਾ। ਉਸ ਤੋਂ ਬਾਅਦ ਲੱਖਾਂ, ਹਿੰਮਤ ਵਾਲੇ ਲੋਕ ਦੁਨੀਆ ਦੇ ਸਾਰੇ ਹਿੱਸਿਆਂ ਵਿਚੋਂ ਆ ਕੇ ਅਮਰੀਕਾ ਵੱਸ ਗਏ। ਉਹਨਾਂ ਸਾਹਸੀ ਲੋਕਾਂ ਨੇ ਹੀ ਅਮਰੀਕਾ ਨੂੰ ਮਹਾਨ ਬਣਾਇਆ।” ਦੋਨੋਂ ਅਮਰੀਕਨ ਮੇਰੀ ਇਸ ਗੱਲ ਨਾਲ ਸਹਿਮਤ ਲੱਗ ਰਹੇ ਸਨ ਅਤੇ ਇਹ ਗੱਲ ਹੈ ਵੀ ਸੱਚ, ਕਿ ਜੋ ਇਨਸਾਨ ਆਪਣੇ ਘਰ ਦੇ ਆਰਾਮ ਛੱਡ ਕੇ ਅਤੇ ਆਪਣੇ ਲੋਕਾਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਛੱਡ ਕੇ ਦੂਜੇ ਦੇਸ਼ਾਂ ਵਿਚ ਜਾਂਦਾ ਹੈ, ਉਹ ਆਮ ਲੋਕਾਂ ਨਾਲੋਂ ਦੁੱਗਣੀ ਗਤੀ ਨਾਲ ਕੰਮ ਕਰਦਾ ਹੈ। ਅਮਰੀਕਾ ਵਿਚ ਹੁਣ ਵੀ ਤਰੱਕੀ ਦੇ ਬਹੁਤ ਵਧੀਆ ਸਾਧਨ ਹਨ। ਚਾਹੇ 2008 ਦੀ ਮੰਦਹਾਲੀ ਦਾ ਵੀ ਕੁਝ ਅਸਰ ਹੈ। ਅਮਰੀਕਾ ਭਵਿੱਖ ਵਿਚ ਵੀ ਸੁਪਨੇ ਸਾਕਾਰ

ਕਰਨ ਵਾਲੀ ਧਰਤੀ ਰਹੇਗੀ। ਸਿਆਸੀ ਆਵਾਜ਼ਾਂ ਇੱਧਰ ਉੱਧਰ ਆਉਂਦੀਆਂ ਰਹਿੰਦੀਆਂ ਹਨ ਪਰ ਇਸ ਨਾਲ ਅਮਰੀਕਨ ਲੋਕਾਂ ਦੇ ਖੁਲ੍ਹੇ ਡੁੱਲੇ ਸੁਭਾਅ ਨੂੰ ਕੋਈ ਫ਼ਰਕ ਨਹੀਂ ਪੈ ਰਿਹਾ।

ਅਮਰੀਕਾ ਵਿਚ ਬਹੁਤ ਕਾਮਯਾਬ ਭਾਰਤੀ ਹਨ। ਹਰ ਦੂਸਰਾ ਭਾਰਤੀ ਗਰੈਜੂਏਟ ਹੈ। ਜਦ ਕਿ ਸੱਤਾਂ ਵਿਚੋਂ ਇੱਕ ਅਮਰੀਕਨ ਗਰੈਜੂਏਟ ਹੈ। ਜਿਵੇਂ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ 6% ਡਾਕਟਰ ਭਾਰਤੀ ਹਨ ਹਾਲਾਂਕਿ ਸਾਡੀ ਗਿਣਤੀ 33 ਕਰੋੜ ਵਿਚੋਂ 20 ਕੁ ਲੱਖ ਹੈ ਜੋ ਕਿ 1% ਤੋਂ ਵੀ ਘੱਟ ਹੈ। ਭਾਰਤੀ ਲੋਕ ਸੰਜਮ ਅਤੇ ਮਿਹਨਤ ਨਾਲ ਕੰਮ ਕਰਕੇ ਦਿਨਾਂ ਵਿਚ ਹੀ ਤਰੱਕੀ ਕਰ ਲੈਂਦੇ ਹਨ। ਮੇਰੀ ਅਰਦਾਸ ਹੈ ਕਿ ਉਹ ਅੰਗਰੇਜ਼ੀ ਬੋਲਣ ਅਤੇ ਉਹਨਾਂ ਨੂੰ ਅਮਰੀਕਨਾਂ ਵਾਂਗ ਅੰਗਰੇਜ਼ੀ ਬੋਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਭਾਰਤੀਆਂ ਨੂੰ ਅਮਰੀਕਾ ਦੀਆਂ ਕਦਰਾਂ ਕੀਮਤਾਂ, ਧਰਮ ਅਤੇ ਉਹਨਾਂ ਦੇ ਸਿਆਸੀ ਸਟੈਂਡ ਦਾ ਕਦੇ ਵੀ ਨਿਰਾਦਰ ਨਹੀਂ ਕਰਨਾ ਚਾਹੀਦਾ। ਮੈਂ ਭਾਰਤੀਆਂ ਨੂੰ ਭਾਰਤ ਦੀ ਤਰੀਫ਼ ਅਤੇ ਅਮਰੀਕਾ ਦੀ ਨਿੰਦਿਆ ਕਰਦੇ ਦੇਖਿਆ ਹੈ। ਇਕ ਵਾਰ ਮੈਂ ਕਿਸੇ ਅਮਰੀਕਨ ਨੂੰ ਹੌਲੀ ਜਿਹੀ ਆਵਾਜ਼ ਵਿਚ ਉਸ ਭਾਰਤੀ ਨੂੰ ਇਹ ਸੰਬੋਧਨ ਕਰਦੇ ਵੀ ਸੁਣਿਆ ਹੈ,“ ਜਨਾਬ, ਜੇ ਭਾਰਤ ਇੰਨਾ ਹੀ ਅੱਛਾ ਤੇ ਅਮਰੀਕਾ ਇੰਨਾ ਬੁਰਾ ਤਾਂ ਤੁਸੀਂ ਵਾਪਸ ਭਾਰਤ ਕਿਉਂ ਨਹੀਂ ਚਲੇ ਜਾਂਦੇ।” ਇਸ ਸਮੱਸਿਆ ਦਾ ਹੱਲ ਮੈਂ ਇਸ ਪ੍ਰਕਾਰ ਕੀਤਾ। ਮੈਂ ਹਮੇਸ਼ਾਂ ਕਿਹਾ ਕਿ ਅਮਰੀਕਾ ਮਹਾਨ ਲੋਕ ਰਾਜ ਹੈ ਅਤੇ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕ ਰਾਜ ਹੈ। ਅਸੀਂ ਨਿੱਜੀ ਤੌਰ ਤੇ ਪ੍ਰੰਪਰਿਕ ਭਾਰਤੀ ਜੀਵਨ ਜੀਵਿਆ ਹੈ। ਅਸੀਂ ਅਮਰੀਕਨ ਜੀਵਨ ਵਿਚ ਵੀ ਆਪਣੇ ਧਰਮ ਕਰਮ ਅਨੁਸਾਰ ਰਹੇ। ਪਰ ਫਿਰ ਵੀ ਅਸੀਂ ਕਦੇ ਅਮਰੀਕਨਾਂ ਦੇ ਸੱਭਿਆਚਾਰ ਅਤੇ ਧਰਮ ਦੀ ਨਿੰਦਿਆ ਨਹੀਂ ਕੀਤੀ। ਅਮਰੀਕਾ ਵਿਚ ਸਾਨੂੰ ਕਦੇ ਕੋਈ ਸਮੱਸਿਆ ਨਹੀਂ ਆਈ। ਅਮਰੀਕਨ ਬਹੁਤ ਖੁਲ੍ਹੇ ਦਿਲ ਵਾਲੇ ਲੋਕ ਹਨ। ਇੱਕ ਵਾਰ ਇੱਕ ਅਮਰੀਕਨ ਨੇ ਮੈਨੂੰ ਪੁਛਿਆ, ਕਿ ਮੈਂ ਇੰਨੇ ਮਹਿਕਮਿਆਂ ਵਿਚ ਕੰਮ ਕੀਤਾ ਹੈ ਅਤੇ ਹੁਣ ਅਮਰੀਕਾ ਵਿਚ ਵੀ ਵਪਾਰ ਕਰ ਰਿਹਾ ਹਾਂ, ਇਹ ਕਾਮਯਾਬੀ ਦਾ ਕਾਰਨ ਕੀ ਹੈ? ਮੈਂ ਉਸ ਨੂੰ ਦੱਸਿਆ ਕਿ ਮੈਂ ਇਨਸਾਨ ਦੀ ਪਿਆਰ ਨਾਲ ਸੇਵਾ ਕਰਦਾ ਹਾਂ। ਫੌਜ ਵਿਚ ਉਹ ਇਨਸਾਨ ਸਿਪਾਹੀ ਸੀ ਜੋ ਮੇਰੇ ਹੇਠਾਂ ਕੰਮ ਕਰਦਾ ਰਿਹਾ ਸੀ। ਪ੍ਰੋਫੈਸਰ ਦੇ ਰੂਪ ਵਿਚ ਉਹ ਇਨਸਾਨ ਵਿਦਿਆਰਥੀ ਸੀ, ਜਿਸ ਨੂੰ ਮੈਂ ਪੌਲੀਟਿਕਲ ਸਾਇੰਸ ਪੜ੍ਹਾਉਂਦਾ ਸੀ ਤੇ ਹੋਰ ਦੁਨਿਆਵੀ ਗੱਲਾਂ ਵੀ ਦੱਸਦਾ ਸੀ। ਆਬਕਾਰੀ ਤੇ ਕਰ ਵਿਭਾਗ ਵਿਚ ਉਹ ਇਨਸਾਨ ਵਪਾਰੀ ਸੀ ਅਤੇ ਸ਼ਰਾਬ ਦਾ ਠੇਕੇਦਾਰ ਸੀ। ਮੈਂ ਉਸ ਨੂੰ ਦੱਸਿਆ ਕਿ ਉਹੀ ਇਨਸਾਨ ਹੁਣ ਅਮਰੀਕਾ ਗਾਹਕ ਦੇ ਰੂਪ ਵਿਚ ਆਉਂਦਾ ਹੈ। ਜੇ ਤੁਸੀਂ ਇਨਸਾਨ ਦੀ ਪਿਆਰ ਨਾਲ ਸੇਵਾ ਕਰਦੇ ਹੋ ਅਤੇ ਉਸ ਦੀ ਇਜ਼ਤ ਕਰਦੇ ਹੋ ਤਾਂ ਤੁਸੀਂ ਕਦੇ ਫੇਲ੍ਹ ਨਹੀਂ ਹੋ ਸਕਦੇ।

1992 ਵਿਚ ਜਦੋਂ ਅਸੀਂ ਅਮਰੀਕਾ ਜਾਣ ਦਾ ਬਹੁਤ ਵੱਡਾ ਫ਼ੈਸਲਾ ਲਿਆ, ਮੈਂ ਤੇ ਮੇਰੀ ਪਤਨੀ ਨੇ ਸੋਚਿਆ ਕਿ ਸਾਡੇ ਪੁੱਤਰਾਂ ਦੀ ਪੜ੍ਹਾਈ ਵਾਸਤੇ ਸਾਰੀ ਜ਼ਮੀਨ ਜਾਇਦਾਦ ਵੇਚਣਾ ਵੀ ਚੰਗਾ ਹੀ ਹੋਵੇਗਾ। ਆਖਿਰ ਵਿਚ, ਇਹ ਜ਼ਮੀਨ ਅਤੇ ਜਾਇਦਾਦ ਸਾਡੇ ਤੋਂ ਬਾਅਦ ਉਹਨਾਂ ਕੋਲ ਹੀ ਜਾਣੀ ਸੀ। ਇਸ ਕਰਕੇ ਅਸੀਂ ਹਿੰਮਤ ਨਾਲ ਅੱਗੇ ਵਧੇ। ਅਸੀਂ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਅਸੀਂ ਅਮਰੀਕਾ ਵਿਚ ਕਾਰੋਬਾਰ ਕਰਾਂਗੇ ਅਤੇ ਇੰਨੇ ਕਾਮਯਾਬ ਹੋਵਾਂਗੇ। ਅਸੀਂ ਇਮਾਨਦਾਰੀ ਨਾਲ ਮਿਹਨਤ ਕੀਤੀ। ਪ੍ਰਭੂ ਨੇ ਸਾਨੂੰ ਗੌਡਵਿਨ ਆਮਾਗਾਸ਼ੀ ਅਤੇ ਮਾਰਕ ਸਟਰ ਵਰਗੇ ਚੰਗੇ ਬੈਂਕ ਅਫ਼ਸਰ ਮਿਲਾਏ ਜਿਹਨਾਂ ਨੇ ਸਾਨੂੰ ਕਰਜ਼ੇ ਦਿੱਤੇ। ਅਸੀਂ ਉਹਨਾਂ ਹਜ਼ਾਰਾਂ ਲੱਖਾਂ ਅਮਰੀਕੀ ਲੋਕਾਂ ਦੇ ਸ਼ੁਕਰਗੁਜ਼ਾਰ ਹਾਂ ਜਿਹਨਾਂ ਨੇ ਆਪਣੇ ਖੁੱਲ੍ਹੇ ਸੁਭਾਅ ਕਰਕੇ ਸਾਨੂੰ ਖੁੱਲ੍ਹਾ ਵਪਾਰ ਦਿੱਤਾ ਅਤੇ ਸਤਿਕਾਰਯੋਗ ਜੀਵਨ ਦਿਤਾ। ਆਖਿਰ ਵਿਚ ਇਹ ਕਿਤਾਬ ਬੰਦ ਕਰਨ ਤੋਂ ਪਹਿਲਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰੇਕ ਇਨਸਾਨ ਅਲੱਗ ਹੈ ਪਰ ਉਹ ਦਿਮਾਗੀ ਤੌਰ ਤੇ ਪ੍ਰਕਾਸ਼ਮਾਨ ਹੈ। ਜੋ ਕੁਝ ਮੈਂ ਸੋਚਿਆ ਅਤੇ ਲਿਖਿਆ ਹੈ ਉਹ ਮੇਰੀ ਅਕਲ ਅਤੇ ਤਜ਼ਰਬੇ ਦਾ ਨਿਚੋੜ ਹੈ। ਮੈਂ ਇਹ ਆਸ ਕਰਦਾ ਹਾਂ ਕਿ ਇਸ ਤਜ਼ਰਬੇ ਦਾ ਤੁਹਾਨੂੰ ਵੀ ਫ਼ਾਇਦਾ ਹੋਵੇ।

ਮੈਂ ਸੰਪੂਰਨ ਨਹੀਂ ਹਾਂ। ਮੈਂ ਪ੍ਰਭੂ ਦੀ ਹੋਂਦ ਵਿਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਪਾਠਕਾਂ ਲਈ ਰੱਬ ਦੀ ਕਿਰਪਾ ਦੀ ਕਾਮਨਾ ਕਰਦਾ ਹਾਂ।

# ਪਰਿਵਾਰ ਅਤੇ ਵਿਦਿਅਕ ਪਿਛੋਕੜ

17ਵੀਂ ਸਦੀ ਵਿਚ ਸਾਡਾ ਜੱਦੀ ਪਿੰਡ, ਕਾਲੇਕੇ ਹੋਂਦ ਵਿਚ ਆਇਆ। ਪਿੰਡ ਕਾਲੇਕੇ, ਧਨੌਲਾ ਜ਼ਿਲ੍ਹਾ ਬਰਨਾਲਾ ਦੇ ਪਾਸ ਹੈ। ਚੌਧਰੀ ਮਲੂਕਾ ਕਾਲਾ, ਜੋ ਕਿ ਪਿੰਡ ਪਥਰਾਲਾ ਦਾ ਸਰਾਂ ਜੱਟ ਸੀ, ਇਹ ਪਿੰਡ ਦਾ ਮੋਢੀ ਸੀ। ਮਲੂਕਾ ਬਹੁਤ ਬਹਾਦਰ ਤੇ ਨੇਕ ਦਿਲ ਇਨਸਾਨ ਸੀ। ਪਿੰਡ ਹੰਢਿਆਏ ਵਿਚ ਤਿੰਨ-ਚਾਰ ਅਮੀਰ ਵਪਾਰੀ ਰਹਿੰਦੇ ਸਨ, ਜਿਹਨਾਂ ਨੂੰ ਹਰ ਸਾਲ ਡਾਕੂ ਲੁੱਟ ਕੇ ਲੈ ਜਾਂਦੇ ਸਨ। ਕਿਸੇ ਨੇ ਵਪਾਰੀਆਂ ਨੂੰ ਸਲਾਹ ਦਿੱਤੀ ਕਿ ਮਲੂਕਾ ਬਹੁਤ ਹੀ ਨੇਕਦਿਲ ਤੇ ਬਹਾਦਰ ਇਨਸਾਨ ਹੈ, ਜੋ ਤੁਹਾਨੂੰ ਡਾਕੂਆਂ ਤੋਂ ਬਚਾ ਸਕਦਾ ਹੈ। ਹੰਢਿਆਏ ਦੇ ਸੇਠ, ਸ਼ਾਹੂਕਾਰ ਮਲੂਕਾ ਨੂੰ ਮਿਲੇ ਤੇ ਡਾਕੂਆਂ ਤੋਂ ਬਚਾਉਣ ਲਈ ਬੇਨਤੀ ਕੀਤੀ। ਮਲੂਕਾ ਡਾਕੂਆਂ ਦੇ ਆਉਣ ਦੇ ਮੌਸਮ ਵਿਚ ਅੱਠ ਭਾਈ ਭਤੀਜੇ ਲੈ ਕੇ ਪਿੰਡ ਹੰਢਿਆਏ ਆ ਗਿਆ। ਪਿੰਡ ਦੇ ਬਾਹਰ ਜੰਗਲ ਵਿਚ ਡਾਕੂ ਠਹਿਰੇ ਹੋਏ ਸਨ। ਮਲੂਕਾ ਨੇ ਡਾਕੂਆਂ ਨੂੰ ਸੁਨੇਹਾ ਭਿਜਵਾਇਆ,"ਐਸੇ ਕੰਮ ਕਰਨੇ ਛੱਡ ਦਿਓ। ਇਸ ਵਾਰ ਤੁਹਾਨੂੰ ਸੇਠਾਂ ਦੀ ਲੁੱਟ ਤੋਂ ਪਹਿਲਾਂ ਮਲੂਕਾ ਦੇ ਬੰਦਿਆਂ ਨਾਲ ਮੁਕਾਬਲਾ ਕਰਨਾ ਪਏਗਾ।" ਮਲੂਕਾ ਦਾ ਅਸਰ ਬਹੁਤ ਰੋਹਬ ਵਾਲਾ ਸੀ। ਡਾਕੂ ਟਲ ਗਏ। ਹੰਢਿਆਏ ਦੇ ਸੇਠਾਂ ਨੇ ਮਲੂਕਾ ਨੂੰ ਇਥੇ ਹੀ ਰਹਿਣ ਦੀ ਬੇਨਤੀ ਕੀਤੀ। ਉਹਨਾਂ ਨੇ ਮਲੂਕਾ ਨੂੰ ਇਕ ਪਿੰਡ ਦੀ ਜ਼ਮੀਨ ਖਰੀਦ ਕੇ ਦੇਣ ਦੀ ਪੇਸ਼ਕਸ਼ ਕੀਤੀ। ਮਲੂਕਾ ਮੰਨ ਗਿਆ। ਕਾਲੇਕਾ ਪਿੰਡ ਦੀ ਜ਼ਮੀਨ ਉਹੀ ਹੈ ਜੋ ਸੇਠਾਂ ਨੇ ਮਲੂਕਾ ਚੌਧਰੀ ਨੂੰ ਲੈ ਕੇ ਦਿੱਤੀ ਸੀ।

ਹੁਣ ਪਿੰਡ ਦਾ ਨਾਂ ਅਤੇ ਮੋੜ੍ਹੀ ਗੱਡਣ ਦੀ ਗੱਲ ਆਈ। ਇਸ ਇਲਾਕੇ ਵਿਚ ਭੁੱਲਰ ਅਤੇ ਮਾਨ ਬਹੁਤ ਡਾਢੇ ਚੌਧਰੀ ਸਨ। ਉਹ ਨਹੀਂ ਸਨ ਚਾਹੁੰਦੇ ਕਿ ਮਲੂਕਾ ਦੇ ਪੈਰ ਇਸ ਇਲਾਕੇ ਵਿਚ ਲੱਗਣ। ਇੰਨੇ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ਇਲਾਕੇ ਵਿਚ ਵਿਚਰਨ ਲੱਗੇ। ਮਲੂਕਾ ਨੇ ਪਾਤਸ਼ਾਹ ਦੀ ਤਨ-ਮਨ ਨਾਲ ਸੇਵਾ ਕੀਤੀ ਤੇ ਨਿਮਰਤਾ ਨਾਲ ਪਾਤਸ਼ਾਹ ਦੇ ਜੋੜੇ ਆਪਣੀ ਦਾਹੜੀ ਨਾਲ ਝਾੜਦਾ ਸੀ। ਪਾਤਸ਼ਾਹ ਨੇ ਮਲੂਕਾ ਤੋਂ ਕੰਮ ਪੁੱਛਿਆ। ਮਲੂਕਾ ਨੇ ਕਿਹਾ," ਹਜ਼ੂਰ ਸਾਡੀ ਵੱਡੀ ਸਮੱਸਿਆ ਤਾਂ ਇਹ ਹੈ ਕਿ ਸਾਡੀ ਮੋੜ੍ਹੀ ਹੀ ਭੁੱਲਰ ਤੇ ਮਾਨ ਚੌਧਰੀ ਗੱਡਣ ਨਹੀਂ ਦਿੰਦੇ।" ਪਾਤਸ਼ਾਹ ਨੇ ਮਲੂਕਾ ਤੋਂ ਖੁਸ਼ ਹੋ ਕੇ ਇਹ ਮੋੜ੍ਹੀ ਆਪ ਗੱਡੀ, ਜੋ ਦਰਖਤ ਦੇ ਰੂਪ ਵਿਚ ਅੱਜ ਵੀ ਮੌਜੂਦ ਹੈ। ਪਿੰਡ ਕਾਲੇਕਾ 'ਚ ਛੇਵੇਂ

ਪਾਤਸ਼ਾਹ ਦਾ ਗੁਰਦੁਆਰਾ ਵੀ ਸੁਸ਼ੋਭਿਤ ਹੈ।

ਮਾਲਵੇ ਦੇ ਇਸ ਇਲਾਕੇ ਵਿਚ ਤਿੰਨ ਪਰਿਵਾਰ ਬਹੁਤ ਪ੍ਰਸਿੱਧ ਹੋਏ। ਇਕ ਫੂਲਕਾ ਪਰਿਵਾਰ ਜਿੰਨਾਂ ਦੇ ਵਡੇਰੇ ਮਰਾਜ ਤੇ ਰਾਮਪੁਰਾ ਫੂਲ ਵਿਚ ਰਹਿੰਦੇ ਸਨ। ਦੂਜਾ ਪਰਿਵਾਰ ਭਾਈ ਰੂਪਾ ਤੇ ਤੀਜਾ ਪਿੰਡ ਕਾਲੇਕੇ। ਫੂਲਕਾ ਪਰਿਵਾਰ ਨੇ ਪਟਿਆਲਾ, ਨਾਭਾ ਅਤੇ ਜੀਂਦ ਰਿਆਸਤਾਂ ਤੇ ਰਾਜੇ ਬਣ ਕੇ ਰਾਜ ਕੀਤਾ। ਭਾਈ ਰੂਪੇ ਦਾ ਪਰਿਵਾਰ ਧਾਰਮਿਕ ਬਿਰਤੀ ਵਾਲਾ ਪਰਿਵਾਰ ਸੀ। ਇਹਨਾਂ ਨੇ ਰਾਜਿਆਂ ਦੇ ਰਾਜ ਤਿਲਕ ਲਾਏ ਤੇ ਅਸ਼ੀਰਵਾਦ ਦਿੱਤੀ।ਕਾਲੇਕਿਆਂ ਨੇ ਬਹਾਦਰੀ ਤੇ ਇਮਾਨਦਾਰੀ ਨਾਲ ਪਟਿਆਲਾ ਰਿਆਸਤ ਵਿਚ ਵੱਡਾ ਨਾਮ ਕਮਾਇਆ।

ਬੰਦਾ ਬਹਾਦਰ ਦਾ ਕਾਲ 1708 ਤੋਂ 1716 ਤੱਕ ਦਾ ਹੈ। ਨਾਂਦੇੜ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਛੱਕ ਕੇ ਬੰਦਾ ਸਿੰਘ ਬਹਾਦਰ ਨੇ ਸਰਹਿੰਦ, ਸਿਧੌਰਾ ਅਤੇ ਸਮਾਣਾ ਆਦਿ ਦੀ ਇੱਟ ਨਾਲ ਇੱਟ ਵਜਾ ਦਿੱਤੀ ਅਤੇ ਖਾਲਸੇ ਦੇ ਦੁਸ਼ਮਣਾਂ ਨੂੰ ਸਬਕ ਸਿਖਾਇਆ। 1710 ਵਿਚ ਸਰਹਿੰਦ ਫਤਿਹ ਕਰ ਲਿਆ ਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਸਿੱਕਾ ਚਲਾਇਆ। ਚਾਹੇ ਇਹ ਅੱਠ ਸਾਲ ਦਾ ਸਮਾਂ ਛੋਟਾ ਸੀ ਪਰ ਇਸ ਵਿੱਚੋਂ ਖਾਲਸੇ ਨੂੰ ਇਹ ਗੱਲ ਸਮਝ ਆ ਗਈ ਕਿ ਰਾਜ ਕਰੇਗਾ ਖਾਲਸਾ ਦੇ ਦਿਨ ਦੂਰ ਨਹੀਂ ਹਨ।

ਮੁਗਲ ਰਾਜ ਦੀਆਂ ਜੜ੍ਹਾਂ ਖੋਖਲੀਆਂ ਹੋ ਚੁੱਕੀਆਂ ਸਨ। ਪਿੰਡਾਂ ਵਿਚੋਂ ਗੁਰੂ ਦੀ ਸਿੱਖਿਆ ਨਾਲ ਰੰਗੇ ਹੋਏ ਬਹਾਦਰ ਸਿੱਖ ਪਿੰਡਾਂ ਵਿਚੋਂ ਬਾਹਰ ਨਿਕਲ ਆਏ ਤੇ ਆਪਣੀ ਬਹਾਦਰੀ ਨਾਲ ਇਲਾਕੇ ਫਤਿਹ ਕਰਨੇ ਸ਼ੁਰੂ ਕਰ ਦਿੱਤੇ। ਅਜਿਹੇ ਹੀ ਕਾਲ ਵਿਚ ਕਾਲੇਕਿਆਂ ਦੇ ਚੌਧਰੀ ਅਤੇ ਫੂਲਕੇ ਚੌਧਰੀ ਅੱਗੇ ਵਧੇ। ਫੂਲਕਾ ਤੇ ਕਾਲੇਕਾ ਪਰਿਵਾਰ ਪਹਿਲਾਂ ਵੀ ਆਪਸ ਵਿਚ ਮਿਲਦੇ-ਵਰਤਦੇ ਸਨ। 1707 ਈ ਵਿਚ ਚੌਧਰੀ ਖਾਨਾ ਦੀ ਇਕਲੌਤੀ ਲੜਕੀ ਫੱਤੋ ਦਾ ਵਿਆਹ ਆਲਾ (ਬਾਬਾ) ਨਾਲ ਹੋਇਆ। ਆਲਾ ਜਿਸ ਨੂੰ ਬਾਬਾ ਆਲਾ ਕਰਕੇ ਜਾਣਿਆ ਜਾਂਦਾ ਹੈ ਬਾਅਦ ਵਿਚ ਰਾਜਾ ਬਣਿਆ।

ਚੌਧਰੀ ਮਲੂਕਾ ਦੀ ਔਲਾਦ ਵਿਚੋਂ ਦੋ ਨਾਮ ਬਹੁਤ ਪ੍ਰਸਿੱਧ ਹੋਏ। ਚੌਧਰੀ ਖਾਨਾ ਤੇ ਚੌਧਰੀ ਸੰਗੂ। ਚੌਧਰੀ ਖਾਨਾ ਦੇ ਤਿੰਨ ਬੱਚੇ ਸਨ। ਸਭ ਤੋਂ ਵੱਡੀ ਲੜਕੀ ਦਾ ਨਾਮ ਫੱਤੋ (ਫਤਿਹ ਕੌਰ) ਸੀ। ਉਸ ਤੋਂ ਛੋਟੇ ਦੋ ਲੜਕੇ ਸਨ। ਇਕ ਦਾ ਨਾਮ ਚੌਧਰੀ ਹਰੀਆ ਸੀ ਤੇ ਦੂਜੇ ਦਾ ਨਾਮ ਚੌਧਰੀ ਸਿਰੀਆ। ਚੌਧਰੀ ਖਾਨਾ ਦੇ ਸਕੇ ਭਰਾ ਚੌਧਰੀ ਸੰਗੂ ਦੇ ਇਕਲੌਤਾ ਲੜਕਾ ਸੀ ਜਿਸ ਦਾ ਨਾਮ ਸ. ਗੁਰਬਖਸ਼ ਸਿੰਘ ਕਾਲੇਕਾ ਸੀ। ਚਾਹੇ ਚੌਧਰੀ ਹਰੀਆ ਤੇ ਸਿਰੀਆ ਰਾਣੀ ਫੱਤੋ ਦੇ ਸਕੇ ਭਰਾ ਸਨ ਪਰ ਕਾਲੇਕਾ ਪਰਿਵਾਰ ਦਾ ਲੀਡਰ ਸ. ਗੁਰਬਖਸ਼ ਸਿੰਘ ਹੀ ਸੀ। ਕਾਲੇਕਾ ਪਰਿਵਾਰ ਵੀ ਸ. ਗੁਰਬਖਸ਼ ਸਿੰਘ ਦੀ ਅਗਵਾਈ ਹੇਠ ਵਹੀਰਾਂ ਘੱਤ ਰਿਹਾ ਸੀ।

ਮਾਲਵੇ ਦੇ ਇਸ ਇਲਾਕੇ ਵਿਚ ਤਿੰਨ ਵੱਡੇ ਚੋਧਰੀ ਬਣ ਗਏ। ਇੱਕ ਬਾਬਾ ਆਲਾ ਸੀ ਜਿਸ ਦਾ ਹੈੱਡਕੁਆਰਟਰ ਬਰਨਾਲਾ ਸੀ। ਦੂਜਾ ਗੁਰਬਖਸ਼ ਸਿੰਘ ਕਾਲੇਕਾ ਸੀ, ਜਿਹਨਾਂ ਨੇ ਸਨੌਰ ਪਰਗਨਾ ਜਿੱਤ ਕੇ ਆਪਣਾ ਹੈੱਡਕੁਆਰਟਰ ਸਨੌਰ ਬਣਾ ਲਿਆ। ਤੀਜੇ ਰੰਗੜ ਮੁਸਲਮਾਨਾਂ ਦਾ ਗਰੁੱਪ ਸੀ, ਜਿਹਨਾਂ ਦਾ ਅਸਰ ਸੌ ਮੁਸਲਮਾਨ ਪਿੰਡਾਂ ਵਿਚ ਸੀ। ਇਹਨਾਂ ਦਾ ਹੈੱਡਕੁਆਰਟਰ ਹਰੀਆਉ ਠਸਕਾ ਸੀ। ਜਦੋਂ ਆਲਾ ਸਿੰਘ ਦੇ ਰਾਜਾ ਬਣਨ ਦੀ ਗੱਲ ਆਈ ਤਾਂ ਕਾਲੇਕਾ ਪਰਿਵਾਰ ਨੇ ਸੋਚ ਵਿਚਾਰ ਕੀਤੀ। ਵਿਚਾਰ ਪਿੱਛੋਂ ਇਹ ਤੱਥ ਨਿਕਲਿਆ ਕਿ ਬਾਬਾ ਆਲਾ ਨੂੰ ਰਾਜਾ ਮੰਨ ਲਈਏ ਅਤੇ ਆਪਣੇ ਇਲਾਕੇ ਬਾਬਾ ਆਲਾ ਦੀ ਝੋਲੀ ਵਿਚ ਪਾ ਦਈਏ। ਰਾਣੀ ਫਤਿਹ ਕੌਰ ਹਰ ਸਾਲ ਘੋੜੀ ਤੇ ਚੜ ਕੇ ਆਪਣੇ ਭਰਾਵਾਂ ਨੂੰ ਰੱਖੜੀ ਬੰਨਣ ਸਨੌਰ ਆਉਂਦੀ ਸੀ। ਇਹ ਤਕਰੀਬਨ 1745-50 ਦੀ ਗੱਲ ਹੈ। ਇਸ ਵਾਰ ਕਾਲੇਕਿਆਂ ਨੇ ਸੌ ਪਿੰਡ ਮਹਾਰਾਣੀ ਫੱਤੋ ਦੀ ਝੋਲੀ ਵਿਚ ਪਾ ਦਿੱਤੇ ਤੇ ਆਪ ਮਹਾਰਾਜਾ ਆਲਾ ਸਿੰਘ ਦੇ ਸਰਦਾਰ ਬਣਨ ਦਾ ਫ਼ੈਸਲਾ ਕਰ ਲਿਆ। ਹਰੀਆਉ ਠਸਕਾ ਪਰਿਵਾਰ ਦੇ ਬਾਬਾ ਆਲਾ ਦੇ ਰਾਜੇ ਬਣਨ ਤੋਂ ਖੁਸ਼ ਨਹੀਂ ਸਨ। ਬਾਬਾ ਆਲਾ ਤੋਂ ਬਾਅਦ ਰਾਜਾ ਅਮਰ ਸਿੰਘ ਨੂੰ ਵੀ ਇਹ ਪਰਿਵਾਰ ਪਸੰਦ ਨਹੀਂ ਸੀ ਕਰਦੇ। 1947 ਦੇਸ਼ ਦੀ ਵੰਡ ਤਕ ਇਹ ਪਰਿਵਾਰ ਪਟਿਆਲਾ ਰਾਜ ਦੇ ਵਿਰੁੱਧ ਹੀ ਰਿਹਾ।

ਇਹ ਇਲਾਕਾ ਜਿਸ ਵਿਚ ਪਟਿਆਲਾ ਸ਼ਹਿਰ ਆਬਾਦ ਹੈ, ਸਨੌਰ ਪਰਗਨਾ ਦਾ ਇਲਾਕਾ ਸੀ। ਬਾਬਾ ਆਲਾ ਨੇ ਆਪਣੀ ਰਾਜਧਾਨੀ ਲਈ ਨਵੇਂ ਸ਼ਹਿਰ ਵਸਾਉਣ ਦੀ ਸੋਚੀ। ਇਸ ਸ਼ਹਿਰ ਦਾ ਨਾਮ ਆਪਣੇ ਨਾਮ ਤੇ ਪਤੀ ਆਲਾ ਰੱਖਿਆ ਤੇ ਸਨੌਰ ਪਰਗਨਾ ਵਿਚੋਂ ਕਾਲੇਕਿਆਂ ਨੂੰ ਸਿਆਸੀ ਲੋੜਾਂ ਅਨੁਸਾਰ ਹੋਰ ਇਲਾਕਿਆਂ ਵਿਚ ਸਥਾਪਿਤ ਕੀਤਾ। 1752 ਈ ਵਿਚ ਬਾਬਾ ਆਲਾ ਨੇ ਇਸ ਪਟਿਆਲਾ ਸ਼ਹਿਰ ਦਾ ਨੀਂਹ ਪੱਥਰ ਰੱਖਿਆ। ਖੁਸ਼ੀ ਵਜੋਂ ਬਾਬਾ ਆਲਾ ਨੇ ਆਪਣੇ ਸਾਲੇ ਗੁਰਬਖਸ਼ ਸਿੰਘ ਪਾਸੋਂ ਕਿਲਾ ਮੁਬਾਰਕ ਪਟਿਆਲੇ ਦਾ ਨੀਂਹ ਪੱਥਰ ਰਖਵਾਇਆ।

1760 ਈ ਤੱਕ ਰਾਜਾ ਆਲਾ ਸਿੰਘ ਕੋਲ ਨੌਂ ਸੌ ਪਿੰਡ ਹੋ ਗਏ। ਰਾਜਾ ਆਲਾ ਸਿੰਘ ਲਈ ਵੀ ਹਰੀਆਉ ਠਸਕੇ ਵਾਲੇ ਮੁਸਲਮਾਨ ਚੌਧਰੀ ਸਿਰਦਰਦੀ ਦਾ ਕਾਰਨ ਸਨ। ਰਾਜਾ ਆਲਾ ਸਿੰਘ ਨੇ ਆਪਣੇ ਕਾਲੇਕੇ ਰਿਸ਼ਤੇਦਾਰਾਂ ਨੂੰ ਸਮਾਣੇ, ਸ਼ੁਤਰਾਣੇ ਇਲਾਕੇ ਵਿਚ ਵਸਾਇਆ ਤਾਂ ਜੋ ਹਰੀਆਉ ਠਸਕੇ ਪਰਿਵਾਰ ਦੇ ਵਿਰੁੱਧ ਟੱਕਰ ਲੈਣ ਵਾਲੇ ਪਰਿਵਾਰ ਰਾਜਾ ਆਲਾ ਸਿੰਘ ਦੇ ਆਪਣੇ ਹੀ ਹੋਣ। ਉਹ ਵੰਡ ਉਹਨਾਂ ਨੇ ਇਸ ਪ੍ਰਕਾਰ ਕੀਤੀ।

1. ਚੌਧਰੀ ਹਰੀਆ (ਬਾਅਦ ਵਿਚ ਸ. ਹਰੀ ਸਿੰਘ) ਦੇ ਚਾਰ ਲੜਕੇ ਸਨ। ਉਹਨਾਂ ਨੂੰ ਚਾਰ ਪਿੰਡ ਦਿੱਤੇ ਗਏ। ਪਿੰਡਾਂ ਦੇ ਨਾਮ ਦੁਗਾਲ, ਬੂਰੜ, ਪਾਤੜਾਂ ਅਤੇ ਨਿਹਾਲਗੜ।

2. ਚੌਧਰੀ ਸਿਰੀਆ, ਉਹਨਾਂ ਨੂੰ ਤਿੰਨ ਪਿੰਡ ਦਿੱਤੇ ਗਏ। ਪਿੰਡਾਂ ਦੇ ਨਾਮ ਹਨ, ਢੰਢੋਲੀਕਲਾਂ, ਢੰਢੋਲੀਖੁਰਦ ਅਤੇ ਜਨਾਲ।
3. ਸ. ਗੁਰਬਖਸ਼ ਸਿੰਘ ਕਾਲੇਕਾ, ਉਹਨਾਂ ਨੂੰ ਕਮਾਲਪੁਰ ਦਿੱਤਾ ਗਿਆ। ਬਾਅਦ ਵਿਚ ਆਪਣੀ ਰੱਖਿਆ ਲਈ ਪਿੰਡ ਬੱਮਨਾ ਦੇ ਜਿਮੀਂਦਾਰਾਂ ਨੇ ਅੱਧਾ ਪਿੰਡ ਸੁਰੱਖਿਆ ਲਈ ਦੇ ਦਿੱਤਾ।

ਚੌਧਰੀ ਹਰੀਆ ਮਹਾਰਾਣੀ ਫੱਤੋ ਤੋਂ ਤਿੰਨ ਕੁ ਸਾਲ ਛੋਟਾ ਸੀ। ਇਸ ਦੇ ਤਿੰਨ ਵਿਆਹ ਸਨ। ਪਹਿਲੇ ਵਿਆਹ ਵਿਚੋਂ ਚੌਧਰੀ ਭਾਗਾ ਸਿੰਘ ਪੈਦਾ ਹੋਇਆ। ਦੂਜੇ ਵਿਆਹ ਵਿਚੋਂ ਚੌਧਰੀ ਕੌਰਾ ਸਿੰਘ ਪੈਦਾ ਹੋਇਆ। ਤੀਜੇ ਵਿਆਹ ਵਿਚੋਂ ਦੋ ਲੜਕੇ ਪੈਦਾ ਹੋਏ। ਉਹਨਾਂ ਦੇ ਨਾਮ ਸ. ਜੋਧਾ ਸਿੰਘ ਅਤੇ ਸ. ਸੀਹਾਂ ਸਿੰਘ ਸੀ।

**ਚੂੰਡੀ ਵੰਡ:–** ਉਹਨਾਂ ਦਿਨਾਂ ਵਿਚ ਚੂੰਡੀ ਵੰਡ ਦੀ ਪ੍ਰਥਾ ਸੀ। ਚੂੰਡੀ ਔਰਤ ਦੀ ਗੁਤਣੀ ਲਈ ਵਰਤਿਆ ਹੋਇਆ ਸ਼ਬਦ ਹੈ। ਹੁਣ ਦੇ ਦਿਨਾਂ ਵਿਚ ਤਾਂ ਸਿੱਧਾ ਹੀ ਚਾਰ ਲੜਕਿਆਂ ਵਿਚ ਚਾਰ ਹਿੱਸੇ ਬਣ ਜਾਣੇ ਸਨ। ਚੂੰਡੀ ਵੰਡ ਵਿਚ ਮਾਵਾਂ ਦੇ ਹਿਸਾਬ ਨਾਲ ਹਿੱਸੇ ਮਿਲਦੇ ਸਨ। ਚੌਧਰੀ ਹਰੀਆ ਨੇ ਸਾਰੀ ਜਾਇਦਾਦ ਤਿੰਨ ਹਿੱਸਿਆ ਵਿਚ ਵੰਡੀ। ਪਹਿਲੀ ਪਤਨੀ ਦੇ ਇੱਕ ਹੀ ਲੜਕਾ ਸੀ। ਉਸ ਨੂੰ ਇੱਕ ਹਿੱਸਾ ਦਿੱਤਾ। ਦੂਜੀ ਪਤਨੀ ਦੇ ਇਕ ਹੀ ਲੜਕਾ ਚੌਧਰੀ ਕੌਰਾ ਸੀ, ਨੂੰ ਇਕ ਹਿੱਸਾ ਦਿੱਤਾ ਗਿਆ। ਤੀਜੀ ਪਤਨੀ ਦੇ ਦੋ ਲੜਕੇ ਸ. ਜੋਧਾ ਸਿੰਘ ਤੇ ਸ. ਸੀਹਾਂ ਸਿੰਘ ਸਨ। ਉਹਨਾਂ ਨੂੰ ਇਕ ਹਿੱਸਾ ਦਿੱਤਾ ਗਿਆ। ਦੂਜੇ ਸ਼ਬਦਾਂ ਵਿਚ ਸ. ਜੋਧਾ ਸਿੰਘ ਦੇ ਸ. ਸੀਹਾਂ ਸਿੰਘ ਨੂੰ ਇਕ ਹਿੱਸਾ ਮਿਲਿਆ ਜੋ ਬਾਕੀ ਭਰਾਵਾਂ ਨਾਲੋਂ ਅੱਧਾ ਸੀ। ਦੁਗਾਲ ਪਿੰਡ ਦਾ ਰਕਬਾ ਤਕਰੀਬਨ 26 ਹਜਾਰ ਬਿੱਘਾ ਸੀ। ਬਾਬਾ ਆਲਾ ਦੇ ਰਾਜ ਵਿਚ ਕਾਲੇਕਿਆਂ ਦੇ ਕਿਸੇ ਪਿੰਡ ਤੇ ਵੀ ਕੋਈ ਜ਼ਮੀਨ ਦਾ ਲਗਾਨ ਨਹੀਂ ਸੀ। ਬਾਬਾ ਆਲਾ ਦੇ ਮਰਨ ਤੋਂ ਬਾਅਦ ਦੁਗਾਲ ਦੀ ਜ਼ਮੀਨ ਵਿਚੋਂ ਦੋ ਪਿੰਡ (ਕਾਕੂ ਸਿੰਘ ਵਾਲਾ ਅਤੇ ਦਫਤਰੀ ਵਾਲਾ) ਕੱਢ ਕੇ ਵਸਾ ਦਿੱਤੇ ਗਏ।

ਚੌਧਰੀ ਹਰੀਏ ਨੇ ਆਪਣੀ ਜ਼ਮੀਨ ਚਾਰਾਂ ਪੁਤਰਾਂ ਵਿਚਕਾਰ ਇਸ ਤਰ੍ਹਾਂ ਵੰਡੀ।
1. ਸ. ਭਾਗਾ ਸਿੰਘ, ਦੁਗਾਲ ਦੀ 8 ਹਜਾਰ ਬਿੱਘਾ ਜ਼ਮੀਨ ਅਤੇ ਪੂਰਾ ਪਿੰਡ ਨਿਹਾਲਗੜ ( ਦੁਗਾਲ ਇਸ ਇਲਾਕੇ ਦਾ ਨਾਮ 1852 ਈ ਵਿਚ ਦੁਗਾਲ ਖੁਰਦ ਬਣਾ ਦਿੱਤਾ ਗਿਆ ਅਤੇ ਬਾਕੀ ਤਿੰਨ ਭਰਾਵਾਂ (ਸ. ਕੌਰਾ ਸਿੰਘ, ਸ. ਜੋਧਾ ਸਿੰਘ ਅਤੇ ਸ. ਸੀਹਾਂ ਸਿੰਘ) ਦਾ ਇਲਾਕਾ ਦੁਗਾਲ ਕਲਾ ਬਣ ਗਿਆ।
2. ਸ. ਕੌਰਾ ਸਿੰਘ ਦੁਗਾਲ ਦੀ 8600 ਬਿੱਘਾ ਜ਼ਮੀਨ ਅਤੇ ਪਿੰਡ ਪਾਤੜਾਂ (ਹੁਣ ਮੰਡੀ)।
3. ਸ. ਜੋਧਾ ਸਿੰਘ 3200 ਬਿੱਘਾ ਜ਼ਮੀਨ ਪਿੰਡ ਦੁਗਾਲ ਅਤੇ ਅੱਧਾ ਪਿੰਡ ਬੂਰੜ।

4. ਸ. ਸੀਹਾਂ ਸਿੰਘ 3200 ਬਿੱਘਾ ਜ਼ਮੀਨ ਅਤੇ ਅੱਧਾ ਪਿੰਡ ਬੂਰੜ।

1765 ਈ ਵਿਚ ਰਾਜਾ ਆਲਾ ਸਿੰਘ ਅਤੇ 1773 ਈ ਵਿਚ ਰਾਣੀ ਫਤਿਹ ਕੌਰ ਚੜਾਈ ਕਰ ਗਏ। (1852 ਈ ਤੋਂ ਬਾਅਦ ਦੁਗਾਲ ਪਰਿਵਾਰ ਤੇ ਆਮ ਜਿਮੀਂਦਾਰਾਂ ਵਾਂਗ ਜ਼ਮੀਨ ਦਾ ਲਗਾਨ ਲਗਾ ਦਿੱਤਾ ਗਿਆ)। ਉਹਨਾਂ ਦੇ ਤਿੰਨੇ ਪੁੱਤਰ ਉਹਨਾਂ ਦੇ ਜੀਵਨ ਕਾਲ ਵਿਚ ਹੀ ਲੜਾਈਆਂ ਵਿਚ ਸ਼ਹੀਦ ਹੋ ਗਏ। ਸ਼ਹੀਦ ਲੜਕਿਆਂ ਵਿਚੋਂ ਸਭ ਤੋਂ ਵੱਡਾ ਰਾਜਾ ਸਰਦੂਲ ਸਿੰਘ ਸੀ। ਰਾਜਾ ਸਰਦੂਲ ਸਿੰਘ ਅਤੇ ਰਾਣੀ ਹੁਕਮਾਂ ਵਿਚੋਂ ਇਕ ਲੜਕਾ ਅਮਰ ਸਿੰਘ ਪੈਦਾ ਹੋਇਆ। ਬਾਬਾ ਆਲਾ ਦੀ ਮੌਤ ਤੋਂ ਬਾਅਦ ਰਾਣੀ ਫਤਿਹ ਕੌਰ ਅਤੇ ਭਰਾ ਗੁਰਬਖਸ਼ ਸਿੰਘ ਨੇ ਅਮਰ ਸਿੰਘ ਪਟਿਆਲੇ ਦੀ ਰਾਜਗੱਦੀ ਤੇ ਬਿਠਾ ਦਿੱਤਾ। ਉਸ ਵੇਲੇ ਅਮਰ ਸਿੰਘ ਸਿਰਫ਼ 17 ਸਾਲ ਦੇ ਸੀ। 1765 ਵਿਚ ਗੱਦੀ ਬੈਠਣ ਵੇਲੇ ਸਭ ਤੋਂ ਵੱਡੀ ਸਮੱਸਿਆ ਰਾਜਾ ਅਮਰ ਸਿੰਘ ਨੂੰ ਹਰੀਆਊ ਠਸਕੇ ਦੇ ਚੌਧਰੀਆਂ ਦੀ ਸੀ। ਪਿੰਡ ਦੁਗਾਲ ਅਤੇ ਇਹਨਾਂ ਦੇ ਤਿੰਨ ਪਿੰਡ ਰਾਜਾ ਅਮਰ ਸਿੰਘ ਲਈ ਠਹਿਰਾਉ ਜਿਹਾ ਬਣ ਗਿਆ। ਰਿਸ਼ਤੇਦਾਰੀ ਦੀ ਨੇੜਤਾ ਤੋਂ ਇਲਾਵਾ ਉਸ ਨੂੰ ਮਹਿਸੂਸ ਹੁੰਦਾ ਸੀ ਕਿ ਇਸ ਪਰਿਵਾਰ ਨੇ ਮੇਰੇ ਦਾਦਾ ਜੀ ਦੀ ਕਿੰਨੀ ਮੱਦਦ ਕੀਤੀ ਹੈ। ਉਸ ਨੂੰ ਇਹ ਵੀ ਅਹਿਸਾਸ ਸੀ ਕਿ ਹਰੀਆਊ ਠਸਕੇ ਵਾਲੇ ਪਰਿਵਾਰ ਨੂੰ ਇਹੀ ਪਰਿਵਾਰ ਰੋਕ ਸਕਦਾ ਹੈ। ਦੁਗਾਲ ਪਿੰਡ ਵਿਚ ਇਕ ਸ਼ਖ਼ਸੀਅਤ ਉਭਰ ਰਹੀ ਸੀ, ਜਿਸ ਦਾ ਨਾਂ ਸ. ਸੁਜਾਨ ਸਿੰਘ ਕਾਲੇਕਾ ਸੀ। ਰਾਜਾ ਅਮਰ ਸਿੰਘ ਅਤੇ ਸ. ਸੁਜਾਨ ਸਿੰਘ ਕਾਲੇਕਾ ਕਈ ਵਾਰ ਇਕੱਠੇ ਠਸਕੇ ਦੇ ਚੌਧਰੀਆਂ ਨੂੰ ਮਿਲੇ ਤਾਂ ਜੋ ਕੋਈ ਆਪਸੀ ਸਮਝੌਤਾ ਹੋ ਸਕੇ। ਪਰ ਅਜਿਹਾ ਨਾ ਹੋ ਸਕਿਆ। ਅਖੀਰ ਥੱਕ ਕੇ ਰਾਜਾ ਅਮਰ ਸਿੰਘ ਨੇ ਸ. ਸੁਜਾਨ ਸਿੰਘ ਨੂੰ 500 ਕੁ ਬੰਦਿਆਂ ਦੀ ਅਤੇ ਸੌ ਕੁ ਘੋੜਿਆਂ ਦੀ ਫੌਜ ਬਣਾਉਣ ਲਈ ਕਿਹਾ। ਸ. ਸੁਜਾਨ ਸਿੰਘ ਨੇ ਰਾਜਾ ਨੂੰ ਆਸ਼ਵਾਸ਼ਨ ਦਿਵਾਇਆ ਕਿ ਦੁਗਾਲ ਪਰਿਵਾਰ ਉਹਨਾਂ ਦੇ ਨਾਲ ਹਰੀਆਊ ਠਸਕੇ ਪਰਿਵਾਰ ਦੇ ਵਿਰੁੱਧ ਖੜ੍ਹਾ ਹੋਵੇਗਾ। ਫਿਰ ਖ਼ਰਚੇ ਦੀ ਗੱਲ ਆਈ। ਰਾਜਾ ਅਮਰ ਸਿੰਘ ਕਹਿਣ ਲੱਗੇ,"ਤੁਹਾਡੇ ਕੋਲ ਸੌ ਪਿੰਡ ਹਨ, ਤੁਹਾਨੂੰ ਕੋਈ ਹੋਰ ਮੱਦਦ ਦੀ ਤਾਂ ਲੋੜ ਹੀ ਨਹੀਂ।" ਇਸ ਤੇ ਸ. ਸੁਜਾਨ ਸਿੰਘ ਕਹਿਣ ਲੱਗੇ,"ਰਾਜਾ ਸਾਹਿਬ ਸਾਡੇ ਪਾਸ ਸੌ ਪਿੰਡ ਸਨੌਰ ਪਰਗਨੇ ਵਿਚ ਸਨ। ਜਦੋਂ ਰਾਜਾ ਬਣਨ ਦੀ ਗੱਲ ਆਈ ਤਾਂ ਸਾਡੇ ਬਜ਼ੁਰਗ (ਸ. ਗੁਰਬਖਸ਼ ਸਿੰਘ ਕਾਲੇਕਾ, ਚੌਧਰੀ ਹਰੀਆ ਅਤੇ ਚੌਧਰੀ ਸਿਰੀਆ) ਨੇ ਸੌ ਪਿੰਡ ਬਾਬਾ ਜੀ ਦੀ ਝੋਲੀ ਪਾ ਦਿੱਤੇ ਸਨ। ਹੁਣ ਸਾਡੇ ਪਾਸ ਚਾਰ ਪਿੰਡ ਹੀ ਹਨ, ਉਹ ਵੀ ਵੰਡ ਵੰਡਾ ਗਏ ਹਨ। ਇੰਨੀ ਕੁ ਜ਼ਮੀਨ ਨਾਲ ਤਾਂ ਸਾਡੀ ਰੋਟੀ ਹੀ ਚਲਦੀ ਹੈ।" ਅਜਿਹਾ ਕਹਿਣ ਤੇ ਰਾਜਾ ਅਮਰ ਸਿੰਘ ਨੇ ਸ. ਸੁਜਾਨ ਸਿੰਘ ਨੂੰ ਹੇਠ ਲਿਖੇ ਅੱਠ ਪਿੰਡ ਹੋਰ ਦੇ ਦਿੱਤੇ, ਜੋ ਇਸ ਪ੍ਰਕਾਰ ਹਨ-

1 ਨਿਆਲ
2 ਪੈਂਦ
3 ਨਰੈਣਗੜ੍ਹ
4 ਢਾਬੀ ਟੇਕ ਸਿੰਘ
5 ਕਾਂਸਲਾ
6 ਰਾਮਪੁਰ ਦੁਗਾਲ
7 ਪੜਤਾ
8 ਜਿਊਣ ਸਿੰਘ ਵਾਲਾ

ਸ. ਸੁਜਾਨ ਸਿੰਘ ਨੂੰ ਜਰਨੈਲ ਥਾਪ ਦਿੱਤਾ ਗਿਆ। ਸ. ਸੁਜਾਨ ਸਿੰਘ ਸ. ਕੌਰਾ ਸਿੰਘ ਦੇ ਪੋਤਰੇ ਅਤੇ ਸ. ਆਸਾ ਸਿੰਘ ਦੇ ਪੁੱਤਰ ਸਨ। ਸ. ਸੁਜਾਨ ਸਿੰਘ ਆਪਣੇ ਜੀਵਨ ਕਾਲ ਵਿਚ ਹੀ ਬਹੁਤ ਮਸ਼ਹੂਰ ਹੋ ਗਏ ਅਤੇ ਉਹਨਾਂ ਦੀ ਪੱਤੀ ਸ. ਕੌਰਾ ਸਿੰਘ ਦੀ ਜਗਾ ਸ. ਸੁਜਾਨ ਸਿੰਘ ਪੱਤੀ ਬਣ ਗਈ। ਸ. ਸੁਜਾਨ ਸਿੰਘ ਦੇ ਪਰਿਵਾਰ ਕੋਲ ਹੁਣ ਦੁਗਾਲ ਤੋਂ ਇਲਾਵਾ ਅੱਠ ਪਿੰਡ ਹੋਰ ਵੀ ਹੋ ਗਏ। ਸ. ਸੁਜਾਨ ਸਿੰਘ ਦਾ ਲੜਕਾ ਖੜਕ ਸਿੰਘ ਸੀ, ਉਹ ਵੀ ਬਹਾਦਰ ਸਰਦਾਰ ਸੀ ਅਤੇ ਪਟਿਆਲਾ ਰਿਆਸਤ ਦੇ ਵਫ਼ਾਦਾਰ ਸਨ। 1835 ਵਿਚ ਮਹਾਰਾਜਾ ਕਰਮ ਸਿੰਘ ਦਾ ਵਿਆਹ ਦੁਗਾਲ ਦੇ ਸ. ਖੜਕ ਸਿੰਘ ਕਾਲੇਕਾ ਦੀ ਪੁੱਤਰੀ ਨਾਲ ਹੋਇਆ। 1840 ਤੋਂ 1845 ਤੱਕ ਦੁਗਾਲ ਸਾਰੇ ਸਰਦਾਰ ਪਰਿਵਾਰਾਂ ਵਿਚੋਂ ਸਤਿਕਾਰਯੋਗ ਨਾਂ ਬਣ ਗਿਆ ਤੇ ਇਹ ਸਤਿਕਾਰ ਸਿਰਫ਼ ਰਾਜ ਦਰਬਾਰ ਤੋਂ ਹੀ ਪਿਛੇ ਸੀ।

1909 ਈ ਵਿਚ ਮਹਾਰਾਜਾ ਭੁਪਿੰਦਰ ਸਿੰਘ ਗੱਦੀ ਤੇ ਬੈਠੇ। ਸਾਰੇ ਹੀ ਪ੍ਰਮੁੱਖ ਸਰਦਾਰ ਅਤੇ ਸ਼ਾਹੂਕਾਰ ਲੋਕ ਮਹਾਰਾਜਾ ਨੂੰ ਵਧਾਈਆਂ ਦੇਣ ਲਈ ਪਟਿਆਲੇ ਗਏ ਅਤੇ ਆਪਣੀ ਹੈਸੀਅਤ ਅਨੁਸਾਰ ਮਹਾਰਾਜਾ ਨੂੰ ਤੋਹਫ਼ੇ ਭੇਟ ਕੀਤੇ। ਸ. ਸੁਜਾਨ ਸਿੰਘ ਦੇ ਪੜਪੋਤੇ ਸ. ਟੇਕ ਸਿੰਘ (1880-1931) ਨੇ ਪੰਜਾਹ ਹਜ਼ਾਰ ਰੁਪਏ ਦੇ ਤੋਹਫ਼ੇ ਦਿੱਤੇ। ਇਸ ਤੇ ਮਹਾਰਾਜ ਬਹੁਤ ਖੁਸ਼ ਹੋਏ। ਉਸ ਵੇਲੇ ਮੇਰੇ ਦਾਦਾ ਜੀ ਸ. ਕਪੂਰ ਸਿੰਘ ਏ.ਡੀ.ਸੀ ਦੇ ਰੂਪ ਵਿਚ ਖੜੇ ਸਨ। ਭੁਪਿੰਦਰ ਸਿੰਘ ਨੇ ਪਟਿਆਲੇ ਰਿਆਸਤ ਵਿਚ ਛੇ ਆਨਰੇਰੀ ਮਜਿਸਟ੍ਰੇਸੀਆਂ ਬਣਾਉਣ ਦੀ ਸੋਚੀ। ਪਹਿਲੀ ਮਜਿਸਟ੍ਰੇਸੀ ਦੁਗਾਲ ਵਿਚ ਬਣੀ ਅਤੇ ਸ. ਟੇਕ ਸਿੰਘ ਆਨਰੇਰੀ ਮਜਿਸਟ੍ਰੇਟ ਬਣੇ। ਇਹਨਾਂ ਤੋਂ ਬਾਅਦ ਇਹਨਾਂ ਦਾ ਇਕਲੌਤਾ ਲੜਕਾ ਸ. ਕਿਰਪਾਲ ਸਿੰਘ 1947 ਤੱਕ ਦੁਗਾਲ ਦਾ ਆਨਰੇਰੀ ਮਜਿਸਟ੍ਰੇਟ ਰਿਹਾ। ਹਰ ਇਕ ਮਜਸਿਟ੍ਰੇਸੀ ਦਾ ਇਲਾਕਾ ਤਕਰੀਬਨ ਡੇਢ ਸੌ ਪਿੰਡ ਸੀ। ਆਨਰੇਰੀ ਮਜਿਸਟ੍ਰੇਟ ਨੂੰ ਚੋਰੀ ਵਰਗੇ ਅਪਰਾਧਾਂ ਵਿਚ 6 ਮਹੀਨੇ ਕੈਦ ਕਰਨ ਦੀ ਸ਼ਕਤੀ ਸੀ। ਸ. ਟੇਕ ਸਿੰਘ ਨੇ ਪਿੰਡ ਦੁਗਾਲ ਵਿਚ ਆਪਣੇ ਖ਼ਰਚੇ ਤੇ ਕਚਹਿਰੀ ਬਣਵਾਈ।

ਸਾਡੇ ਵੱਡੇ ਵਡੇਰੇ (ਸੀਹਾਂ ਪੱਤੀ) ਪਿੰਡ ਦੁਗਾਲ ਅਤੇ ਬੂਰੜ ਵਿਚ ਖੇਤੀ ਕਰਦੇ ਸਨ। ਇਹਨਾਂ ਵਿਚੋਂ ਇਕ ਹੋਣਹਾਰ ਬੱਚਾ ਉਠਿਆ, ਜਿਸ ਨੇ ਪਿੰਡ ਦਾ ਨਕਸ਼ਾ ਹੀ ਬਦਲ ਦਿੱਤਾ। ਉਸ ਦਾ ਨਾਮ ਸ. ਮਾਨ ਸਿੰਘ ਸੀ। ਸ. ਮਾਨ ਸਿੰਘ ਮੇਰੇ ਪੜਦਾਦਾ ਜੀ ਸਨ। ਜੋ ਹੁਣ ਪੜ੍ਹਾਈ ਤੇ ਤਰੱਕੀ ਦਿੱਸਦੀ ਹੈ, ਚਾਹੇ ਭਾਰਤ ਵਿਚ ਹੈ ਜਾਂ ਅਮਰੀਕਾ ਵਿਚ ਉਸ ਦੀ ਨੀਂਹ ਸ. ਮਾਨ ਸਿੰਘ ਜੀ ਨੇ ਰੱਖੀ। ਦੁਗਾਲ ਦਾ ਸ਼ਹਿਰੀਕਰਣ ਜਾਂ ਪਟਿਆਲੇ ਵਲ ਤੁਰਨਾ, ਸ. ਮਾਨ ਸਿੰਘ ਨਾਲ ਹੀ ਸ਼ੁਰੂ ਹੋਇਆ।

1870 ਈ: ਵਿਚ ਮੇਰੇ ਪੜਦਾਦਾ ਸ. ਮਾਨ ਸਿੰਘ ਜੀ ( ਜਨਮ 1850) 75 ਕਿਲੋਮੀਟਰ ਪੈਦਲ ਚੱਲ ਕੇ ਪਟਿਆਲਾ ਸ਼ਹਿਰ, ਮਹਾਰਾਜਾ ਮਹਿੰਦਰ ਸਿੰਘ ਨੂੰ ਮਿਲਣ ਆਏ। ਮੋਤੀ ਬਾਗ਼ ਪਹੁੰਚਣ ਤੋਂ ਬਾਅਦ ਉਹਨਾਂ ਨੂੰ ਪਤਾ ਲੱਗਾ ਕਿ ਮਹਾਰਾਜਾ ਮਹਿੰਦਰਾ ਕਾਲਜ 'ਚ ਜ਼ਿਆਦਾ ਰਹਿੰਦੇ ਹਨ ਜੋ ਕਿ ਉਸ ਵੇਲੇ ਬਣ ਰਿਹਾ ਸੀ। ਸ. ਮਾਨ ਸਿੰਘ, ਮਹਾਰਾਜਾ ਮਹਿੰਦਰ ਸਿੰਘ ਨੂੰ ਕਾਲਜ ਵਾਲੀ ਥਾਂ ਤੇ ਹੀ ਮਿਲੇ। ਮਹਾਰਾਜਾ ਮਹਿੰਦਰ ਸਿੰਘ ਸ. ਮਾਨ ਸਿੰਘ ਨੂੰ ਮਿਲ ਕੇ ਬਹੁਤ ਖੁਸ਼ ਹੋਏ ਤੇ ਉਹਨਾਂ ਦੇ ਮਿਲਣ ਦਾ ਕਾਰਨ ਪੁੱਛਿਆ। ਸ. ਮਾਨ ਸਿੰਘ ਨੇ ਕਿਹਾ ਕਿ ਉਹ ਮਹਾਰਾਜਾ ਦੀ ਕੋਈ ਨੌਕਰੀ ਕਰਨਾ ਚਾਹੁੰਦੇ ਹਨ। ਮਹਾਰਾਜਾ ਨੇ ਸ. ਮਾਨ ਸਿੰਘ ਤੋਂ ਉਹਨਾਂ ਦੇ ਤਜ਼ਰਬੇ ਬਾਰੇ ਪੁੱਛਿਆ ਤਾਂ ਮਾਨ ਸਿੰਘ ਨੇ ਕਿਹਾ ਕਿ ਉਹਨਾਂ ਕੋਲ ਘੋੜਾ ਹੈ ਜਿਸ ਦੀ ਉਹ ਸੇਵਾ ਕਰਦੇ ਹਨ, ਭਜਾਉਂਦੇ ਹਨ ਤੇ ਉਹਨਾਂ ਦੇ ਮੁਕਾਬਲੇ ਪੰਜ ਛੇ ਪਿੰਡਾਂ ਵਿਚੋਂ ਕੋਈ ਵੀ ਵਿਅਕਤੀ ਉਹਨਾਂ ਵਰਗਾ ਘੋੜਾ ਨਹੀਂ ਭਜਾ ਸਕਦਾ। ਉਹਨਾਂ ਨੇ ਇਹ ਵੀ ਦੱਸਿਆ ਕਿ ਘੋੜ ਸਵਾਰੀ ਦਾ ਤਜ਼ਰਬਾ ਵੀ ਉਹਨਾਂ ਨੂੰ ਤਾਂ ਹੀ ਹੋਇਆ ਜੇ ਉਹਨਾਂ ਕੋਲ ਘੋੜਾ ਹੈ। ਘੋੜਾ ਇੱਕ ਮੌਕਾ ਹੈ, ਜੋ ਉਹਨਾਂ ਨੇ ਇਸਤੇਮਾਲ ਕੀਤਾ। ਉਹਨਾਂ ਨੇ ਕਿਹਾ, "ਹਜ਼ੂਰ ਜਿਸ ਤਰ੍ਹਾਂ ਦਾ ਮੌਕਾ ਹੋਵੇਗਾ, ਉਸ ਤਰ੍ਹਾਂ ਦਾ ਤਜ਼ਰਬਾ ਹੋ ਜਾਵੇਗਾ।" ਉਹਨਾਂ ਨੇ ਯਕੀਨ ਦਿਵਾਇਆ ਕਿ ਉਹ ਮਹਾਰਾਜਾ ਦੇ ਨਿੱਜੀ ਵਫ਼ਾਦਾਰ ਰਹਿਣਗੇ। ਇਸ ਗੱਲ ਤੇ ਮਹਾਰਾਜਾ ਬੜੇ ਖੁਸ਼ ਹੋਏ ਤੇ ਉਹਨਾਂ ਨੂੰ ਨੌਕਰੀ ਤੇ ਰੱਖਣ ਦਾ ਫ਼ੈਸਲਾ ਕਰ ਲਿਆ। ਜਦੋਂ ਸ. ਮਾਨ ਸਿੰਘ ਨੇ ਮਹਾਰਾਜਾ ਤੋਂ ਪੁਛਿਆ ਕਿ ਨੌਕਰੀ ਕਿਥੇ ਜਾਇਨ ਕਰਨੀ ਹੈ ਤਾਂ ਮਹਾਰਾਜਾ ਨੇ ਸ. ਮਾਨ ਸਿੰਘ ਨੂੰ ਕਿਹਾ ਕਿ ਉਹ ਉਹਨਾਂ ਦੇ ਨਾਲ ਹੀ ਰਹਿਣ। ਮਹਾਰਾਜਾ ਮਹਿੰਦਰ ਸਿੰਘ 1872 ਵਿਚ ਅਕਾਲ ਚਲਾਣਾ ਕਰ ਗਏ ਤੇ ਉਹਨਾਂ ਦੀ ਗੱਦੀ ਉਹਨਾਂ ਦੇ ਪੁੱਤਰ ਮਹਾਰਾਜਾ ਰਾਜਿੰਦਰ ਸਿੰਘ ਨੂੰ ਮਿਲੀ। ਸ. ਮਾਨ ਸਿੰਘ ਦਾ ਸਤਿਕਾਰ ਰਾਜ ਦਰਬਾਰ ਵਿਚ ਪਹਿਲਾਂ ਵਾਂਗ ਹੀ ਰਿਹਾ। ਮਹਾਰਾਜਾ ਰਾਜਿੰਦਰ ਸਿੰਘ ਵੀ ਸ. ਮਾਨ ਸਿੰਘ ਦੀਆਂ ਸੇਵਾਵਾਂ ਤੋਂ ਬਹੁਤ ਖੁਸ਼ ਸਨ।

1890 ਵਿਚ 20 ਸਾਲ ਨੌਕਰੀ ਕਰਨ ਤੋਂ ਬਾਅਦ ਸ. ਮਾਨ ਸਿੰਘ, ਮਹਾਰਾਜਾ ਰਾਜਿੰਦਰ ਸਿੰਘ ਨੂੰ ਮਿਲੇ ਤੇ ਉਹਨਾਂ ਨੂੰ ਪੈਨਸ਼ਨ ਲਈ ਬੇਨਤੀ ਕੀਤੀ। ਮਹਾਰਾਜਾ ਸਾਹਿਬ ਸ. ਮਾਨ ਸਿੰਘ, ਨੂੰ ਕਹਿਣ ਲੱਗੇ ਕਿ ਉਹ ਉਹਨਾਂ ਦੇ ਲੜਕੇ ਨੂੰ

ਨੌਕਰੀ ਦੇ ਦੇਣਗੇ। ਸ. ਮਾਨ ਸਿੰਘ ਨੇ ਕਿਹਾ ਕਿ ਹਜ਼ੂਰ ਮੇਰਾ ਲੜਕਾ ਬਹੁਤ ਛੋਟਾ ਹੈ ਉਹ ਸਿਰਫ਼ 10 ਸਾਲ ਦਾ ਹੈ ਤੇ 5ਵੀਂ ਜਮਾਤ ਵਿਚ ਪੜ੍ਹਦਾ ਹੈ। ਇਸ ਉਤੇ ਮਹਾਰਾਜਾ ਨੇ ਕਿਹਾ,“ ਤੁਹਾਡਾ 10 ਸਾਲ ਦਾ ਲੜਕਾ ਵੀ 20 ਸਾਲਾਂ ਵਰਗਾ ਹੋਵੇਗਾ।”

ਅਗਲੇ ਦਿਨ 10 ਸਾਲ ਦਾ ਲੜਕਾ ਮਹਾਰਾਜਾ ਅੱਗੇ ਪੇਸ਼ ਕੀਤਾ ਗਿਆ। ਸ. ਮਾਨ ਸਿੰਘ ਜੀ ਨੇ ਆਪਣੇ ਪੁੱਤਰ ਨੂੰ ਇਕ ਗੱਲ ਸਮਝਾ ਦਿੱਤੀ ਸੀ ਕਿ ਰਾਜਿਆਂ ਨੂੰ ਸਰ ਨਹੀਂ ਕਹਿਣਾ ਸਗੋਂ ਹਜੂਰ ਕਹਿ ਕੇ ਸੰਬੋਧਨ ਕਰਨਾ ਹੁੰਦਾ ਹੈ। ਸ. ਕਪੂਰ ਸਿੰਘ ਨੂੰ ਮਹਾਰਾਜਾ ਨੇ ਪੁੱਛਿਆ, ਕਾਕਾ ਤੁਹਾਡਾ ਨਾਮ ਕੀ ਹੈ? ਸ. ਕਪੂਰ ਸਿੰਘ ਨੇ ਜਵਾਬ ਦਿੱਤਾ ਹਜ਼ੂਰ ਮੇਰਾ ਨਾਮ ਕਪੂਰ ਸਿੰਘ ਹੈ। ਮਹਾਰਾਜਾ ਨੇ ਫੇਰ ਪੁੱਛਿਆ, ਕਾਕਾ ਤੁਹਾਡੇ ਪਿਤਾ ਦਾ ਕੀ ਨਾਮ ਹੈ? ਉਹਨਾਂ ਨੇ ਫਿਰ ਉਤਰ ਦਿੱਤਾ, ਹਜ਼ੂਰ ਮੇਰੇ ਪਿਤਾ ਜੀ ਦਾ ਨਾਮ ਸ. ਮਾਨ ਸਿੰਘ ਜੀ ਹੈ। ਮਹਾਰਾਜਾ ਇਨੀ ਗੱਲ ਤੋਂ ਹੀ ਸਮਝ ਗਏ ਕਿ ਬੱਚੇ ਨੂੰ ਪਤਾ ਹੈ ਕਿ ਉਸ ਨੇ ਆਪਣਾ ਤੇ ਆਪਣੇ ਪਿਤਾ ਦਾ ਨਾਮ ਕਿਵੇਂ ਦੱਸਣਾ ਹੈ। ਮਹਾਰਾਜਾ ਖੁਸ਼ ਹੋਏ ਤੇ ਬੱਚੇ ਨੂੰ ਕਹਿਣ ਲੱਗੇ,“ਕਾਕਾ ਕੱਲ੍ਹ ਤੋਂ ਸਕੂਲ ਨਹੀਂ ਜਾਣਾ, ਇਥੇ ਹੀ ਨੌਕਰੀ ਤੇ ਆ ਜਾਣਾ ਅਤੇ ਤੁਹਾਡੀ ਨੋਕਰੀ ਸ਼ੁਰੂ ਹੋ ਗਈ ਹੈ।” ਸ. ਕਪੂਰ ਸਿੰਘ ਜੀ ਨੂੰ ਵੀ ਜੋ ਜ਼ਿੰਮੇਵਾਰੀਆਂ ਮਿਲੀਆਂ, ਮੋਤੀ ਬਾਗ਼ ਮਹਿਲ ਦੇ ਅੰਦਰੂਨ ਵਿਚ ਬਾਖੂਬੀ ਪੂਰੀਆਂ ਕੀਤੀਆਂ। ਮਹਾਰਾਜਾ ਰਾਜਿੰਦਰ ਸਿੰਘ 1900 ਈਸਵੀਂ ਵਿਚ ਅਕਾਲ ਚਲਾਣਾ ਕਰ ਗਏ। ਸ. ਕਪੂਰ ਸਿੰਘ ਨੂੰ ਜ਼ਿੰਮੇਵਾਰ ਤੇ ਇਮਾਨਦਾਰ ਅਫ਼ਸਰ ਸਮਝਿਆ ਜਾਣ ਲੱਗ ਪਿਆ ਤੇ ਉਹ ਆਪਣੇ ਸਾਰੇ ਫ਼ਰਜ਼ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦੇ ਰਹੇ। 1909 ਵਿਚ ਸ. ਕਪੂਰ ਸਿੰਘ ਮਹਾਰਾਜਾ ਭੁਪਿੰਦਰ ਸਿੰਘ ਨਾਲ ਕੋਰੋਨੇਸ਼ਨ ਤੇ ਸ਼ਿਮਲਾ ਗਏ। ਉਸ ਵੇਲੇ ਉਹ ਏ.ਡੀ.ਸੀ. ਸਨ। ਯੁਵਰਾਜ ਭੁਪਿੰਦਰ ਸਿੰਘ ਨੇ ਸ. ਕਪੂਰ ਸਿੰਘ ਨੂੰ ਜਾਣ ਦਾ ਬੰਦੋਬਸਤ ਕਰਨ ਲਈ ਕਿਹਾ। ਪਟਿਆਲਾ ਸਟੇਟ ਵਿਚ ਉਸ ਵੇਲੇ ਇੱਕ ਹੀ ਕਾਰ ਸੀ ਅਤੇ ਉਸ ਕਾਰ ਵਿਚ ਕੋਈ ਨੁਕਸ ਪੈ ਗਿਆ। 18 ਘੋੜੇ ਭੇਜਣ ਦਾ ਬੰਦੋਬਸਤ ਕਰਵਾਇਆ ਗਿਆ। 6 ਘੋੜੇ ਕਾਲਕਾ ਗੈਸਟ ਹਾਊਸ ਭੇਜੇ ਗਏ। 6 ਘੋੜੇ ਕੰਡਾ ਘਾਟ, ਸ਼ਿਮਲਾ ਨੇੜੇ ਭੇਜੇ ਗਏ। ਯੁਵਰਾਜ ਭੁਪਿੰਦਰ ਸਿੰਘ ਚਾਰ ਅਫ਼ਸਰਾਂ ਨਾਲ ਪਟਿਆਲਾ ਤੋਂ ਕਾਲਕਾ ਲਈ ਰਵਾਨਾ ਹੋ ਗਏ।6 ਘੋੜੇ ਇਸ ਲਈ ਨਾਲ ਚੱਲਦੇ ਸਨ ਕਿ ਜੇ ਕੋਈ ਘੋੜਾ ਰਾਹ ਵਿਚ ਬਿਮਾਰ ਹੋ ਜਾਵੇ ਜਾਂ ਮਰ ਜਾਵੇ ਤਾਂ ਵੀ ਗਤੀ ਨਾ ਰੁਕੇ। ਇਹ ਸਾਰਾ ਆਉਣ ਜਾਣ ਦਾ ਰਸਤਾ ਮਹਾਰਾਜਾ, ਸ. ਕਪੂਰ ਸਿੰਘ ਤੇ ਬਾਕੀ ਦੇ ਅਧਿਕਾਰੀ 10 ਦਿਨ ਘੋੜਿਆਂ ਤੇ ਸਫ਼ਰ ਕਰਦੇ ਰਹੇ। ਮਹਾਰਾਜਾ ਭੁਪਿੰਦਰ ਸਿੰਘ ਸ. ਕਪੂਰ ਸਿੰਘ ਤੋਂ ਬਹੁਤ ਖੁਸ਼ ਸਨ।

ਉਹਨਾਂ ਦੀ ਹਜ਼ੂਰੀ ਵਿਚ ਪਿੰਡ ਦੁਗਾਲ ਤੋਂ ਦੋ ਹੋਰ ਅਫ਼ਸਰ ਸਨ ਜੋ ਦਾਦਾ

ਜੀ ਦੇ ਚਚੇਰੇ ਭਰਾ ਸਨ। ਉਹਨਾਂ ਦੇ ਨਾਂ ਸ. ਮੈਂਗਲ ਸਿੰਘ ਤੇ ਸ. ਹਜ਼ੂਰਾ ਸਿੰਘ ਸਨ। ਸ. ਬਖਤਾਵਰ ਸਿੰਘ ਢਿੱਲੋਂ ਨਾਂ ਦਾ ਇੱਕ ਹੋਰ ਵਿਅਕਤੀ ਸੀ ਜੋ ਮਹਾਰਾਜਾ ਦੇ ਨਾਲ ਸੀ। ਸ. ਹਜ਼ੂਰਾ ਸਿੰਘ ਨੇ 1908 ਵਿਚ ਮਹਾਰਾਜਾ ਦੀ ਨੌਕਰੀ ਕਿਸੇ ਕਾਰਨ ਛੱਡ ਦਿੱਤੀ। ਮਹਾਰਾਜਾ ਦੇ ਹੁਕਮ ਨਾਲ 1910 ਵਿਚ ਬਾਕੀ ਸਾਰਿਆਂ ਨੂੰ ਕਮਿਸ਼ੰਡ ਅਫ਼ਸਰ ਬਣਾ ਦਿੱਤਾ ਗਿਆ।

ਯੁਵਰਾਜ ਭੁਪਿੰਦਰ ਸਿੰਘ ਸ. ਕਪੂਰ ਸਿੰਘ ਨਾਲ ਸਾਰੀਆਂ ਸਮੱਸਿਆਵਾਂ ਦੀ ਗੱਲ ਬੜੇ ਆਰਾਮ ਨਾਲ ਕਰ ਲੈਂਦੇ ਸਨ। ਉਸ ਵੇਲੇ ਪਟਿਆਲਾ ਰਿਆਸਤ ਆਰਥਿਕ ਸੰਕਟ ਵਿਚੋਂ ਲੰਘ ਰਹੀ ਸੀ। ਪਟਿਆਲਾ ਸਟੇਟ ਨੇ ਤਕਰੀਬਨ 1 ਲੱਖ ਰੁਪਏ ਕੁਝ ਵਪਾਰੀਆਂ ਅਤੇ ਰਾਜਿਆਂ ਦਾ ਦੇਣਾ ਸੀ। ਯੁਵਰਾਜ ਸ.ਕਪੂਰ ਸਿੰਘ ਨਾਲ ਸਾਰੇ ਰਸਤੇ ਇਹੀ ਗੱਲਾਂ ਕਰਦੇ ਰਹੇ ਕਿ ਪਟਿਆਲਾ ਰਿਆਸਤ ਦੀ ਆਰਥਿਕ ਸਥਿਤੀ ਕਿਵੇਂ ਠੀਕ ਕੀਤੀ ਜਾਵੇ। ਮਹਾਰਾਜਾ ਬਣਨ ਤੋਂ ਬਾਅਦ ਸ. ਕਪੂਰ ਸਿੰਘ ਨੂੰ ਉਹ ਜੱਜ ਜਾਂ ਪੁਲਿਸ ਅਫ਼ਸਰ ਨਿਯੁਕਤ ਕਰਨਾ ਚਾਹੁੰਦੇ ਸਨ। ਸ. ਕਪੂਰ ਸਿੰਘ ਨੇ ਨਿਮਰਤਾ ਸਹਿਤ ਮਹਾਰਾਜਾ ਨੂੰ ਬੇਨਤੀ ਕੀਤੀ ਕਿ ਜੱਜ ਲਈ ਫ਼ਾਰਸੀ ਦੀ ਪੜ੍ਹਾਈ ਜ਼ਰੂਰੀ ਹੈ, ਕਿਉਂਕਿ ਸਾਰੇ ਹੁਕਮ ਫ਼ਾਰਸੀ ਵਿਚ ਹੀ ਲਿਖਣੇ ਹੁੰਦੇ ਸਨ। ਪੁਲਿਸ ਲਈ ਦੋਵਾਂ ਭਾਸ਼ਾਵਾਂ ਦੀ ਲੋੜ ਸੀ। ਪਹਿਲੀ ਉਰਦੂ ਜਿਸ ਵਿਚ ਸਾਰੇ ਥਾਣਿਆਂ ਦਾ ਕੰਮ ਹੁੰਦਾ ਸੀ ਤੇ ਦੂਜੀ ਫ਼ਾਰਸੀ ਜਿਸ ਵਿਚ ਜੱਜ ਦੇ ਆਰਡਰ ਹੁੰਦੇ ਸੀ ਤੇ ਉਹਨਾਂ ਦੀ ਤਾਮੀਲ ਪੁਲਿਸ ਨੇ ਕਰਨੀ ਹੁੰਦੀ ਸੀ। ਸ. ਕਪੂਰ ਸਿੰਘ ਨੂੰ ਇਹ ਦੋਵੇਂ ਭਾਸ਼ਾਵਾਂ ਨਹੀਂ ਆਉਂਦੀਆਂ ਸਨ, ਉਹਨਾਂ ਨੇ ਮਹਾਰਾਜਾ ਨੂੰ ਸਲਾਹ ਦਿੱਤੀ ਕਿ ਉਹਨਾਂ ਨੂੰ ਜੱਜ ਜਾਂ ਪੁਲਿਸ ਅਫ਼ਸਰ ਨਾ ਬਣਾਉਣ। ਮਹਾਰਾਜਾ ਦੀ ਜਿੱਦ ਤੇ ਕਿ ਪਹਿਲਾ ਆਰਡਰ ਉਹਨਾਂ ਦੀ ਹੀ ਹੋਵੇਗਾ, ਸ. ਕਪੂਰ ਸਿੰਘ ਨੇ ਮਹਾਰਜਾ ਨੂੰ ਸੁਝਾਅ ਦਿੱਤਾ ਕਿ ਉਹਨਾਂ ਨੂੰ ਆਰਮੀ ਅਫ਼ਸਰ ਬਣਾ ਕੇ ਭਰਤੀ ਦਾ ਚਾਰਜ ਦੇ ਦੇਣ। ਮਹਾਰਾਜਾ ਬਣ ਕੇ ਮਹਾਰਾਜਾ ਸਾਹਿਬ ਨੇ 1910 ਵਿਚ ਪਹਿਲਾ ਆਰਡਰ ਕੀਤਾ। ਸ. ਕਪੂਰ ਸਿੰਘ ਨੂੰ ਆਰਮੀ ਕਮਿਸ਼ਨ ਦੇ ਕੇ ਭਰਤੀ ਅਫ਼ਸਰ ਬਠਿੰਡਾ ਵਿਖੇ ਲਗਾ ਦਿੱਤਾ। ਸ. ਕਪੂਰ ਸਿੰਘ ਨੇ ਸਾਰੀ ਉਮਰ ਭਰਤੀ ਅਫ਼ਸਰ ਦੇ ਤੌਰ ਦੇ ਨੌਕਰੀ ਕੀਤੀ ਅਤੇ ਬਠਿੰਡਾ, ਪਾਇਲ ਅਤੇ ਨਾਰਨੌਲ ਨੌਕਰੀ ਕਰਕੇ 1928 ਵਿਚ ਰਿਟਾਇਰ ਹੋ ਗਏ।

ਸ. ਕਪੂਰ ਸਿੰਘ ਦੇ ਤਿੰਨ ਪੁੱਤਰ ਸਨ। ਸਭ ਤੋਂ ਵੱਡਾ ਲੜਕਾ ਪ੍ਰੀਤਮ ਸਿੰਘ ਜੋ ਮੇਜਰ ਰਿਟਾਇਰ ਹੋਏ ਅਤੇ ਮੇਰੇ ਪਿਤਾ ਜੀ ਸਨ। ਮੇਰੇ ਦੋ ਚਾਚਾ ਜੀ ਸ. ਬਲਦੇਵ ਸਿੰਘ ਅਤੇ ਦਵਿੰਦਰ ਸਿੰਘ ਜੀ ਸਨ। ਸ. ਬਲਦੇਵ ਸਿੰਘ ਨੇ ਆਰਮੀ ਸਿਵਿਲ ਅਤੇ ਵਪਾਰ ਕਈ ਥਾਈਂ ਆਪਣੀ ਕਿਸਮਤ ਅਜਮਾਈ। ਉਹਨਾਂ ਦਾ ਪੁੱਤਰ ਨਿਰਪਾਲ ਸਿੰਘ ਆਪਣੇ ਜੀਵਨ ਵਿਚ ਵਪਾਰੀ ਅਤੇ ਡਾਕੂਮੈਂਟ ਲੇਖਕ ਵੀ ਸੀ। ਉਹਨਾਂ ਦੀਆਂ ਦੋ ਧੀਆਂ ਵਿਚੋਂ ਸੁਖਵਿੰਦਰ ਕੌਰ ਇੱਕ ਪੈਪਸੂ ਸਟੇਟ ਦੇ ਮਨਿਸਟਰ ਸ ਸੰਪੂਰਨ

ਸਿੰਘ ਧੌਲਾ ਨਾਲ ਵਿਆਹੀ ਸੀ। ਛੋਟੀ ਲੜਕੀ ਪਰਮਿੰਦਰ ਕੌਰ ਇੱਕ ਜ਼ਿਮੀਂਦਾਰ ਪਰਿਵਾਰ ਵਿਚ ਵਿਆਹੀ ਹੋਈ ਸੀ। ਮੇਰੇ ਛੋਟੇ ਚਾਚਾ ਜੀ, ਸ. ਦਵਿੰਦਰ ਸਿੰਘ, 1947 ਵਿਚ ਬਤੌਰ ਸਬ-ਇੰਸਪੈਕਟਰ ਭਰਤੀ ਹੋਏ ਅਤੇ 1989 ਵਿਚ ਡੀ.ਐੱਸ.ਪੀ. ਰਿਟਾਇਰਡ ਹੋਏ। ਉਹਨਾਂ ਦੇ ਦੋ ਲੜਕੇ ਵੀ ਜ਼ਿੰਮੇਵਾਰ ਅਹੁਦਿਆਂ ਤੋਂ ਰਿਟਾਇਰ ਹੋਏ। ਵੱਡਾ ਲੜਕਾ ਰਸ਼ਵਿੰਦਰ ਸਿੰਘ, ਮੇਜਰ ਰਿਟਾਇਰ ਹੋਇਆ ਤੇ ਛੋਟਾ ਲੜਕਾ ਤਜਿੰਦਰ ਸਿੰਘ, ਫੂਡ ਸਪਲਾਈ ਵਿਭਾਗ ਵਿਚੋਂ ਅਫ਼ਸਰ ਰਿਟਾਇਰ ਹੋਇਆ।

ਮੇਰੇ ਪਿਤਾ ਜੀ ਦਾ ਜਨਮ 1906 ਵਿਚ ਹੋਇਆ ਅਤੇ 1926 ਵਿਚ ਉਹ ਮਹਿੰਦਰਾ ਕਾਲਜ ਵਿਖੇ ਐੱਫ.ਐੱਸ.ਸੀ ਮੈਡੀਕਲ ਕਰ ਰਹੇ ਸਨ। ਉਹਨਾਂ ਨੂੰ ਆਰਮੀ ਅਫ਼ਸਰ ਬਣਨ ਦਾ ਮੌਕਾ 1926 ਵਿਚ ਮਿਲਿਆ। ਦੋ ਸਾਲਾਂ ਦੀ ਟਰੇਨਿੰਗ ਕਰਨ ਉਪਰੰਤ ਉਹ 1928 ਵਿਚ ਸੈਕਿੰਡ ਲੈਫਟੀਨੈਂਟ ਬਣੇ ਅਤੇ 1949 ਵਿਚ ਮੇਜਰ ਰਿਟਾਇਰ ਹੋ ਗਏ। ਰਿਟਾਇਰਮੈਂਟ ਸਮੇਂ ਉਹ 4 ਪਟਿਆਲਾ ਇਨਫੈਂਟਰੀ ਵਿਚ ਸੈਕਿੰਡ ਇਨ ਕਮਾਂਡ, ਤੈਨਾਤ ਸਨ। ਪਿਤਾ ਜੀ ਨੇ ਸਾਰੇ ਬੱਚਿਆਂ ਨੂੰ ਪੜ੍ਹਾਉਣ ਦਾ ਪੂਰਾ ਯਤਨ ਕੀਤਾ ਅਤੇ ਕੋਈ ਕਸਰ ਨਹੀਂ ਛੱਡੀ ਕਿ ਸਾਰੇ ਬੱਚੇ ਪੜ੍ਹ ਜਾਣ। ਮੇਰੇ ਪਿਤਾ ਮੇਜਰ ਪ੍ਰੀਤਮ ਸਿੰਘ ਅਤੇ ਮਾਤਾ ਸਰਦਾਰਨੀ ਜਗੀਰ ਕੌਰ ਤੋਂ 9 ਬੱਚੇ ਪੈਦਾ ਹੋਏ।

1. ਪਰਮਿੰਦਰ ਸਿੰਘ 1933 (ਪੁੱਤਰ)
2. ਰੁਪਿੰਦਰ ਕੌਰ 1935 (ਪੁੱਤਰੀ)
3. ਰਾਜਿੰਦਰ ਕੌਰ 1937 (ਪੁੱਤਰੀ)
4. ਜਸਵਿੰਦਰ ਕੌਰ 1939 ( ਪੁੱਤਰੀ)
5. ਅਮਰਜੀਤ ਸਿੰਘ 1943 (ਪੁੱਤਰ)
6. ਜਗਜੀਤ ਸਿੰਘ 1944 ( ਪੁੱਤਰ)
7. ਸਤਵੰਤ ਸਿੰਘ 1947 ( ਪੁੱਤਰ)
8. ਗੁਰਵੰਤ ਸਿੰਘ 1950 ( ਪੁੱਤਰ)
9. ਹਰਿੰਦਰ ਕੌਰ 1952 (ਪੁੱਤਰੀ)

**1) ਪਰਮਿੰਦਰ ਸਿੰਘ:-** ਪਰਮਿੰਦਰ ਸਿੰਘ ਬਚਪਨ ਤੋਂ ਹੀ ਸਰੀਰਕ ਤੌਰ ਤੇ ਬਹੁਤ ਕਮਜ਼ੋਰ ਸੀ। ਉਸ ਨੂੰ ਛੋਟੀ ਉਮਰ ਵਿਚ ਹੀ ਐਨਕਾਂ ਲੱਗ ਗਈਆਂ ਸਨ। ਉਸ ਨੇ 1949 ਵਿੱਚ ਦੱਸਵੀਂ ਕਲਾਸ ਦੇ ਇਮਤਿਹਾਨ ਬੀ.ਐਨ. ਖਾਲਸਾ ਸਕੂਲ ਤੋਂ ਦਿੱਤੇ ਪਰ ਉਹ ਫੇਲ੍ਹ ਹੋ ਗਿਆ। ਅਗਲੇ ਸਾਲ ਮੇਰੇ ਪਿਤਾ ਜੀ ਨੇ 100 ਰੁਪਏ ਮਹੀਨੇ ਤੇ ਉਸ ਦੀ ਟਿਊਸ਼ਨ ਰੱਖੀ ਅਤੇ ਉਹ ਮੁਸ਼ਿਕਲ ਨਾਲ ਹੀ ਪਾਸ ਹੋਇਆ। ਉਹ ਪੜ੍ਹਨਾ ਨਹੀਂ ਚਾਹੁੰਦਾ ਸੀ। 1950 ਵਿੱਚ ਉਸ ਦਾ ਵਿਆਹ ਹੋ ਗਿਆ। ਮੇਰੇ ਪਿਤਾ ਜੀ ਨੇ ਆਪਣੇ ਅਸਰ ਰਸੂਖ ਨਾਲ ਪਰਮਿੰਦਰ ਸਿੰਘ ਨੂੰ ਸਬ ਇੰਸਪੈਕਟਰ ਕੰਸੋਲੀਡੇਸ਼ਨ

ਭਰਤੀ ਕਰਵਾ ਦਿੱਤਾ ਅਤੇ ਉਹ ਹਿਮਾਚਲ ਤੋਂ ਨਾਇਬ ਤਹਿਸੀਲਦਾਰ ਰਿਟਾਇਰ ਹੋਇਆ। ਉਸ ਨੇ ਆਪਣੇ ਪਿੰਡ ਦੇ ਹਿੱਸੇ ਦੀ ਜ਼ਮੀਨ ਵੇਚ ਕੇ ਹਿਮਾਚਲ ਵਿਚ ਕੁਝ ਜ਼ਮੀਨ ਖਰੀਦ ਲਈ ਸੀ। 1988 ਈ ਵਿਚ 55 ਸਾਲ ਦੀ ਉਮਰ ਵਿਚ ਦਿਲ ਦਾ ਦੌਰਾ ਪੈਣ ਨਾਲ ਉਸ ਦੀ ਮੌਤ ਹੋ ਗਈ। ਉਸ ਦਾ ਵਿਆਹ ਰੁਲਦੂ ਸਿੰਘ ਵਾਲੇ ਦੇ ਇੱਜ਼ਤਦਾਰ ਪਰਿਵਾਰ ਵਿਚ ਹੋਇਆ। ਉਨਾਂ ਦੇ ਇੱਕ ਲੜਕੀ ਅਤੇ ਦੋ ਲੜਕੇ ਹਨ, ਜੋ ਪੜ੍ਹੇ ਲਿਖੇ ਅਤੇ ਜੀਵਨ ਵਿਚ ਸਥਾਪਿਤ ਹਨ।

**2) ਰੁਪਿੰਦਰ ਕੌਰ:–** ਰੁਪਿੰਦਰ ਸੱਤਵੀਂ ਕਲਾਸ ਤੱਕ ਮਹਿੰਦਰਾ ਕੰਨਿਆ ਮਹਾਂ ਵਿਦਿਆਲਿਆ ਪਟਿਆਲਾ ਵਿਚ ਪੜ੍ਹਦੀ ਸੀ। ਜਦ ਪਟਿਆਲੇ ਦੇ ਇੱਕ ਅਮੀਰ ਜ਼ਿੰਮੀਦਾਰ ਘਰਾਣੇ ਨੇ ਜੋ ਕਿ ਰਾਜਾ ਗੁਰਦਿੱਤ ਸਿੰਘ ਰੇਤਗੜ੍ਹ ਨਾਲ ਸੰਬੰਧਿਤ ਸੀ, ਮੇਰੇ ਪਿਤਾ ਜੀ ਨੂੰ ਮਿਲੇ ਤੇ ਮੇਰੀ ਭੈਣ ਦਾ ਰਿਸ਼ਤਾ ਮੰਗਿਆ। ਮੇਰੀ ਭੈਣ ਦੇ ਪਤੀ ਸ.ਹਰਨੇਕ ਸਿੰਘ ਬਹੁਤ ਸੁੰਦਰ ਪਤਲੇ ਲੰਮੇ ਸਨ, ਨਾਲ 1950 ਵਿੱਚ ਵਿਆਹ ਹੋਇਆ। 52 ਸਾਲ ਦੀ ਛੋਟੀ ਉਮਰ ਵਿਚ ਹੀ 1983 ਵਿਚ ਉਹ ਅਕਾਲ ਚਲਾਣਾ ਕਰ ਗਏ। ਮੇਰੇ ਭੈਣ ਜੀ ਜਨਵਰੀ 2018 ਵਿਚ 83 ਸਾਲ ਦੀ ਉਮਰ ਵਿਚ ਸਵਰਗਵਾਸ ਹੋਏ। ਉਸ ਦੇ ਬੱਚੇ ਚੰਗੇ ਪੜ੍ਹੇ ਲਿਖੇ ਹਨ ਅਤੇ ਜੀਵਨ ਵਿਚ ਚੰਗੇ ਸਥਾਪਤ ਹਨ।

**3) ਰਾਜਿੰਦਰ ਕੌਰ:–** ਰਾਜਿੰਦਰ ਕੌਰ ਪੜ੍ਹਨ ਨੂੰ ਬਹੁਤ ਕਮਜ਼ੋਰ ਸੀ। ਦਸਵੀਂ ਕਰਨ ਤੋਂ ਬਾਅਦ ਉਸ ਨੇ ਜੇ.ਬੀ.ਟੀ ਕੀਤੀ। ਉਸ ਦਾ ਵਿਆਹ ਦਿਲੀ ਦੇ ਇੱਕ ਨਾਮੀ ਗਣਿਤ ਦੇ ਅਧਿਆਪਕ ਨਾਲ ਹੋਇਆ। ਇਹ ਅਮਰੀਕਾ ਵਿੱਚ ਰਹਿੰਦੀ ਹੈ। ਇਸ ਦੇ ਪਤੀ ਹੁਣੇ ਹੀ 85 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

**4) ਜਸਵਿੰਦਰ ਕੌਰ:–** ਇਹਨਾਂ ਨੇ ਪੰਜਾਬੀ ਵਿਚ ਐਮ.ਏ. ਕੀਤੀ ਅਤੇ ਐਸ.ਡੀ. ਕਾਲਜ ਬਠਿੰਡਾ ਵਿਖੇ ਪ੍ਰੋਫੈਸਰ ਰਹੇ। ਇਹ 1999 ਵਿਚ ਰਿਟਾਇਰ ਹੋਏ ਅਤੇ ਸਾਡੇ ਜੱਦੀ ਘਰ ਪਟਿਆਲਾ ਵਿਖੇ ਬਹੁਤ ਖੁਸ਼ੀ ਰਿਟਾਇਰ ਜੀਵਨ ਬਤੀਤ ਕਰ ਰਹੇ ਹਨ। ਇਹਨਾਂ ਦੇ ਪਤੀ ਸ. ਜਗਵੰਤ ਸਿੰਘ ਢਿੱਲੋਂ ਜੋ ਕਿ ਜ਼ਿਲ੍ਹਾ ਸੈਸ਼ਨ ਜੱਜ ਰਿਟਾਇਰ ਹੋਏ 62 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਇਸ ਵਿਵਾਹਿਤ ਜੋੜੀ ਦੇ ਕੋਈ ਔਲਾਦ ਨਹੀਂ ਸੀ।

**5) ਲੇਖਕ ਅਮਰਜੀਤ ਸਿੰਘ:–** ਮੇਰਾ ਜਨਮ 1943 ਵਿਚ ਹੋਇਆ। ਮੈਂ 20 ਸਾਲ ਦੀ ਉਮਰ ਵਿੱਚ ਐਮ.ਏ ਕੀਤੀ ਅਤੇ ਉਸ ਸਾਲ ਹੀ ਫੌਜ ਜਾਇਨ ਕਰ ਲਈ। ਮੈਨੂੰ 22 ਸਾਲ ਦੀ ਉਮਰ ਵਿਚ 1965 ਦੀ ਲੜਾਈ ਵਿਚ ਬਹਾਦਰੀ ਮਿਲੀ। 1970 ਵਿਚ ਮੈਂ ਆਰਮੀ, ਕਿਸੇ ਸਿਵਿਲ ਕੈਰੀਅਰ ਦੀ ਖਾਤਰ ਛੱਡ ਦਿੱਤੀ। 1971 ਵਿਚ ਸਰਕਾਰੀ ਕਾਲਜ ਟਾਂਡਾ ਵਿਖੇ ਪੋਲੀਟੀਕਲ ਸਾਇੰਸ ਦਾ ਪ੍ਰੋਫੈਸਰ ਲੱਗ ਗਿਆ ਤੇ 1972 ਵਿਚ ਸਰਕਾਰੀ ਕਾਲਜ ਨਾਭੇ ਆ ਗਿਆ। ਜੂਨ 1972 ਵਿਚ ਮੇਰਾ ਵਿਆਹ

ਹੋਇਆ। 1974 ਵਿਚ ਹੀ ਮੈਂ ਪੀ.ਸੀ.ਐੱਸ ਸਿਲੈਕਟ ਹੋ ਗਿਆ ਤੇ ਆਬਕਾਰੀ ਕਰ ਵਿਭਾਗ ਵਿਚ ਬਤੌਰ ਈ.ਟੀ.ਓ. ਭਰਤੀ ਹੋਇਆ। ਮੈਂ 2001 ਵਿਚ ਇਸੇ ਮਹਿਕਮੇ ਵਿਚੋਂ ਐਡੀਸ਼ਨਲ ਕਮਿਸ਼ਨਰ ਆਬਕਾਰੀ ਅਤੇ ਟੈਕਸੇਸ਼ਨ, ਰਿਟਾਇਰ ਹੋਇਆ। 1993 ਤੋਂ 1998 ਵਿਚ ਮੈਂ ਅਮਰੀਕਾ ਬੱਚਿਆਂ ਨੂੰ ਪੜ੍ਹਾਉਣ ਲਈ ਗਿਆ ਤੇ 2001 ਨੂੰ ਰਿਟਾਇਰਮੈਂਟ ਤੋਂ ਬਾਅਦ ਫਿਰ ਮੈਂ ਅਤੇ ਮੇਰੀ ਪਤਨੀ ਨੇ 2010 ਤੱਕ ਅਮਰੀਕਾ ਬੱਚਿਆਂ ਦੀ ਮਦਦ ਕੀਤੀ। ਦਸੰਬਰ 2010 ਵਿਚ ਮੈਂ ਅਤੇ ਮੇਰੀ ਪਤਨੀ ਪੱਕੇ ਤੌਰ ਤੇ ਭਾਰਤ ਆ ਗਏ। ਛੋਟੀ ਉਮਰ ਵਿਚ ਮੈਂ ਆਪਣੇ ਪਿਤਾ ਦੀ ਜ਼ਿੰਮੇਵਾਰੀ ਨੂੰ ਮੋਢਾ ਲਾਇਆ ਅਤੇ ਵਿਆਹ ਵੀ ਲੇਟ ਕਰਵਾਇਆ। ਮੈਂ ਆਪਣੀ ਨੌਕਰੀ ਤੋਂ ਇਲਾਵਾ ਆਪਣੇ ਜੱਦੀ ਪੁਸ਼ਤੀ ਪਿੰਡ ਦੁਗਾਲ ਵਿਖੇ ਜ਼ਮੀਨ ਦਾ ਵੀ ਧਿਆਨ ਰੱਖਿਆ। 1978 ਵਿਚ ਮੈਂ ਆਪਣੇ ਹਿੱਸੇ ਦੀ 50 ਬਿਘੇ ਜ਼ਮੀਨ ਦੁਗਾਲ ਤੋਂ ਵੇਚ ਕੇ ਹਿਮਾਚਲ ਵਿੱਚ 31 ਏਕੜ ਜ਼ਮੀਨ ਖ਼ਰੀਦੀ। 1985 ਵਿਚ ਮੈਂ ਨਿਊ ਲਾਲ ਬਾਗ਼ ਕਲੋਨੀ ਵਿਚ ਆਪਣਾ ਘਰ ਬਣਾਇਆ। ਮੇਰੀ ਪਤਨੀ, ਜਸਮਿੰਦਰ ਕੌਰ, ਬਿਰਲਾ ਇੰਸਟੀਚਿਊਟ ਐਂਡ ਟੈਕਨੋਲੋਜੀ, ਪਿਲਾਨੀ ਤੋਂ ਐੱਮ.ਐੱਸਸੀ ਹੈ। ਇਹ ਲੈਕਚਰਾਰ ਭਰਤੀ ਹੋ ਕੇ 2002 ਵਿਚ ਪ੍ਰਿੰਸੀਪਲ ਪਟਿਆਲਾ ਤੋਂ ਰਿਟਾਇਰ ਹੋਏ। ਅਸੀਂ ਆਪਣੇ ਦੋਵਾਂ ਬੱਚਿਆਂ ਨੂੰ ਅਮਰੀਕਾ ਪੜ੍ਹਾਇਆ ਤੇ ਹੁਣ ਭਾਰਤ ਵਾਪਸ ਆ ਗਏ ਹਾਂ।

ਮੈਂ ਤਿੰਨ ਮਹਿਕਮਿਆਂ ਆਰਮੀ, ਟੀਚਿੰਗ ਅਤੇ ਆਬਕਾਰੀ ਕਰ ਵਿਭਾਗ ਵਿਚ ਨੌਕਰੀ ਕੀਤੀ। ਮੈਨੂੰ ਮਹਿਸੂਸ ਹੋਇਆ ਕਿ ਮੇਰੀ ਐੱਮ.ਏ ਦੀ ਪੜ੍ਹਾਈ ਬਹੁਤ ਲਾਭਦਾਇਕ ਸਾਬਤ ਹੋਈ। ਜਦੋਂ ਤੁਸੀਂ ਉਚੇਰੀ ਵਿੱਦਿਆ ਵਾਸਤੇ ਕਾਲਜ ਜਾਂ ਯੂਨੀਵਰਸਿਟੀ ਜਾਂਦੇ ਹੋ ਤਾਂ ਤੁਹਾਨੂੰ ਕੁਝ ਚੰਗੇ ਅਧਿਆਪਕ ਵੀ ਮਿਲਦੇ ਹਨ ਜੋ ਤੁਹਾਡੇ ਲਈ ਮਾਰਗ ਦਰਸ਼ਕ ਬਣ ਜਾਂਦੇ ਹਨ। ਮੈਨੂੰ ਵੀ ਅਜਿਹੇ 2 ਅਧਿਆਪਕ ਮਿਲੇ, ਜਿਹਨਾਂ ਨੂੰ ਮੈਂ ਹਮੇਸ਼ਾਂ ਯਾਦ ਕਰਦਾ ਹਾਂ ਤੇ ਉਹਨਾਂ ਦੀ ਤਾਰੀਫ਼ ਕਰਦਾ ਹਾਂ। ਉਹਨਾਂ ਵਿਚੋਂ ਇੱਕ ਅਧਿਆਪਕ ਸ਼੍ਰੀ ਅਮਰਨਾਥ ਗੁਪਤਾ ਜੋ ਕਿ ਪਿੰਡ ਦੁਗਾਲ ਵਿਖੇ ਹੈਡਮਾਸਟਰ ਸਨ। ਦੂਜੇ ਅਧਿਆਪਕ ਪ੍ਰੋਫੈਸਰ ਬੀ.ਕੇ ਕਪੂਰ ਸਨ ਜੋ ਕਿ ਮਹਿੰਦਰਾ ਕਾਲਜ ਵਿਖੇ ਪੋਲੀਟੀਕਲ ਸਾਇੰਸ ਪੜ੍ਹਾਉਂਦੇ ਸਨ। ਉਹਨਾਂ ਨੇ ਮੈਨੂੰ 1956 ਤੋਂ 1963 ਤੱਕ ਪੜ੍ਹਾਇਆ। ਮੈਂ ਦੋਵਾਂ ਅਧਿਆਪਕਾਂ ਨਾਲ ਸਾਰੀ ਉਮਰ ਸੰਪਰਕ ਵਿਚ ਰਿਹਾ। ਸ਼੍ਰੀ ਅਮਰਨਾਥ ਗੁਪਤਾ ਸਮਾਣਾ ਵਿਖੇ 2014 ਵਿਚ 85 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਜਦ ਕਿ ਸ਼੍ਰੀ ਬੀ.ਕੇ ਕਪੂਰ 2015 ਵਿਚ 101 ਸਾਲ ਦੀ ਉਮਰ ਵਿਚ ਪੂਰੇ ਹੋਏ। ਪ੍ਰੋਫੈਸਰ ਬੀ.ਕੇ ਕਪੂਰ ਦੇ ਦੋਨੋਂ ਪੁੱਤਰ ਜੋ ਕਿ ਅਮਰੀਕਾ ਵਿਚ ਰਹਿੰਦੇ ਸਨ, ਉਹਨਾਂ ਦੇ ਸਸਕਾਰ ਤੇ ਨਾ ਆ ਸਕੇ। ਮੈਂ ਅਤੇ ਪ੍ਰੋਫੈਸਰ ਕਪੂਰ ਦਾ ਇੱਕ ਹੋਰ ਵਿਦਿਆਰਥੀ ਪ੍ਰੋਫੈਸਰ ਅਭਿਮੰਨਯੂ ਖੰਨਾ, ਨੇ ਉਹਨਾਂ ਦੀ ਅਰਥੀ ਨੂੰ ਮੋਢਾ ਲਾਇਆ।

ਮੇਰੇ ਪਿਤਾ ਜੀ ਆਰਥਿਕ ਸਥਿਤੀ ਕਰਕੇ ਮੈਨੂੰ ਯਾਦਵਿੰਦਰਾ ਪਬਿਲਕ ਸਕੂਲ ਪਟਿਆਲਾ ਨਹੀਂ ਭੇਜ ਸਕੇ। ਜਦੋਂ ਮੇਰੀ ਆਪਣੀ ਵਾਰੀ ਆਈ ਤਾਂ ਮੈਂ ਤੇ ਮੇਰੇ ਪਤਨੀ ਨੇ ਦੋਵਾਂ ਬੱਚਿਆਂ ਨੂੰ ਵਾਈ.ਪੀ.ਐਸ. ਸਕੂਲ ਭੇਜਿਆ। ਵਾਈ.ਪੀ.ਐਸ ਪੜ੍ਹਾਉਣ ਦਾ ਤਜ਼ਰਬਾ ਬਹੁਤ ਲਾਭਦਾਇਕ ਸਾਬਤ ਹੋਇਆ। ਮੇਰੇ ਦੋਵਾਂ ਪੁੱਤਰਾਂ ਨੇ ਬਚਪਨ ਵਿਚ ਹੀ ਕਾਫ਼ੀ ਆਤਮ ਵਿਸ਼ਵਾਸ ਹਾਸਲ ਕਰ ਲਿਆ ਅਤੇ ਉਹਨਾਂ ਨੇ ਬਹੁਤ ਬੱਚਿਆਂ ਨਾਲ ਦੋਸਤੀ ਕੀਤੀ ਜੋ ਕਿ ਭਾਰਤ, ਅਮਰੀਕਾ ਅਤੇ ਹੋਰ ਥਾਵਾਂ ਤੇ ਪੂਰੀ ਤਰ੍ਹਾਂ ਸਥਾਪਿਤ ਹਨ। ਉਹਨਾਂ ਨੂੰ ਕਈ ਅਧਿਆਪਕ ਵੀ ਰੋਲ ਮਾਡਲ ਦੇ ਰੂਪ ਵਿਚ ਮਿਲੇ। ਪੜ੍ਹਾਈ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ ਮੈਂ ਤੇ ਮੇਰੀ ਪਤਨੀ ਨੇ ਸੋਚਿਆ ਕਿ ਬੱਚਿਆਂ ਨੂੰ ਅਮਰੀਕਾ ਪੜ੍ਹਾਉਣਾ ਬਹੁਤ ਚੰਗਾ ਸਿੱਧ ਹੋਵੇਗਾ।

**6) ਜਗਜੀਤ ਸਿੰਘ–** ਜਗਜੀਤ ਸਿੰਘ ਵੈਟਰਨਰੀ ਸਰਜਨ ਹਨ। ਉਹਨਾਂ ਨੇ ਆਪਣੀ ਵਿੱਦਿਆ ਭਾਰਤ ਤੋਂ ਹੀ ਕੀਤੀ। ਉਹਨਾਂ ਨੇ ਵੀ 1965 ਵਿਚ ਇੰਡੀਅਨ ਏਅਰ ਫੋਰਸ ਬਤੌਰ ਪਾਇਲਟ ਜੁਆਇਨ ਕੀਤੀ। ਪਰ ਜਦੋਂ ਉਹਨਾਂ ਦੀ ਅਲਾਟਮੈਂਟ ਨੈਵੀਗੇਸ਼ਨ ਵਿੰਗ ਵਿਚ ਹੋਈ ਤਾਂ ਉਹਨਾਂ ਨੇ ਇੰਡੀਅਨ ਏਅਰ ਫੋਰਸ ਛੱਡ ਦਿੱਤੀ। ਜਨਵਰੀ 1972 ਵਿਚ ਉਹ ਅਮਰੀਕਾ ਚਲੇ ਗਏ ਤੇ ਆਪਣੇ ਪਰਿਵਾਰ ਦੀ ਆਰਥਿਕ ਅਤੇ ਸਮਾਜਿਕ ਤਰੱਕੀ ਵਾਸਤੇ ਉਹਨਾਂ ਨੇ ਬਹੁਤ ਵੱਡਾ ਰੋਲ ਅਦਾ ਕੀਤਾ। ਉਹਨਾਂ ਨੇ ਸਾਰੇ ਭੈਣ ਭਰਾਵਾਂ ਨੂੰ ਅਮਰੀਕਾ ਆਉਣ ਲਈ ਸਪਾਂਸਰ ਕੀਤਾ ਅਤੇ ਉਹਨਾਂ ਦਾ ਖ਼ਰਚਾ ਵੀ ਚੁੱਕਿਆ।

**7) ਸਤਵੰਤ ਸਿੰਘ –** ਇਹਨਾਂ ਨੇ ਆਪਣੀ ਮੁਢਲੀ ਪੜ੍ਹਾਈ ਪਿੰਡ ਦੁਗਾਲ ਦੇ ਸਕੂਲ ਤੋਂ ਕੀਤੀ। ਉਹਨਾਂ ਨੇ ਦੁਗਾਲ ਦੀ ਜ਼ਮੀਨ ਤੇ 1972 ਈ ਤੋਂ ਲੈ ਕੇ 1982 ਈ ਤੱਕ ਤੱਕ ਖੇਤੀ ਕਰਵਾਈ। ਅਮਰੀਕਾ ਜਾ ਕੇ ਉਹਨਾਂ ਨੇ 3 ਘਰ ਅਤੇ 9 ਵਪਾਰ ਖ਼ਰੀਦੇ। ਉਹਨਾਂ ਦੀ ਪਤਨੀ ਦਾ ਨਾਂ ਸਤਪਾਲ ਕੌਰ ਹੈ ਜੋ ਕਿ ਯੂ.ਪੀ ਦੇ ਵੱਡੇ ਜਿਮੀਦਾਰ ਪਰਿਵਾਰ ਦੀ ਲੜਕੀ ਹੈ। ਇਸ ਵਿਵਾਹਤ ਜੋੜੀ ਦੇ ਦੋ ਪੁੱਤਰ ਹਨ। ਜਿਹਨਾਂ ਦੇ ਨਾਂ ਪਰਦੀਪ ਸਿੰਘ ਅਤੇ ਅਮਰਦੀਪ ਸਿੰਘ ਹੈ। ਦੋਨੋਂ ਅਮਰੀਕਾ ਵਿਚ ਰਹਿੰਦੇ ਹਨ। ਪਰਦੀਪ ਸਿੰਘ ਅਧਿਆਪਕ ਹੈ ਤੇ ਭੁੱਲਰ ਲੜਕੀ ਨਾਲ ਵਿਆਹਿਆ ਹੋਇਆ ਹੈ। ਛੋਟਾ ਪੁੱਤਰ ਅਮਰਦੀਪ ਸਿੰਘ ਡਾਕੂਮੈਂਟਰੀ ਫਿਲਮਾਂ ਬਣਾਉਂਦਾ ਹੈ। 2009 ਅਤੇ 2012 ਵਿਚ ਉਸ ਨੂੰ ਅਮਰੀਕਾ ਵਿਚ ਐਮੀ ਐਵਾਰਡ ਨਾਲ ਸਨਮਨਿਤ ਕੀਤਾ। ਉਸ ਨੇ ਕਾਂਗਰਸ ਦੀ ਇਲੈਕਸ਼ਨ ਵੀ ਲੜੀ, ਪਰ ਹਾਰ ਗਿਆ।

ਸਤਵੰਤ ਨੇ 5 ਅਗਸਤ 2012 ਨੂੰ ਗੁਰਦੁਆਰੇ ਦੀ ਸੰਗਤ ਦੀ ਰੱਖਿਆ ਕਰਦਿਆਂ ਹੋਇਆਂ ਪ੍ਰਧਾਨਗੀ ਦਾ ਪੂਰਾ ਫ਼ਰਜ਼ ਨਿਭਾਇਆ ਅਤੇ ਬਹਾਦਰੀ ਨਾਲ ਸ਼ਹੀਦ ਹੋ ਗਿਆ। ਮੇਰੇ ਭਰਾ ਜਗਜੀਤ ਸਿੰਘ. ਸਤਵੰਤ ਸਿੰਘ, ਗੁਰਵੰਤ ਸਿੰਘ ਅਤੇ

ਉਹਨਾਂ ਦੇ ਬੱਚੇ ਮਿਲਵਾਕੀ ਇਲਾਕੇ ਵਿਚ ਬਹੁਤ ਮਸ਼ਹੂਰ ਹਨ। ਉਹ ਸਕੂਲ ਜਿਥੇ ਸਤਵੰਤ ਸਿੰਘ ਬਚਪਨ ਵਿੱਚ ਪੜ੍ਹਿਆ ਸੀ ਉਸ ਸਕੂਲ ਦਾ ਨਾਂ ਸਤਵੰਤ ਸਿੰਘ ਦੇ ਨਾਂ ਉਤੇ ਹੀ ਹੈ। ਉਸ ਦੀ ਅਤੇ ਪੰਜ ਹੋਰ ਸ਼ਹੀਦ ਵਿਅਕਤੀਆਂ ਦੀ ਯਾਦ ਵਿਚ ਅਮਰੀਕਾ ਦਾ ਝੰਡਾ 8,9 ਅਤੇ 10 ਅਗਸਤ 2012 ਨੂੰ ਝੁਕਿਆ ਰਿਹਾ।

**8) ਗੁਰਵੰਤ ਸਿੰਘ–** ਇਸ ਨੇ 1970 ਵਿਚ ਬੀ.ਏ ਪ੍ਰਾਈਵੇਟਲੀ ਪਾਸ ਕੀਤੀ ਤੇ ਵੱਡੇ ਭਰਾ ਸਤਵੰਤ ਸਿੰਘ ਨਾਲ ਮਿਲਕੇ ਜ਼ਮੀਨ ਦੀ ਦੇਖਭਾਲ ਵੀ ਕੀਤੀ। 1978 ਵਿਚ ਉਹ ਅਮਰੀਕਾ ਰਵਾਨਾ ਹੋ ਗਏ। ਇਹਨਾਂ ਦਾ ਵਿਆਹ ਪਿੰਡ ਧੌਲੇ ਦੀ ਇੱਕ ਧਾਲੀਵਾਲ ਲੜਕੀ ਨਾਲ ਹੋਇਆ। ਇਹ ਅਤੇ ਇਹਨਾਂ ਦੀ ਪਤਨੀ ਪਰਮਿੰਦਰ ਦੀ ਬਹੁਤ ਚੰਗੀ ਟੀਮ ਹੈ ਜੋ ਰਸੀਨ ਅਤੇ ਮਿਲਵਾਕੀ ਇਲਾਕੇ ਵਿਚ ਬਹੁਤ ਵਪਾਰ ਕਰਦੇ ਹਨ। ਇਸ ਤੋਂ ਇਲਾਵਾ ਇਹਨਾਂ ਦਾ ਰਸੀਨ ਵਿਚ ਇੱਕ ਸਕੂਲ ਵੀ ਹੈ। ਇਹਨਾਂ ਦੇ 3 ਬੱਚੇ ਹਨ। ਵੱਡਾ ਲੜਕਾ ਕੰਵਰ ਜੋ ਕਿ ਐਮ.ਡੀ. ਪੀਐੱਚ.ਡੀ ਡਾਕਟਰ ਹੈ ਅਤੇ ਹੁਣ ਕੈਲੀਫੋਰਨੀਆ ਤੋਂ ਰੈਸੀਡੈਂਸੀ ਕਰ ਰਿਹਾ ਹੈ। ਲੜਕੀ ਸੀਮੂ ਵਕਾਲਤ ਕਰ ਰਹੀ ਹੈ। ਸਭ ਤੋਂ ਛੋਟਾ ਲੜਕਾ ਬਾਜੀ ਹੈ ਜੋ ਕਿ ਛੋਟੀਆਂ ਕਲਾਸਾਂ ਵਿਚ ਹੈ।

**9) ਹਰਿੰਦਰ ਕੌਰ–** ਇਹ ਸਭ ਬੱਚਿਆਂ ਵਿਚੋਂ ਸਭ ਤੋਂ ਛੋਟੀ ਸੰਤਾਨ ਹੈ। ਇਸ ਨੇ ਗਰੈਜੂਏਸ਼ਨ ਗਵਰਮੈਂਟ ਕਾਲਜ ਫਾਰ ਵੂਮੈਨ ਪਟਿਆਲਾ ਤੋਂ ਕੀਤੀ। ਇਸ ਦਾ ਵਿਆਹ 1974 ਵਿਚ ਹੋਇਆ। ਇਹਨਾਂ ਦੇ ਪਤੀ ਸ. ਸੁਰਜੀਤ ਸਿੰਘ ਰੱਖੜਾ ਜੋ ਕਿ ਜਾਣੇ ਪਛਾਣੇ ਪਾਲੀਟੀਸ਼ਨ ਹਨ ਅਤੇ ਬਹੁਤ ਹੀ ਨਰਮ ਦਿਲ ਵਾਲੇ ਹਨ। ਇਹ ਅਕਾਲੀ ਪਾਰਟੀ ਵਿਚ ਸੀਨੀਅਰ ਆਗੂ ਹਨ ਅਤੇ 2012-2017 ਵਿਚ ਕੈਬਨਿਟ ਰੈਂਕ ਦੇ ਮੰਤਰੀ ਰਹੇ। ਇਹਨਾਂ ਦਾ ਇੱਕ ਲੜਕਾ ਅਤੇ ਲੜਕੀ ਹੈ ਜੋ ਖੁਸ਼ਹਾਲ ਵਿਵਾਹਿਤ ਜੀਵਨ ਬਤੀਤ ਕਰ ਰਹੇ ਹਨ। ਇਹ ਆਰਥਿਕ ਤੌਰ ਤੇ ਅੱਛੇ ਸਥਾਪਿਤ ਹਨ।

ਮੇਰੇ ਪਿਤਾ ਜੀ ਨੇ ਆਪਣੇ ਸੀਮਤ ਸਾਧਨਾਂ ਦੇ ਬਾਵਜੂਦ ਮੈਨੂੰ ਅਤੇ ਸਾਰੇ 8 ਭੈਣ ਭਰਾਵਾਂ ਨੂੰ ਪੜ੍ਹਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਇਹ ਸਾਡੀ ਵਿੱਦਿਆ ਹੀ ਸੀ ਜਿਸ ਨੇ ਸਾਰੇ ਪਰਿਵਾਰ ਨੂੰ ਅਮਰੀਕਾ ਵਿਚ ਬਹੁਤ ਕਾਮਯਾਬ ਕੀਤਾ। ਮੈਂ ਮਹਿਸੂਸ ਕੀਤਾ ਕਿ ਮੇਰੇ ਛੋਟੇ ਭਰਾ ਸਤਵੰਤ ਸਿੰਘ ਤੇ ਗੁਰਵੰਤ ਸਿੰਘ ਯੂਨੀਵਰਸਿਟੀ ਪੜ੍ਹਨ ਨਹੀਂ ਗਏ। ਇਸ ਦੇ ਬਾਵਜੂਦ ਵੀ ਉਹਨਾਂ ਨੇ ਅਮਰੀਕਾ ਵਿਚ ਬਹੁਤ ਤਰੱਕੀ ਕੀਤੀ।

# ਅਮਰੀਕਾ ਦੀ ਛੋਟੀ ਫੇਰੀ

ਬੱਚਿਆਂ ਦੇ ਵਾਰ-ਵਾਰ ਕਹਿਣ 'ਤੇ ਮੈਂ ਤੇ ਮੇਰੀ ਪਤਨੀ ਜਸਮਿੰਦਰ ਕੌਰ ਸੱਤ ਸਾਲ ਸੱਤ ਮਹੀਨਿਆਂ ਬਾਅਦ ਤਕਰੀਬਨ ਦੋ ਮਹੀਨਿਆਂ ਲਈ 2 ਜੁਲਾਈ 2018 ਨੂੰ ਅਮਰੀਕਾ ਪਹੁੰਚੇ। ਵੱਡਾ ਲੜਕਾ ਗੁਰਮੀਤ ਬਹੁਤ ਅੱਛੇ ਕਾਰੋਬਾਰ ਚਲਾ ਰਿਹਾ ਹੈ। ਉਸ ਨੇ ਸਾਡੇ ਮਾਣ ਲਈ ਮਿਲਵਾਕੀ ਅਤੇ ਐਪਲਟਨ ਤੋਂ 80 ਕੁ ਮਹਿਮਾਨ ਬੁਲਾਏ ਅਤੇ ਆਪਣੇ ਘਰ ਦੀ ਖੁੱਲ੍ਹੀ ਜਗ੍ਹਾ ਵਿਚ ਪਿਕਨਿਕ ਮਨਾਈ। ਅਸੀਂ ਬੱਚਿਆਂ ਤੋਂ ਇਲਾਵਾ ਹੋਰ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਮਿਲ ਸਕੇ। ਨਾਲ ਹੀ ਸਾਨੂੰ ਮਹਿਸੂਸ ਹੋਇਆ ਕਿ ਸਾਡੇ ਬੱਚੇ ਆਪਣੇ ਪਰਿਵਾਰਾਂ ਨੂੰ ਅੱਛੀ ਤਰ੍ਹਾਂ ਪਾਲ ਰਹੇ ਹਨ ਅਤੇ ਸਮਾਜਿਕ ਤੌਰ 'ਤੇ ਵੀ ਤਰੱਕੀ ਕਰ ਰਹੇ ਹਨ। ਸਾਡੀ ਵੱਡੀ ਨੂੰਹ ਗੁਨਮੀਤ ਫੈਮਿਲੀ ਪ੍ਰੈਕਟਿਸ ਵਿਚ ਅੱਛਾ ਨਾਮਣਾ ਕਮਾ ਰਹੀ ਹੈ। ਵੱਡੀ ਪੋਤੀ ਮਨਦੀਪ ਬਹੁਤ ਲੰਬੀ ਹੋ ਗਈ ਹੈ ਅਤੇ ਸਿਆਣੀ ਵੀ। ਵੱਡਾ ਪੋਤਾ ਜਸਦੀਪ ਸਾਡੇ ਨਾਲ ਬਹੁਤ ਮੋਹ ਕਰਦਾ ਹੈ।

ਛੋਟਾ ਲੜਕਾ ਗੁਰਜੀਤ ਵੀ ਇਸੇ ਸ਼ਹਿਰ ਨੀਨਾ ਵਿਚ ਇਕ ਅੱਛਾ ਮਕਾਨ ਲੈ ਲਿਆ ਹੈ। ਉਹ ਅਤੇ ਉਸ ਦੀ ਪਤਨੀ ਰਵਨੀਤ ਅਰੋਰਾ ਹਸਪਤਾਲ, ਓਸ਼ਕੋਸ਼ ਵਿਚ ਕੰਮ ਕਰਦੇ ਹਨ। ਇਸ ਜੋੜੀ ਨੇ ਵੀ ਓਕਰਿਜ ਰੋਡ ਦੇ 'ਸਾਡੇ ਪਹਿਲੇ ਮਕਾਨ ਦੇ ਕੋਲ ਇਕ ਚਾਲੀ ਏਕੜ ਦਾ ਪਲਾਟ ਖ਼ਰੀਦ ਲਿਆ ਹੈ। ਉਸ ਵਿਚ ਚਾਰ ਏਕੜ ਝੀਲ ਵੀ ਹੈ। ਇਹਨਾਂ ਦੇ ਦੋ ਬੱਚੇ ਕਾਕਾ ਜੈ ਵੀਰ ਸਿੰਘ ਅਤੇ ਬੱਚੀ ਜੀਆ ਕੌਰ ਸਾਨੂੰ ਬਹੁਤ ਪਿਆਰ ਕਰਦੇ ਰਹੇ। ਸਾਡੀ ਇਸ ਫੇਰੀ ਨਾਲ ਸਾਨੂੰ ਬਹੁਤ ਤਸੱਲੀ ਹੋਈ ਕਿ ਜੋ ਫ਼ੈਸਲਾ ਅਸੀਂ 1993 ਵਿਚ ਲਿਆ ਸੀ, ਉਹ ਬਹੁਤ ਚੰਗਾ ਸੀ। ਉਸ ਦੇ ਫਲ ਅਤੇ ਫੁੱਲ ਸਾਨੂੰ ਮਹਿਕਦੇ ਹੋਏ ਨਜ਼ਰ ਆਉਂਦੇ ਹਨ।



Capt. Amarjit Singh Kaleka

## ਲੇਖਕ ਬਾਰੇ

ਜਨਮ ਮਿਤੀ: 13 ਜਨਵਰੀ, 1943

ਵਿਦਿਆ: ਐੱਮ.ਏ (ਪੋਲੀਟੀਕਲ ਸਾਇੰਸ, ਧਰਮ ਅਧਿਐਨ, ਸਿੱਖ ਸਟੱਡੀਜ਼)

ਕੈਰੀਅਰ: 1963 ਵਿਚ ਆਰਮੀ ਅਫ਼ਸਰ ਦੇ ਤੌਰ 'ਤੇ ਜਾਇਨ ਕੀਤਾ 1965 ਦੀ ਭਾਰਤ ਪਾਕਿਸਤਾਨ ਦੀ ਲੜਾਈ ਵਿਚ ਬਹਾਦਰੀ ਲਈ।

ਅਸਿਸਟੈਂਟ ਪ੍ਰੋਫੈਸਰ (ਪੋਲੀਟੀਕਲ ਸਾਇੰਸ) ਪੰਜਾਬ ਸਰਕਾਰੀ ਕਾਲਜ ਟਾਂਡਾ ਅਤੇ ਨਾਭਾ (1971-74)

1974 ਵਿਚ ਪੀ.ਸੀ.ਐੱਸ. ਦੇ ਇਮਤਿਹਾਨ ਦੇ ਆਧਾਰ ਤੇ ਬਤੌਰ ਈ.ਟੀ.ਓ. ਜਾਇਨ ਕੀਤਾ

ਜਨਵਰੀ 2001 ਵਿਚ ਐਡੀਸ਼ਨਲ ਆਬਕਾਰੀ ਅਤੇ ਕਰ ਕਮਿਸ਼ਨਰ ਪੰਜਾਬ, ਰਿਟਾਇਰ ਹੋਏ

1993-1998 ਅਤੇ 2002-2010 ਤੱਕ ਅਮਰੀਕਾ ਵਿਚ ਵਪਾਰ ਕੀਤਾ

ਸ਼ੌਂਕ: ਗੁਰਬਾਣੀ ਜਾਪ, ਅਧਿਆਤਮਿਕ ਅਤੇ ਸਾਹਿਤਕ ਪੁਸਤਕਾਂ ਪੜ੍ਹਨਾ, ਗੋਲਫ਼ ਖੇਡਣਾ ਅਤੇ ਬਾਗ਼ਬਾਨੀ।

---

ਪ੍ਰੋਫੈਸਰ ਸਾਹਿਬ, ਜਿਵੇਂ ਮੈਂ ਹਮੇਸ਼ਾਂ ਪਿਆਰ ਨਾਲ ਇਹਨਾਂ ਨੂੰ ਸੰਬੋਧਨ ਕਰਦਾ ਹਾਂ, ਕਿਉਂਕਿ 1972 ਤੋਂ 1974 ਤੱਕ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਇਹ ਮੇਰੇ ਅਧਿਆਪਕ ਸਨ। ਇਹ ਮੇਰੇ ਜੀਵਨ ਵਿਚ ਮੇਰਾ ਆਦਰਸ਼ ਰਹੇ ਹਨ। ਇਹਨਾਂ ਨੇ ਜ਼ਿੰਦਗੀ ਵਿਚ ਜੋ ਵੀ ਕੰਮ ਕੀਤਾ ਭਾਵੇਂ ਸੈਨਾ ਵਿਚ ਆਰਮੀ ਅਫ਼ਸਰ ਵਜੋਂ, ਅਧਿਆਪਣ ਦੇ ਖੇਤਰ ਵਿਚ ਇਕ ਪ੍ਰੋਫੈਸਰ ਵਜੋਂ, ਆਬਕਾਰੀ ਅਤੇ ਕਰ ਅਫ਼ਸਰ ਵਿਭਾਗ ਵਿਚ ਇਕ ਉੱਚ ਅਫ਼ਸਰ ਵਜੋਂ ਜਾਂ ਫਿਰ ਅਮਰੀਕਾ ਵਿਚ ਵਪਾਰ ਦੀ ਗੱਲ ਹੋਵੇ, ਇਹਨਾਂ ਨੇ ਹਰ ਕਾਰਜ ਨੂੰ ਬਹੁਤ ਹੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਕੀਤਾ। ਇਹਨਾਂ ਨੂੰ ਮਿਲਣ ਵਾਲਾ ਹਰ ਇਨਸਾਨ ਇਹਨਾਂ ਦੇ ਸ਼ਖ਼ਸ਼ੀ ਗੁਣਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ।

ਦੂਸਰੀ ਪੁਸਤਕ ਦੀ ਪ੍ਰਕਾਸ਼ਨ ਤੇ ਮੈਂ ਇਹਨਾਂ ਨੂੰ ਦਿਲੋਂ ਮੁਬਾਰਕਬਾਦ ਦਿੰਦਾ ਹਾਂ। ਮੈਨੂੰ ਪੂਰਣ ਵਿਸ਼ਵਾਸ ਹੈ ਕਿ ਪਾਠਕ ਇਸ ਪੁਸਤਕ ਤੋਂ ਬਹੁਤ ਕੁੱਝ ਸਿੱਖਣਗੇ।

ਸੁਰਜੀਤ ਸਿੰਘ ਰੱਖੜਾ, ਸਾਬਕਾ ਕੈਬਨਿਟ ਮੰਤਰੀ, ਪੰਜਾਬ

---

ਸ. ਅਮਰਜੀਤ ਸਿੰਘ ਕਾਲੇਕਾ ਅਧਿਆਤਮਕ ਪ੍ਰਵਿਰਤੀ ਵਾਲੀ ਅਜਿਹੀ ਸ਼ਖ਼ਸੀਅਤ ਹੈ ਜੋ ਨਿਰਉਚੇਚ ਰੂਪ ਵਿਚ ਰੋਜ਼ਮਰਾ ਦੇ ਦੁਨਿਆਵੀ ਜੀਵਨ ਨੂੰ ਅਨੰਦਮਈ ਰੂਪ ਵਿਚ ਤਬਦੀਲ ਕਰਨ ਦੀ ਸਮਰੱਥਾ ਰੱਖਦੀ ਹੈ ਅਤੇ ਮਨੁੱਖੀ ਹੋਂਦ ਦੀ ਚੰਚਲਤਾ ਦੇ ਅਗਰਦੂਤ ਵੱਜੋਂ ਕਾਰਜ ਕਰਦੀ ਹੈ। ਇਸੇ ਪ੍ਰਕਾਰ ਸਾਡੇ ਜੀਵਨ ਵਿਵਹਾਰ ਵਿਚ ਆਉਣ ਵਾਲੀਆਂ ਪੀੜ੍ਹੀਆਂ ਦੀ ਪ੍ਰੇਰਨਾ ਲਈ ਬਾਰੀਕਬੀਨੀ ਨਾਲ ਇਕ ਪ੍ਰੇਰਨਾਤਮਕ ਜੀਵਨ ਬਿਰਤਾਂਤ ਦੀ ਸਿਰਜਨਾ ਕੀਤੀ ਹੈ। ਇਹਨਾਂ ਦੀਆਂ ਦੈਵੀ ਮਿਹਰ ਨਾਲ ਭਰਪੂਰ ਈਮਾਨਦਾਰੀ ਅਤੇ ਨਿਮਰਤਾ ਵਾਲੀਆਂ ਗਤੀਵਿਧੀਆਂ ਉਹਨਾਂ ਲੋਕਾਂ ਲਈ ਇਕ ਉਦਾਹਰਣ ਹਨ ਜੋ ਆਪਣੇ ਪਦਾਰਥਕ ਉਪਲਕਸ਼ਾਂ ਦੇ ਨਾਲ-ਨਾਲ ਅਧਿਆਤਮਕ ਅਕੀਦਿਆਂ ਵਿਚ ਵਧੇਰੇ ਅਮੀਰ ਹੋਣਾ ਲੋਚਦੇ ਹਨ।

ਡਾ. ਤਾਰਿਕਾ ਸੰਧੂ
ਮਨੋਵਿਗਿਆਨ ਸ਼ਾਸਤਰ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ISBN: 978-93-84789-86-2
978-93-84789-86-2
Price: ₹175/- US $ 5/-